
ISSN: 2277-9930

71

ਜਨਵਰੀ-ਮਾਰਚ 2022

# ਪ੍ਰਤਿਮਾਨ

ਮੁੱਲ: 50/-




## ਕਵਿਤਾਵਾਂ / ਚਰਨ ਸਿੰਘ

### ਜ਼ਿੰਦਗੀ

ਭਿੱਜਿਆ ਹੈ ਬਦਨ
ਨਾ ਬੱਦਲ ਹੈ
ਨਾ ਸਾਵਣ ਹੈ
ਕੈਸਾ ਹੈ ਮੌਸਮ
ਇਹ ਕੈਸੀ ਝੜੀ ਹੈ
ਵਿਹੜੇ 'ਚ ਪਏ
ਪੱਥਰ ਤੇ ਵਰ੍ਹਨ ਪਿਛੋਂ
ਨੁਚੜੀ ਬਦਲੀ ਕੋਈ
ਬੂਹੇ ਤੇ ਖੜ੍ਹੀ ਹੈ

ਤੂੰ ਕੀ ਤੱਕਿਆ
ਅਸੀਂ ਆਪਣੀ
ਸ਼ਨਾਖਤ ਗੁਆ ਬੈਠੇ
ਕੀ ਕਰਨੀ ਹੈ ਕਿਸੇ
ਲੰਬੀ ਉਮਰ
ਜ਼ਿੰਦਗੀ ਜਿਉਣ ਲਈ
ਉਮਰ ਤਾਂ
ਤੇਰੀ ਪਲਕ ਝਪਕਣ
ਜਿੱਡੀ ਹੀ ਬੜੀ ਹੈ

ਜ਼ਿੰਦਗੀ ਦਾ
ਕੀ ਹਾਸਿਲ ਹੈ
ਕੀ ਮਨਫ਼ੀ ਹੈ
ਜ਼ਿੰਦਗੀ ਤਾਂ
ਜਮਾ ਘਟਾਉ 'ਚ
ਤਕਸੀਮੀ ਗਈ ਹੈ
ਕੁਝ ਨਾ ਹੁੰਦਾ
ਤਾਂ ਕੁਝ ਨਾ ਹੋਣ ਤੋਂ
ਬੇਹਤਰ ਸੀ
ਜ਼ਿੰਦਗੀ ਹਕੀਕਤ 'ਚ
ਕੁਝ ਇਸ ਤਰਾਂ
ਕੱਟੀ ਗਈ ਹੈ।



### ਤੇਰਾ ਜਾਣਾ

ਜੋ ਹਵਾ
ਤੇਰੇ ਦਾਮਨ ਨੂੰ ਛੋਹ ਕੇ ਆਏ
ਖੁਸ਼ਬੂ ਦੀ ਤਰਾਂ ਮਹਿਕੇ
ਜਿਧਰ ਵੀ ਜਾਏ
ਜੀਵੇ ਕੋਈ
ਮੌਤ ਤੋਂ ਪਹਿਲਾਂ ਵੀ
ਤੇ ਪਿਛੋਂ ਵੀ ਮਰ ਕੇ
ਜ਼ਿੰਦਗੀ ਜਿਉਣ ਦਾ
ਅਹਿਸਾਸ ਹੋ ਜਾਏ
ਇਹ ਤੇਰਾ
ਬਣ ਠਣ ਕੇ ਨਿਕਲਣਾ
ਸਹਿਰਾ 'ਚ ਬੱਦਲ
ਵੀਰਾਨੇ 'ਚ
ਬਾਹਰ ਆ ਜਾਏ

ਤੇਰਾ ਆਉਣਾ ਹੈ
ਸੂਰਜ ਦਾ ਉਦੈ ਹੋਣਾ
ਤੇਰਾ ਜਾਣਾ
ਤਲੀ ਤੇ ਮੌਤ ਧਰ ਜਾਏ

ਤੇਰੀ ਪਿਆਸ ਦੀ
ਕੋਈ ਪਿਆਸ ਕੀ ਜਾਣੇ
ਡੀਕ ਜਾਏ ਸਾਗਰ
ਪਲਾਂ 'ਚ ਸਹਿਰਾ
ਨਿਕਲ ਜਾਏ
ਤੇਰੇ ਤੋਂ ਮੋੜੀਆਂ
ਜਿਸ ਸ਼ਖਸ ਨੇ ਨਜ਼ਰਾਂ
ਜੀਵੇ ਜੂਨ ਕਬਰਾਂ ਦੀ
ਜਿਉਂਦੇ ਜੀਅ ਹੀ ਮਰ ਜਾਏ

### ਉਦਾਸੀ

ਪੁਛਿਆ ਗਲੀ ਦੇ ਮੋੜ ਤੋਂ
ਤੇਰਾ ਹਾਲ ਕਈ ਵਾਰੀ
ਦੱਸਿਆ-
ਘਰ ਉਦਾਸ ਨੇ
ਗਲੀਆਂ ਵਿਹੜੇ ਉਦਾਸ ਨੇ
ਕੰਧਾਂ ਤੇ ਛੱਤਾਂ ਉਦਾਸ ਨੇ
ਉਦਾਸ ਚਿਹਰੇ
ਇਸ ਸ਼ਹਿਰ ਦੇ ਪਾਸ ਨੇ
ਸ਼ਹਿਰ ਉਦਾਸ
ਚਿਹਰਿਆਂ ਦਾ
ਲਿਬਾਸ ਨੇ
ਨਾ ਸ਼ਹਿਰ ਦਾ
ਚਿਹਰਿਆਂ ਕੋਲ ਪਤਾ ਹੈ
ਨਾ ਚਿਹਰਿਆਂ ਦਾ ਪਤਾ
ਸ਼ਹਿਰ ਪਾਸ ਹੈ

ਸ਼ਹਿਰ ਦੀ
ਹਵਾ ਅਗਨ
ਜਲ ਉਦਾਸ ਹੈ
ਸ਼ਹਿਰ ਦੀ ਧਰਤੀ
ਆਕਾਸ਼ ਉਦਾਸ ਹੈ
ਸ਼ਹਿਰ ਦੀਆਂ ਅੱਖਾਂ 'ਚ
ਉਦਾਸੀ ਤੋਂ ਬਿਨਾ ਕੁਝ ਨਹੀਂ
ਪੁੱਛੇ ਕੋਈ ਸ਼ਹਿਰ ਤੋਂ
ਰੰਗ ਲਹੂ ਦਾ
ਬੋਲਾਂ ਤੋਂ ਅਰਥਾਂ ਤੱਕ ਦੇ
ਪਿੰਡੇ ਉਦਾਸ ਨੇ।

# ਪ੍ਰਤਿਮਾਨ

ਪੰਜਾਬੀ ਸਾਹਿਤ, ਸੱਭਿਆਚਾਰ ਅਤੇ ਭਾਸ਼ਾ ਦੇ ਬਦਲਦੇ ਰੁਝਾਨਾਂ ਨੂੰ ਰੇਖਾਂਕਿਤ ਕਰਦਾ ਤ੍ਰੈਮਾਸਿਕ ਮੈਗਜ਼ੀਨ

ਜਨਵਰੀ-ਮਾਰਚ 2022 ਅੰਕ 71

**ISSN: 2277-9930**

**RNI No. PUNPUN/2006/16230**

ਸੰਪਾਦਕ (ਆਨਰੇਰੀ)

**ਡਾ. ਅਮਰਜੀਤ ਕੌਂਕੇ**

ਪ੍ਰਬੰਧ ਸੰਪਾਦਕ

**ਗਗਨਦੀਪ ਸਿੰਘ**

ਰਚਨਾਵਾਂ ਭੇਜਣ ਲਈ ਪਤਾ



ਡਾ. ਅਮਰਜੀਤ ਕੌਂਕੇ
718, ਰਣਜੀਤ ਨਗਰ-ਏ
ਪਟਿਆਲਾ-147001 (ਪੰਜਾਬ)
98142-31698
E-mail: pratimaan@yahoo.co.in
www.pratimaan.in



ਸਲਾਹਕਾਰ

ਡਾ. ਜਸਵਿੰਦਰ ਸਿੰਘ, ਡਾ. ਰਵੇਲ ਸਿੰਘ, ਡਾ. ਸਰਬਜੀਤ ਸਿੰਘ, ਡਾ. ਰਵੀ ਰਵਿੰਦਰ ਡਾ. ਆਤਮ ਰੰਧਾਵਾ, ਸੁਰਿੰਦਰ ਗੀਤ (ਕੈਨੇਡਾ)



TITLE PAINTING BY

**BIMAL BISHWAS**

ਕਨਸੈਪਟ, ਕੰਪੋਜ਼ਿੰਗ ਅਤੇ ਡੀਜ਼ਾਈਨਿੰਗ

ਰਾ ਡੀਜ਼ਾਇਨਜ਼,ਪਟਿਆਲਾ।
97810-33133
E-mail: raadesigns89@gmail.com

ਸਹਿਯੋਗ ਰਾਸ਼ੀ

ਇੱਕ ਅੰਕ: 50/-, ਵੀਹ ਅੰਕ (5 ਸਾਲ): 1000/-
ਜੀਵਨ ਮੈਂਬਰਸ਼ਿਪ: 2500/-, ਵਿਦੇਸ਼: $200

ਸਹਿਯੋਗ ਰਾਸ਼ੀ 'ਪ੍ਰਤਿਮਾਨ' ਦੇ ਨਾਂ 'ਤੇ ਭੇਜੀ ਜਾਵੇ

PRATIMAAN
718-Ranjit Nagar-A
Patiala. (Punjab) India
Mob. 098142-31698
E-mail: pratimaan@yahoo.co.in

Hon. Editor : Dr. Amarjeet Kaunke


## ਤਰਤੀਬ


ਸੰਪਾਦਕੀ / 2

ਮੁਲਾਕਾਤ / ਜਸਬੀਰ ਢੰਡ / 6

### ਕਹਾਣੀਆਂ

ਚਿਹਰੇ ਹੁਸੀਨੇ ਜਿਹੇ / ਸੁਖਮਿੰਦਰ ਸੇਖੋਂ 3, ਭੁੱਬਲ ਦੀ ਅੱਗ / 11, ਸ਼ਰੀਕ / ਮੁਹੰਮਦ ਇਮਤਿਆਜ਼ / 16, ਮਿੰਨੀ ਕਹਾਣੀਆਂ : ਪ੍ਰਤਾਪ ਸਿੰਘ ਸੋਢੀ / 19,

### ਕਵਿਤਾ / ਗ਼ਜ਼ਲ / ਗੀਤ

ਸ਼ਮੀਲ, ਇਕਬਾਲ ਸੋਮੀਆ / 5, ਰਜਨੀਸ਼ ਜੱਸ / 9, ਗੁਰਨਾਮ ਢਿੱਲੋਂ, ਅੰਜਨਾ ਮੈਨਨ / 10, ਜਗਦੀਪ ਤੂਰ / 13, ਡਾ. ਸੁਮਨ ਦਿਵੇਦੀ, ਦੀਪ ਸਾਰਸਵਤ ਪ੍ਰਤਿਮਾ / 14, ਰਮੇਸ਼ ਪ੍ਰਜਾਪਤੀ, ਲਕਸ਼ਮੀਕਾਂਤ ਮੁਕੁਲ / 15, ਪਰਮਿੰਦਰ ਸਿੰਘ, ਡਿੰਪਲ ਰਾਠੌੜ, ਅੰਜਨਾ ਚੱਢਾ / 18, ਨਰਿੰਦਰਪਾਲ ਕੌਰ, ਪ੍ਰੋ. ਜਗਜੀਤ ਜੱਗੀ, ਮਨਿੰਦਰ ਕੌਰ ਬੱਸੀ / 20, ਪ੍ਰਭਜੋਤ ਸੋਹੀ / 25, ਸ਼੍ਰੀਬਿਲਾਸ਼ ਸਿੰਘ, ਦੇਵਿੰਦਰ ਆਰੀਆ, ਅਸ਼ੀਸ਼ ਮੋਹਨ / 26, ਡਾ. ਪਦਮਜਾ ਸ਼ਰਮਾ, ਦੀਨ ਦਿਆਲ ਸ਼ਰਮਾ, ਚਰਨਜੀਤ ਸਮਾਲਸਰ / 27, ਕੁਲਦੀਪ ਸਿੰਘ ਦੀਪ (ਡਾ.) / 30, ਰਵੇਲ ਪੁਸ਼ਪ, ਰਮੇਸ਼ ਕੁਮਾਰ / 31, ਡਾ. ਰਾਕੇਸ਼ ਤਿਲਕ ਰਾਜ, ਰੁਪਿੰਦਰ ਸ਼ੇਖਰ ਸੁਮਨ, ਹਰਪ੍ਰੀਤ / 35, ਬਲਵਿੰਦਰ ਸਿੰਘ ਭੱਟੀ / 40, ਜਸਪਾਲ ਘਈ / 43, ਤੇਜਿੰਦਰ ਚੰਡਿਹੋਕ / 45

### ਆਲੋਚਨਾ ਨਿਬੰਧ / ਰੀਵੀਊ

ਬਰਤਾਨਵੀ ਮਰਦ ਅਤੇ ਇਸਤਰੀ ਨਾਵਲਕਾਰਾਂ ਦੇ ਮਰਦ ਪਾਤਰ : ਤੁਲਨਾਤਮਕ ਅਧਿਐਨ / ਸੰਦੀਪ ਕੌਰ / 21, ਕਹਾਣੀ ਤੇ ਨਿੱਕੀ ਕਹਾਣੀ ਨਾਲ ਸੰਬੰਧਿਤ ਮਨੁੱਖੀ ਅਨੁਭਵ / ਦਲਵੀਰ ਕੌਰ / 28, ਅਜਮੇਰ ਸਿੰਘ ਔਲਖ ਰਚਿਤ ਨਾਟਕ 'ਝਨਾਂ ਦੇ ਪਾਣੀ' ਵਿਚ ਮਲਵਈ ਕਿਸਾਨੀ ਦੇ ਦੁਖਾਂਤ ਦੀ ਪੇਸ਼ਕਾਰੀ / ਕੰਵਲਜੀਤ ਕੌਰ / 32, ਆਧੁਨਿਕ ਪੰਜਾਬੀ ਨਾਵਲ ਦੀ ਇਤਿਹਾਸਿਕ ਰੂਪ ਰੇਖਾ / ਇਕਬਾਲ ਸਿੰਘ / 36, ਪੰਜਾਬ ਦੇ ਲੋਕ ਨਾਟ-ਰੂਪਾਂ ਦਾ ਸਭਿਆਚਾਰਕ ਅਧਿਐਨ / ਪਰਮਪਾਲ ਸਿੰਘ / 40, ਲਟ ਲਟ ਬਲਦਾ ਦੀਵਾ / ਲਾਜ ਨੀਲਮ ਸੈਣੀ / ਡਾ. ਪੁਸ਼ਵਿੰਦਰ ਕੌਰ / 44, ਗੁਰਪ੍ਰੀਤ ਮਾਨਸਾ ਦੁਆਰਾ ਰਚਿਤ ਕਾਵਿ-ਪੁਸਤਕ 'ਰਾਹਕ' ਵਿਚਲੀ ਹਾਇਕੂ ਸੰਵੇਦਨਾ / ਡਾ. ਸਿਮਰਨਜੀਤ ਸਿੰਘ / 46



ਡੀ.ਪੀ.ਆਈ (ਸਕੂਲਜ਼), ਪੰਜਾਬ ਦੇ ਪੱਤਰ ਨੰਬਰ 4/2-2006, ਐਡੀਟਰ ਪੰਜਾਬੀ, ਮਿਤੀ 18/8/2006 ਅਨੁਸਾਰ 'ਪ੍ਰਤਿਮਾਨ' ਸਾਰੇ ਸਕੂਲਾਂ ਅਤੇ ਕਾਲਜਾਂ ਲਈ ਪ੍ਰਵਾਨਿਤ ਹੈ।



* ਪ੍ਰਤਿਮਾਨ ਦੇ ਸੰਪਾਦਕ ਅਤੇ ਸਾਰੇ ਸਹਿਯੋਗੀ ਆਨਰੇਰੀ ਹਨ।
* ਪ੍ਰਤਿਮਾਨ ਵਿੱਚ ਪ੍ਰਕਾਸ਼ਿਤ ਰਚਨਾਵਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
* ਲੇਖਕ ਆਪਣੀਆਂ ਲਿਖਤਾਂ ਲਈ ਖ਼ੁਦ ਜ਼ਿੰਮੇਵਾਰ ਹਨ।
* ਪ੍ਰਤਿਮਾਨ ਦਾ ਪ੍ਰਕਾਸ਼ਨ ਗੈਰ ਵਪਾਰਕ ਹੈ।



ਪ੍ਰਿੰਟਰ, ਮਾਲਕ ਅਤੇ ਪਬਲਿਸ਼ਰ ਪਰਮਜੀਤ ਕੌਰ ਨੇ ਸ਼ਹੀਦ-ਏ-ਆਜ਼ਮ ਪ੍ਰਿੰਟਿੰਗ ਪ੍ਰੈਸ,ਪਟਿਆਲਾ ਤੋਂ ਛਪਵਾ ਕੇ 718,ਰਣਜੀਤ ਨਗਰ-ਏ, ਪਟਿਆਲਾ ਤੋਂ ਜਾਰੀ ਕੀਤਾ।

## ਸੰਪਾਦਕੀ

ਪੰਜਾਬ ਦੇ ਚੋਣ ਨਤੀਜੇ ਆ ਚੁੱਕੇ ਹਨ ਅਤੇ ਲੋਕ ਸ਼ਕਤੀ ਨੇ ਆਮ ਆਦਮੀ ਪਾਰਟੀ ਨੂੰ ਅਣਕਿਆਸੇ ਬਹੁਮਤ ਨਾਲ ਜਿਤਾਇਆ ਹੈ। ਰਵਾਇਤੀ ਪਾਰਟੀਆਂ ਪ੍ਰਤੀ ਲੋਕ ਰੋਹ ਦੀ ਸਿਖਰ ਵੇਖੀ ਜਾ ਸਕਦੀ ਹੈ ਕਿ ਉਨ੍ਹਾਂ ਨੇ ਉਨ੍ਹਾਂ ਦਿੱਗਜ ਨੇਤਾਵਾਂ ਨੂੰ ਵੀ ਪਿੱਠ ਪਰਨੇ ਭੁਆ ਕੇ ਮਾਰਿਆ ਹੈ ਜਿਨ੍ਹਾਂ ਨੇ ਅਜਿਹੀ ਹਾਰ ਦਾ ਸੁਪਨਾ ਵੀ ਨਹੀਂ ਵੇਖਿਆ ਹੋਣਾ। ਪੰਜਾਬ ਦੇ ਲੋਕ ਉੱਤਰ ਕਾਟੋ ਮੈਂ ਚੜ੍ਹਾਂ ਦੀ ਖੇਡ ਨੂੰ ਪੂਰੀ ਤਰਾਂ ਸਮਝ ਚੁੱਕੇ ਹਨ ਤੇ ਇਸ ਖੇਡ ਤੋਂ ਅੱਕ ਵੀ ਚੁੱਕੇ ਸਨ। ਪਾਰਟੀਆਂ ਵਿਚਲਾ ਆਪਸੀ ਕਾਟੋ ਕਲੇਸ਼ ਅਤੇ ਪਰਿਵਾਰਵਾਦ ਇਸ ਬਦਲਾਵ ਦਾ ਮੂਲ ਕਾਰਨ ਬਣਿਆ। ਸੰਯੁਕਤ ਸਮਾਜ ਪਾਰਟੀ ਦਾ ਖਾਤਾ ਵੀ ਨਾ ਖੁਲ੍ਹਣਾ ਇਸ ਗੱਲ ਵੱਲ ਸੰਕੇਤ ਕਰਦਾ ਹੈ ਕਿ ਵੋਟਰਾਂ ਨੇ ਸਾਲ ਭਰ ਚੱਲੇ ਕਿਸਾਨ ਮੋਰਚੇ ਵਿਚ ਮਰਨ ਵਾਲਿਆਂ ਦਾ ਮੁੱਲ ਵੱਟਣ ਵਾਲਿਆਂ ਨੂੰ ਵੀ ਪੂਰੀ ਤਰਾਂ ਨਕਾਰ ਦਿੱਤਾ। ਸੌ ਸਾਲ ਪੁਰਾਣੀ ਅਕਾਲੀ ਪਾਰਟੀ ਦੇ ਵੱਡੇ ਨੇਤਾਵਾਂ ਦਾ ਹਾਰਨਾ ਇਹ ਦਰਸਾਉਂਦਾ ਹੈ ਅਕਾਲੀ ਦਲ ਕੋਲੋਂ ਸਿਆਸੀ ਜਮੀਨ ਖੁੱਸ ਰਹੀ ਹੈ। ਇਹੋ ਹਾਲ ਕਾਂਗਰਸ ਦਾ ਦੇਖਿਆ ਜਾ ਸਕਦਾ ਹੈ। ਕਿਸਾਨ ਮੋਰਚੇ ਤੋਂ ਬਾਅਦ ਲੋਕ ਵਧੇਰੇ ਜਾਗਰੂਕ ਹੋਏ ਹਨ। ਉਨ੍ਹਾਂ ਦੇ ਮਨ ਵਿਚ ਪੰਜਾਬ ਦੀਆਂ ਮੁੱਖ ਚਿੰਤਾਵਾਂ ਜਿਵੇਂ ਸਿੱਖਿਆ, ਸਿਹਤ, ਭ੍ਰਿਸ਼ਟਾਚਾਰ, ਬੇਰੁਜਗਾਰੀ, ਵਾਤਾਵਰਣ, ਖੇਤੀ, ਰੇਤ ਮਾਫੀਏ, ਬੇਅਦਬੀ ਜਿਹੇ ਮੁੱਦਿਆਂ ਪ੍ਰਤੀ ਜਾਗਰੂਕਤਾ ਵਧੀ ਹੈ ਤੇ ਉਹ ਸੱਤਾ ਨੂੰ ਤੇ ਲੀਡਰਾਂ ਨੂੰ ਸਵਾਲ ਕਰਨ ਲੱਗੇ ਹਨ। ਉਨ੍ਹਾਂ ਨੂੰ ਹੁਣ ਝੂਠੀਆਂ ਸੌਹਾਂ ਚੁੱਕ ਕੇ ਮੂਰਖ ਨਹੀਂ ਬਣਾਇਆ ਜਾ ਸਕਦਾ। ਲੋਕਾਂ ਨੇ ਆਮ ਆਦਮੀ ਪਾਰਟੀ ਤੇ ਯਕੀਨ ਕਰ ਕੇ ਉਨ੍ਹਾਂ ਨੂੰ ਸੱਤਾ ਦੀ ਵਾਗਡੋਰ ਸੰਭਾਲੀ ਹੈ, ਇਸ ਲਈ ਇਸ ਪਾਰਟੀ ਨੂੰ ਸੂਬੇ ਦੇ ਮਾੜੇ ਅਰਥਚਾਰੇ ਨੂੰ ਸੰਭਾਲਣ ਅਤੇ ਰੁਜਗਾਰ ਦੇ ਮੌਕੇ ਪੈਦਾ ਕਰਨ ਲਈ ਨਵੇਂ ਉਦਯੋਗ ਸਥਾਪਿਤ ਕਰਨੇ ਪੈਣਗੇ। ਖੇਤੀਬਾੜੀ ਖੇਤਰ ਨੂੰ ਲਾਹੇਵੰਦ ਬਣਾ ਕੇ ਵਿਚ ਕਿਸਾਨਾਂ ਦੀ ਹਾਲਤ ਨੂੰ ਸੁਧਾਰਨ ਦੇ ਯਤਨ ਕਰਨੇ ਪੈਣਗੇ। ਪੰਜਾਬੀ ਦੀ ਨੌਜਵਾਨੀ ਨੂੰ ਨਸ਼ਿਆਂ ਦੇ ਰਾਹ ਤੋਂ ਰੋਕਣਾ ਹੋਵੇਗਾ ਅਤੇ ਉਹਨਾਂ ਲਈ ਰੁਜ਼ਗਾਰ ਦੇ ਮੌਕੇ ਮੁਹੱਈਆ ਕਰਵਾਉਣੇ ਪੈਣਗੇ। ਸਿਹਤ ਅਤੇ ਵਿਦਿਆ ਦੇ ਖੇਤਰ ਵਿਚ ਵੀ ਸੁਧਾਰ ਕਰਨੇ ਜਰੂਰੀ ਹਨ। ਵਧ ਰਹੇ ਭ੍ਰਿਸ਼ਟਾਚਾਰ ਨੂੰ ਨੱਥ ਪਾਉਣੀ ਤੇ ਪੰਜਾਬ ਦੇ ਪਾਣੀਆਂ ਨੂੰ ਬਚਾਉਣ ਲਈ ਵੀ ਯੋਜਨਾਵਾਂ ਬਣਾਉਣ ਦੀ ਲੋੜ ਹੋਵੇਗੀ। ਅਜਿਹੀਆਂ ਚੁਣੌਤੀਆਂ ਨੂੰ ਨਜਿੱਠ ਕੇ ਹੀ ਆਮ ਆਦਮੀ ਦੀ ਸਰਕਾਰ ਕੋਈ ਮਿਸਾਲ ਕਾਇਮ ਕਰ ਸਕੇਗੀ। ਲੋਕ ਫਤਵੇ ਅਨੁਸਾਰ ਹੀ ਉਨ੍ਹਾਂ ਨੂੰ ਆਪਣੀ ਕਾਰਗੁਜ਼ਾਰੀ ਦਿਖਾਉਣੀ ਪਵੇਗੀ। ਉਮੀਦ ਹੈ ਕਿ ਆਮ ਆਦਮੀ ਪਾਰਟੀ ਲੋਕਾਂ ਦੇ ਇਸ ਵਿਸ਼ਵਾਸ ਨੂੰ ਕਾਇਮ ਰੱਖੇਗੀ। ਵੱਡੀ ਜਿੱਤ ਮਗਰੋਂ ਉਹ ਆਪਣੀ ਕਾਰਗੁਜਾਰੀ ਵਿਚ ਵੀ ਇਕ ਨਵਾਂ ਇਤਿਹਾਸ ਰਚੇਗੀ। ਇਸੇ ਉਮੀਦ ਨਾਲ ਲੋਕਾਂ ਵੱਲੋਂ ਦਿੱਤੇ ਇਸ ਬਦਲਾਵ ਦੇ ਫਤਵੇ ਨੂੰ ਜੀ ਆਇਆਂ ਆਖਣਾ ਬਣਦਾ ਹੈ।

**ਕਹਾਣੀ**

# ਚਿਹਰੇ ਹੁਸੀਨ ਜਿਹੇ / ਸੁਖਮਿੰਦਰ ਸੇਖੋਂ



ਸਕੂਲ ਪੜ੍ਹਦਿਆਂ ਹੀ ਰਮਣੀਕ ਨੂੰ ਸ਼ਿੱਦਤ ਨਾਲ ਅਹਿਸਾਸ ਹੋ ਗਿਆ ਸੀ ਕਿ ਕੁਦਰਤ ਨੇ ਉਸਨੂੰ ਕਿਤਨੀ ਸੁੰਦਰਤਾ ਬਖਸ਼ੀ ਹੈ। ਉਸਦੀਆਂ ਸਹਿਪਾਠਣਾ ਤੇ ਹੋਰ ਸਹੇਲੀਆਂ ਉਸਨੂੰ ਕਹਿੰਦੀਆਂ ਵੀ---ਤੂੰ ਬਹੁਤ ਬਿਊਟੀਫੁਲ ਏਂ ਰਮੀ-ਦੇਖੀਂ ਕਿਤੇ ਸਾਡੀ ਨਜ਼ਰ ਨਾ ਲੱਗ ਜਾਵੇ---।

ਉਹ ਅਜਿਹੀਆਂ ਗੱਲਾਂ ਦਾ ਸੱਚ ਜਾਣਨ ਲਈ ਡਰੈਸਿੰਗ ਰੂਮ ਦੇ ਸ਼ੀਸ਼ੇ ਮੂਹਰੇ ਜਾ ਖੜ੍ਹਦੀ ਅਤੇ ਆਪਣੇ ਚਿਹਰੇ ਨੂੰ ਪੜ੍ਹਨ ਦੀ ਕੋਸ਼ਿਸ਼ ਕਰਦੀ। ਕਾਲੋਨੀ ਦੇ ਮੁੰਡੇ ਵੀ ਉਸ ਨੂੰ ਨਜ਼ਰ ਭਰਕੇ ਦੇਖਦੇ ਅਤੇ ਉਸਨੂੰ ਜਾਪਦਾ ਜਿਵੇ ਦੂਰ ਤੱਕ ਉਨ੍ਹਾਂ ਦੀਆਂ ਅੱਖਾਂ ਉਸਦਾ ਪਿੱਛਾ ਕਰ ਰਹੀਆਂ ਹੋਣ। ਕਾਲਜ ਗਈ ਤਾਂ ਉਥੇ ਪੜ੍ਹਦੇ ਮੁੰਡੇ, ਕੁੜੀਆਂ ਹੀ ਨਹੀ ਕਾਲਜ ਦੇ ਪ੍ਰੋਫੈਸਰ ਵੀ ਉਸਦੀ ਖੂਬਸੂਰਤੀ ਦੇ ਦੀਵਾਨੇ ਹੋਣ ਲੱਗੇ। ਸਕੂਲ ਵਾਂਗ ਹੀ ਹੁਣ ਕਾਲਜ ਦੀਆਂ ਸਹਿਪਾਠਣਾ ਤੇ ਸਹੇਲੀਆਂ ਕਈ ਵਾਰ ਤਾਂ ਉਸ ਨੂੰ ਕਹਿ ਵੀ ਛੱਡਦੀਆਂ-ਤੈਨੂੰ ਰੱਬ ਨੇ ਫੁਰਸਤ ਨਾਲ ਘੜਕੇ ਬਣਾਇਐ-ਤੂੰ ਇਸ ਸ਼ੈਹਰ ਲਈ ਨੀ ਬਣੀ-ਤੇਰੀ ਜਗ੍ਹਾ ਤਾਂ ਬਾਂਬੇ ਐ-ਉਥੇ ਫਿਲਮ ਇੰਡਸਟਰੀ ਵਿਚ ਟਰਾਈ ਮਾਰ-।

ਅਜਿਹਾ ਕੁਝ ਸੁਣਦਿਆਂ ਰਮਣੀਕ ਘਰ ਆਕੇ ਕਿੰਨੀ ਕਿੰਨੀ ਦੇਰ ਸ਼ੀਸੇ ਮੂਹਰੇ ਖੜ੍ਹੀ ਰਹਿੰਦੀ। ਆਪਣੇ ਚਿਹਰੇ ਦਾ ਨਿਰੀਖਣ ਕਰਦੀ---ਗੋਰਾ ਰੰਗ, ਮੋਟੀਆਂ ਅੱਖਾਂ। ਪਰ ਜਦੋ ਉਹ ਬਾਥ ਵਿਚ ਨਹਾਉਂਦੀ ਤਾਂ ਉਸ ਨੂੰ ਆਪਣੇ ਹੀ ਸਰੀਰ ਨੂੰ ਦੇਖਕੇ --ਹੱਥ ਫੇਰ ਕੇ ਇਕ ਨਸ਼ਾ ਜਿਹਾ ਚੜ੍ਹ ਜਾਂਦਾ। ਇਸੇ ਨਸ਼ੇ ਵਿਚ ਗੁਆਚੀ ਉਹ ਅਚਾਨਕ ਤੇ ਅਛੋਪਲੇ ਜਿਹੇ ਹੀ ਆਪਣੀ ਕਾਲੋਨੀ ਦੇ ਪਾਰ ਮੇਨ ਸੜਕ 'ਤੇ ਸਥਿਤ ਇਕ ਫੋਟੋਗ੍ਰਾਫੀ ਦੀ ਦੁਕਾਨ ਦੇ ਫੋਟੋਗ੍ਰਾਫਰ ਨੂੰ ਦਿਲ ਵੀ ਦੇ ਬੈਠੀ ਸੀ। ਰਵਿੰਦਰ ਨੇ ਉਸਦੀਆਂ ਵੱਖੋ ਵੱਖ ਪੋਜਾਂ ਵਿਚ ਫੋਟੋਆਂ ਖਿੱਚੀਆਂ ਸਨ ਅਤੇ ਉਸ ਨੂੰ ਬਾਂਬੇ ਜਾਣ ਲਈ ਮਨਾ ਲਿਆ ਸੀ---ਪਰ ਰਵੀ! ਮੇਰੇ ਘਰ ਵਾਲਿਆਂ ਨੀ ਮੰਨਣਾ---।

ਰਮਣੀਕ ਦੀ ਗੱਲ ਵਿਚਾਲਿਓਂ ਕੱਟਦਿਆਂ ਰਵਿੰਦਰ ਨੇ ਉਸਦੀ ਗੱਲ੍ਹ ਦਾ ਚੁੰਮਨ ਭਰਦਿਆਂ ਉਸਨੂੰ ਮਨਾ ਲਿਆ ਸੀ---ਠੀਕੈ ਨਾ? ਜਿਮੇਂ ਮੈ ਤੈਨੂੰ ਦੱਸਿਆ ਤੂੰ ਉਵੇ ਹੀ ਕਰੀਂ ਤੇ ਫੇਰ ਦੇਖੀਂ--

ਰਮਣੀਕ ਨੇ ਆਪਣੇ ਘਰ ਇਕ ਖ਼ਤ ਲਿਖਕੇ ਰੱਖ ਦਿੱਤਾ ਸੀ---ਮੇਰੀ ਤਲਾਸ਼ ਨਾ ਕਰਿਓ---ਮੈ ਕੁਝ ਬਣਕੇ ਹੀ ਘਰ ਆਵਾਂਗੀ---।

ਪ੍ਰੰਤੂ ਘਰੋਂ ਚੋਰੀ ਕੀਤੀ ਨਕਦੀ ਤੇ ਗਹਿਣੇ ਬਹੁਤਾ ਚਿਰ ਸਾਥ ਨਾ ਨਿਭਾ ਸਕੇ। ਇਕ ਰੋਜ਼ ਤੰਗੀ ਤੁਰਸ਼ੀ ਤੋ ਤੰਗ ਆਇਆਂ ਰਵੀ ਨੇ ਰਮਣੀਕ ਨੂੰ ਇਕ ਭੇਦ ਸਾਂਝਾ ਕੀਤਾ---ਦੇਖ ਰਮੀ! ਇਹ ਜੋ ਤੂੰ ਵੱਡੀਆਂ ਵੱਡੀਆਂ ਹੀਰੋਇਨਾ ਦੇਖ ਰਹੀਐ ਇਹ ਐਮੇ ਕਿਮੇ ਨੀ ਬਣਦੀਆਂ-ਤੂੰ ਮੇਰੀ ਗੱਲ ਨੂੰ ਫਾਲੋ ਕਰ---।

ਰਮਣੀਕ ਉਸਨੂੰ ਇਕ ਪੋਡਿਊਸਰ ਕੋਲ ਲੈ ਗਿਆ--। ਰਮਣੀਕ ਨੂੰ ਉਸਦੇ ਦਫਤਰ ਵਿਚ ਛਡ ਕੇ ਆਪ ਕਿਸੇ ਕੰਮ ਦਾ ਬਹਾਨਾ ਕਰ ਬਾਹਰ ਆ ਗਿਆ--। ਰਮਣੀਕ ਕਿਹੜਾ ਹੁਣ ਬੱਚੀ ਸੀ,ਉਹ ਸਾਰਾ ਕੁਝ ਜਾਣ, ਸਮਝ ਗਈ ਪਰ ਆਪਣੇ ਫਿਲਮੀ ਕਰੀਅਰ ਦੇ ਆਰੰਭਲੇ ਦੌਰ ਨੂੰ ਉਸ ਪ੍ਰਵਾਨ ਕਰ ਲਿਆ---ਬੱਸ ਆਜ ਕੇ ਬਾਅਦ ਤੁਮ ਹੀ ਮੇਰੀ ਨਈ ਫਿਲਮ ਕੀ ਹੀਰੋਇਨ ਬਨੋਗੀ--।

ਲਗਭਗ ਉਹ ਹਰ ਰੋਜ਼ ਹੀ ਕਦੇ ਰਵਿੰਦਰ ਨਾਲ ਤੇ ਕਦੇ ਖੁਦ ਹੀ ਉਸ ਪ੍ਰੋਡਿਊਸਰ ਦੇ ਦਫਤਰ ਜਾਂਦੀ। ਉਹ ਉਸਨੂੰ ਦਫਤਰ ਵਿਚ ਬੜੇ ਪਿਆਰ ਨਾਲ ਬਿਠਾਉਂਦਾ,ਖਿਲਾਉਂਦਾ ਪਿਲਾਉਂਦਾ ਤੇ ਫਿਰ---ਆਪਣੇ ਦਫਤਰ ਦੇ ਪਿਛਵਾੜੇ ਬਣੇ ਨਿੱਕੇ ਜਿੰਨੇ ਬੈੱਡ ਰੂਮ ਵਿਚ ਲੈ ਜਾਂਦਾ। ਜਦੋਂ ਰਮਣੀਕ ਫਿਲਮ ਬਾਰੇ ਗੱਲ ਕਰਦੀ ਤਾ ਉਸਦਾ ਹਮੇਸ਼ਾ ਹੀ ਇਕੋ ਜਵਾਬ ਹੁੰਦਾ---ਤੂ ਚਿੰਤਾ ਮੱਤ ਕਰ---ਮੈਂ ਹੂੰਅ ਨਾ---ਤੇਰਾ ਸਕਰੀਨ ਟੈਸਟ ਹੂਆ-ਫਿਲਮ ਕਾ ਮਹੂਰਤ ਵੀ ਤੋ ਹੋ ਗਿਆ---ਅਬ ਤੋ ਬੱਸ---ਜਬ ਵੀ ਤੂ ਆਤੀ ਮੈ ਤੁਝੇ ਖੁਸ਼ ਕਰਕੇ ਭੇਜਤਾ ਹੂੰ---ਔਰ ਕਯਾ ਚਾਹੀਏ ਤੁਝੇ--?

ਹਮੇਸ਼ਾ ਦਾ ਹੀ ਇਹ ਸਿਲਸਿਲਾ ਹੁੰਦਾ, ਸੋਹਨ ਲਾਲ ਉਸਦਾ ਸਾਥ ਮਾਣਦਾ ਤੇ ਕੁਝ ਰੁਪਈਏ ਉਸਦੇ ਹੱਥਾਂ ਵਿਚ ਪਕੜਾ ਦਿੰਦਾ। ਜਦੋਂ ਰਮਣੀਕ ਖੋਲ੍ਹੀ ਪਰਤਦੀ ਤਾਂ ਉਸਦੇ ਮਨ ਤੇ ਬੋਝ ਹੁੰਦਾ, ਉਹ ਰਵਿੰਦਰ ਤੋ ਪੁੱਛਦੀ---ਆਖਰ ਇਹ ਕਦੋ ਤੱਕ ਚੱਲੇਗਾ---? ਜਿਹੜੇ ਮੈਂ ਏਨਾ ਕੈਸ਼ ਤੇ ਗਹਿਣੇ ਆਪਣੇ ਨਾਲ ਲਿਆਈ ਸੀ ਤੂੰ ਉਸਦਾ ਕੋਈ ਹਿਸਾਬ ਰੱਖਿਐ--?

ਪਰ ਰਵਿੰਦਰ ਹਮੇਸ਼ਾ ਹੀ ਗੱਲ ਦਾ ਰੁਖ ਬਦਲ ਦਿੰਦਾ-ਤੂੰ ਫਿਕਰ ਕਿਉ ਕਰਦੀ ਐਂ ਰਮੀ---ਹੁਣ ਤੈਨੂੰ ਇਹ ਤਾਂ ਪਤਾ ਈ ਐ ਖੋਲ੍ਹੀ ਦੇ ਕਿਰਾਏ ਤੋਂ ਬਿਨਾਂ ਹਰ ਰੋਜ਼ ਦਾ ਖਾਣ ਪੀਣ---ਟੈਕਸੀਆਂ ਦੇ ਖਰਚੇ ਅੱਡ---ਰਵਿੰਦਰ ਉਸਨੂੰ ਧਰਵਾਸ ਦਿੰਦਾ। ਪਰ ਉਸ ਨੂੰ ਹੁਣ ਕੇਵਲ ਪ੍ਰੋਡਿਊਸਰ ਸੋਹਨ ਲਾਲ ਦੇ ਲਾਰਿਆਂ ਤੋ ਹੀ ਖਿਝ ਨਹੀ ਸੀ ਆਉਂਦੀ, ਉਹ ਰਵਿੰਦਰ ਨੂੰ ਵੀ ਸ਼ੱਕੀ ਨਿਗਾਹਾਂ ਨਾਲ ਦੇਖਣ ਲੱਗੀ ਸੀ--।

ਉਸ ਹੋਰ ਫਿਲਮ ਨਿਰਮਾਤਾ-ਨਿਰਦੇਸ਼ਕਾਂ ਦੇ ਦਫਤਰਾਂ ਅਤੇ ਸਟੂਿਓਜ਼ ਦੇ ਚੱਕਰ ਵੀ ਲਗਾਏ ਪਰ ਹਰ ਥਾਂ

ਉਸਦੀ ਸੁੰਦਰਤਾ ਦੇਖਕੇ ਕੁਝ ਇਕ ਪਾਰਖੂ ਉਸਨੂੰ ਫਿਲਮਾਂ ਵਿਚ ਕੰਮ ਦੇਣ ਲਈ ਮੰਨ ਵੀ ਜਾਂਦੇ,ਪਰ ਉਨ੍ਹਾਂ ਦੀ ਇਕੋ ਤੇ ਆਖਰੀ ਸ਼ਰਤ ਹੁੰਦੀ---ਤੁਝੇ ਮੇਰੇ ਸਾਥ ------।ਹਾਂਅ! ਦੋ ਕੁ ਜਣਿਆਂ ਦੀਆਂ ਫਿਲਮਾਂ ਦੀ ਸ਼ੂਟਿੰਗ ਦਾ ਉਹ ਜ਼ਰੂਰ ਹਿੱਸਾ ਬਣਨ ਵਿਚ ਕਾਮਯਾਬ ਹੋ ਗਈ ਸੀ-ਪਰ ਕੇਵਲ ਮਾਤਰ ਐਕਸਟਰਾ ਗਰਲ!

ਹੁਣ ਉਹ ਪ੍ਰੋਡਿਊਸਰ ਸੋਹਨ ਲਾਲ ਦੇ ਦਫਤਰ ਵੀ ਨਹੀਂ ਸੀ ਜਾਂਦੀ ਚੂੰਕਿ ਪੇਟ ਵਿਚ ਪਰਛਾਵੇ ਦਾ ਅਹਿਸਾਸ ਲੈ ਕੇ ਜਦੋਂ ਉਹ ਇਕ ਵਾਰ ਉਸਦੇ ਦਫਤਰ ਗਈ ਸੀ ਤਾਂ ਪਹਿਲਾਂ ਤਾਂ ਸੋਹਨ ਲਾਲ ਨੇ ਪਿਆਰ ਤੇ ਪ੍ਰੇਰਨਾ ਤੋਂ ਕੰਮ ਲਿਆ ਸੀ ਪਰ ਜਦੋਂ ਉਹ ਬੱਚਾ ਗਿਰਾਉਣ ਬਾਰੇ ਨਾ ਮੰਨੀ ਤਾ ਉਸ ਨੇ ਆਪਣੇ ਸੈਕਰੇਟਰੀ ਤੇ ਇਕ ਦੋ ਹੋਰ ਦਲਾਲਨੁਮਾ ਬੰਦਿਆਂ ਤੋਂ ਧੱਕਿਆਂ ਨਾਲ ਉਸ ਨੂੰ ਕਿਸੇ ਫਾਲਤੂ ਸ਼ੈਅ ਵਾਂਗ ਦਫਤਰੋਂ ਬਾਹਰ ਵਗਾਹ ਮਰਵਾਇਆ ਸੀ--।

ਜਦੋ ਉਹ ਆਪਣੀ ਖੋਲ਼ੀ ਪਰਤੀ ਸੀ ਤਾਂ ਰਵਿੰਦਰ ਵੀ ਉਥੇ ਹਾਜ਼ਰ ਨਹੀ ਸੀ।ਗਈ ਰਾਤ ਤੱਕ ਵੀ ਉਹ ਨਾ ਆਇਆ।ਕੁਝ ਦਿਨ੍ਹਾਂ ਦੇ ਇੰਤਜ਼ਾਰ ਤੋ ਬਾਅਦ ਉਸਨੂੰ ਪੱਕਾ ਹੋ ਗਿਆ ਕਿ ਰਵੀ ਕਿਧਰੇ ਹੋਰ ਚਲਾ ਗਿਆ ਹੈ--।ਉਸ ਤਨੋ ਮਨੋ ਸੋਚ ਸਮਝ ਕੇ ਹੁਣ ਪਟਿਆਲੇ ਆਪਣੇ ਘਰ ਪਰਤਣ ਦਾ ਫੈਸਲਾ ਲੈ ਲਿਆ ਸੀ---।

ਉਸਦੇ ਮਾਂ ਬਾਪ ਉਸਨੂੰ ਘਰ ਆਇਆਂ ਦੇਖ ਕੇ ਖੁਸ਼ ਤਾਂ ਹੋਏ ਪਰ ਉਨ੍ਹਾਂ ਨੂੰ ਇਕ ਡਾਹਢਾ ਫਿਕਰ ਵੀ ਸਤਾਉਣ ਲੱਗਾ।ਰਮਣੀਕ ਨੇ ਜਦੋਂ ਵੀ ਸ਼ੀਸ਼ੇ ਸਾਹਮਣੇ ਖੜ੍ਹੀ ਹੁੰਦੀ ਜਾਂ ਨਹਾਉਣ ਲੱਗਦੀ ਤਾਂ ਉਸਨੂੰ ਆਪਣੇ ਹੀ ਚਿਹਰੇ ਤੇ ਸਰੀਰ ਤੋ ਨਫ਼ਰਤ ਹੋਣ ਲੱਗਦੀ।ਮਾਂ ਬਾਪ ਦੀਆਂ ਚੋਭਵੀਆਂ ਗੱਲਾਂ ਤੇ ਗਲੀ ਗੁਆਂਢ ਦੀਆਂ ਅੱਖਾਂ ਉਸਦੇ ਦਿਲ,ਦਿਮਾਗ ਨੂੰ ਤਾਰ ਤਾਰ ਕਰ ਜਾਂਦੀਆਂ।-ਆਖਰ ਉਸਦੇ ਮਾਪਿਆਂ ਦੂਰ ਦੁਰਾਡੇ ਇਕ ਰਿਸ਼ਤਾ ਦੇਖਕੇ ਰਮਣੀਕ ਨੂੰ ਇਕ ਅੱਧਖੜ੍ਹ ਵਪਾਰੀ ਕਿਸਮ ਦੇ ਬੰਦੇ ਦੇ ਲੜ੍ਹ ਲਾ ਦਿਤਾ ਸੀ--।

ਅਤੀਤ ਦਾ ਰੋਗ ਚੰਬੜਿਆ ਮਾੜਾ ਹੁੰਦਾ ਹੈ, ਇਹ ਜਲਦੀ ਕੀਤਿਆਂ ਖਹਿੜਾ ਨਹੀ ਛੱਡਦਾ।ਰਮਣੀਕ ਵਿਆਹੀ ਵੀ ਗਈ ਸੀ ਅਤੇ ਇਕ ਬੱਚੇ ਵੀ ਮਾਂ ਵੀ ਬਣ ਬੈਠੀ ਸੀ---।ਪਤੀ ਮਨੀਸ਼ ਵੀ ਠੀਕ ਨਿਭ ਰਿਹਾ ਸੀ।ਉਸਨੂੰ ਆਪਣੇ ਬਿਜਨੈਸ ਤੋ ਹੀ ਵੇਹਲ ਨਹੀਂ ਸੀ ਮਿਲਦੀ ਕਿ ਉਹ ਰਮਣੀਕ ਨਾਲ ਕਿਸੀ ਖੁਸ਼ੀ ਜਾਂ ਦੁੱਖ ਦਰਦ ਦਾ ਭਾਗੀਦਾਰ ਬਣਦਾ, ਗਹਿਰੇ ਰਾਜ਼ ਤੋ ਵੀ ਉਹ ਅਨਜਾਣ ਹੀ ਰਿਹਾ।ਰਮਣੀਕ ਨੂੰ ਚੰਗਾ ਹੰਢਾਣ ਖਾਣ ਨੂੰ ਸੀ।-ਉਨ੍ਹਾਂ ਦੀ ਬੇਟੀ ਨੂੰ ਵੀ ਸਾਰੀਆਂ ਸਹੂਲਤਾਂ ਹਾਸਲ ਸਨ।ਸਕੂਲ ਤੋ ਬਾਅਦ ਕਾਲਜ ਦੀ ਪੜ੍ਹਾਈ ਵਿਚ ਉਹ ਆਪਣੀ ਮਾਂ ਦੀ ਥਰਡ ਡਵੀਜ਼ਨ ਤੋ ਉਲਟ ਹਮੇਸ਼ਾ ਚੰਗੇ ਨੰਬਰ ਲੈਂਦੀ ਆਈ ਸੀ।ਮਾਂ ਵਾਂਗ ਹੀ ਹੁਸੀਨ ਸੀ ਅਤੇ ਪਿਤਾ ਵਾਂਗ ਜ਼ਹੀਨ ਵੀ--।ਰਮਣੀਕ ਉਸਨੂੰ ਗਲਵੱਕੜੀ ਵਿਚ ਭਰਕੇ ਬਹੁਤ ਮਾਣ ਮਹਿਸੂਸ ਕਰਦੀ---ਤੂੰ ਤਾਂ ਹੀਰੋਇਨਾ ਵਰਗੀ ਨਿਕਲੀ ਐਂ---।

ਇਕ ਦਿਨ ਤਾਂ ਰਮਣੀਕ ਨੇ ਆਪਣੇ ਮਨ ਦੀ ਗੱਲ ਵੀ ਮੁਸਕਾਨ ਨਾਲ ਸਹੇਲੀਆਂ ਵਾਂਗ ਸਾਂਝੀ ਕਰ ਲਈ---ਚਾਹੇ ਜੋ ਵੀ ਹੋਵੇ ਤੈਨੂੰ ਮੈ ਮੁੰਬਈ ਲੈ ਕੇ ਜਾਊਂਗੀ-ਫਿਲਮ ਇੰਡਸਟਰੀ--।

ਇਕ ਦਿਨ ਲੰਮੇ ਟੂਰ ਦਾ ਬਹਾਨਾ ਬਣਾਕੇ ਦੋਨੋਂ ਮਾਵਾਂ ਧੀਆਂ ਨੇ ਮੁੰਬਈ ਵਾਲਾ ਜਹਾਜ਼ ਪਕੜ ਲਿਆ--।

ਬੇਸ਼ਕ ਰਮਣੀਕ ਆਪ ਤਾਂ ਲੰਮੇ ਸੰਘਰਸ਼ ਤੋ ਬਾਅਦ ਵੀ ਫਿਲਮ ਹੀਰੋਇਨ ਨਾ ਬਣ ਸਕੀ, ਪਰ ਉਸਦੀ ਧੀ ਦਾ ਉਸ ਪੂਰਾ ਸਾਥ ਨਿਭਾਇਆ।ਇਕ ਨਹੀ, ਦੋ ਤਿੰਨ ਪ੍ਰੋਡਿਊਸਰਾਂ,ਡਾਇਰੈਕਟਰਾਂ ਵੱਲੋਂ ਉਨ੍ਹਾਂ ਨੂੰ ਚੰਗਾ ਰਿਸਪਾਂਸ ਮਿਲਿਆ।-ਹੁਣ ਤਾਂ ਮੁਸਕਾਨ ਆਪਣੀ ਮਾਂ ਨੂੰ ਉਥੇ ਫਲੈਟ ਵਿਚ ਹੀ ਛੱਡਕੇ ਇਕੱਲਿਆਂ ਹੀ ਮੋਬਾਇਲ 'ਤੇ ਐਪਾਇਟਮੈਂਟ ਲੈ ਕੇ ਪ੍ਰੋਡਿਊਸਰਾਂ ਡਾਇਰੈਕਟਰਾਂ ਕੋਲ ਜਾਣ ਲੱਗੀ ਸੀ।ਉਹ ਹੁਸੀਨ ਵੀ ਸੀ ਤੇ ਜ਼ਹੀਨ ਵੀ---ਇਸ ਲਈ ਹਰ ਇਕ ਸ਼ਖਸ ਨੂੰ ਤਾੜਨ, ਵਿਚਾਰਣ ਵਿਚ ਉਸਨੂੰ ਦੇਰ ਨਾ ਲੱਗਦੀ।-ਅਖੀਰ ਇੱਕ ਥਾਂ ਇੱਕੋ ਤੇ ਆਖਰੀ ਸ਼ਰਤ ਅਧੀਨ ਉਸ ਇਕ ਵੱਡੇ ਬੈਨਰ ਦੇ ਨਿਰਮਾਤਾ ਕੋਲੋਂ ਦੋ ਫਿਲਮਾਂ ਹਾਸਲ ਕਰ ਹੀ ਲਈਆਂ---ਦੋਹਾਂ ਵਿਚ ਹੀਰੋਇਨ।ਆਪਣੀ ਮਾਂ ਨੂੰ ਉਸ ਘਰ ਆ ਕੇ ਸੰਖੇਪ ਵਿਚ ਸਾਰਾ ਕੁਝ ਦੱਸ ਦਿੱਤਾ।ਰਮਣੀਕ ਉਸਨੂੰ ਗਲਵੱਕੜੀ ਵਿਚ ਭਰਦਿਆਂ ਬੋਲੀ---ਚਲੋ ਬੇਟਾ ਤੂੰ ਜੋ ਵੀ ਕੀਤੈ ਅੱਛਾ ਈ ਕੀਤੈ---ਕੁਛ ਪਾਉਣ ਲਈ ਕੁਛ ਗਵਾਣਾ ਵੀ ਪੈਂਦੈ---।

ਮਾਂ ਦਾ ਇਹ ਸੰਵਾਦ ਖਬਰੇ ਉਸ ਨੂੰ ਬਹੁਤਾ ਨਾ ਭਾਇਆ, ਇਸੇ ਲਈ ਉਹ ਅੰਦਰੋ ਅੰਦਰੀ ਖੁਸ਼ੀ ਤੇ ਮਾਣ ਨਾਲ ਸੋਚਣ ਲੱਗੀ---ਕੀ ਗਵਾਉਣਾ ਤੇ ਕੀ ਪਾਉਣਾ---ਮੈਂ ਤਾਂ ਸਾਰਾ ਕੁਛ ਪਾਇਆ ਈ ਐ---ਇਹ ਤਾਂ ਇਕ ਬਿਜਨੈਸ ਐ---ਤੇ ਇਨਜੁਆਇ ਦਾ ਇਕ ਪਾਰਟ ਵੀ---।ਫਿਲਮ ਇੰਡਸਟਰੀ ਹੀ ਕਿਉਂ--ਹੁਣ ਤਾਂ ਬਹੁਤੀਆਂ ਫੀਲਡਾਂ ਵਿਚ ਅਜਿਹਾ ਫਾਰਮੂਲਾ ਈ ਚੱਲਦੈ--।

ਏਨਾ ਸੋਚਦਿਆਂ ਹੀ ਮੁਸਕਾਨ ਹਲਕਾ ਜਿਹਾ ਮੁਸਕਰਾਈ ਤੇ ਇੱਕ ਅਜੀਬ ਜਿਹੇ ਸਕੂਨ ਨਾਲ ਆਪਣੇ ਲੰਮੇ ਖੁੱਲ੍ਹੇ ਵਾਲਾਂ ਵਿਚ ਹੱਥ ਫੇਰਿਆ ਤੇ ਆਪੇ ਸੰਗ ਹੱਸ ਵੀ ਪਈ---।

**98145-07693**

## ਔਰਗੈਨਿਕ ਬੰਦੇ / ਸ਼ਮੀਲ



ਔਰਗੈਨਿਕ
ਸਬਜ਼ੀਆਂ ਦੀ ਤਰ੍ਹਾਂ
ਮਹਿੰਗੇ ਮਿਲਿਆ ਕਰਨਗੇ
ਔਰਗੈਨਿਕ ਬੰਦੇ...
ਬੰਦੇ ਜੋ ਜੰਮੇ ਹੋਣ
ਪਿੰਡਾਂ ਚ,
ਖੇਤਾਂ ਚ,
ਰੂੜੀਆਂ ਨੇੜੇ,
ਬਿਨਾਂ ਸੀਜ਼ੇਰੀਅਨ ਦੇ,
ਟੀਕਿਆਂ ਬਿਨਾਂ......

ਜੋ ਪਲੇ ਹੋਣ
ਰੁੱਖਾਂ ਹੇਠ,
ਧੁੱਪਾਂ ਹੇਠ,
ਦੁੱਖਾਂ ਹੇਠ,

ਜੋ ਝੱਲ ਗਏ
ਝੱਖੜ,
ਸੋਕਾ,
ਭੁੱਖ,

ਧਰਤੀ ਤੇ
ਜਦ ਰਾਜ ਹੋ ਗਿਆ
ਜੈਨੈਟੀਕਲ ਮੌਡੀਫਾਈਡ
ਨਸਲ ਦਾ ,
ਬੱਸ ਕਿਤੇ ਕਿਤੇ
ਮਿਲਿਆ ਕਰਨਗੇ
ਔਰਗੈਨਿਕ ਬੰਦੇ ....।

## ਹਰ ਬੰਦਾ ਫੀਤੇ 'ਚ ਨਹੀਂ ਆਉਂਦਾ / ਇਕਬਾਲ ਸੋਮੀਆ

ਇਹ ਜੀਵਨ
ਜੁਮੈਟਰੀ ਵਰਗਾ
ਨਹੀਂ ਹੈ ਨਿਰਾ ਪੁਰਾ,
ਪਰਕਾਰ ਦੇ ਦਾਇਰੇ ਤੋਂ ਬਾਹਰ ਵੀ
ਬੜਾ ਕੁਝ ਹੈ ਸਮੇਟਣ ਲਈ
ਮੀਟਰ ਤੋਂ ਬਾਹਰ ਵੀ
ਬੜਾ ਕੁਝ ਹੈ ਮਾਪਣ ਲਈ

ਜ਼ਿੰਦਗੀ 'ਚ ਕੌਣ
ਮਟਕ ਮਟਕ ਚੱਲਦੇ
ਬੰਦਾ ਸਮਕੋਣ 'ਤੇ ਖੜ੍ਹਾ ਦਿੱਸਦਾ
ਦਿੱਸਦਾ
ਲਕੀਰ ਵਿੱਚ ਤਬਦੀਲ ਹੋ ਜਾਂਦਾ
ਬਿੰਦੂ ਜੀਵਨ 'ਚ ਫੈਲ ਜਾਂਦਾ
ਕੋਈ ਬਿੰਦੂ ਤੋਂ ਵੀ ਨਿਗੁਣਾ
ਕੋਈ ਛੇ ਛੇ ਫੁੱਟ ਦਾ
ਜ਼ੀਰੋ ਨਾਲ ਗੁਣਾ ਹੋਇਆ ਫਿਰਦਾ
ਜਮਾਂ ਹੁੰਦਾ ਹੁੰਦਾ
ਮਨਫ਼ੀ ਹੋ ਜਾਂਦਾ
ਜ਼ਰਬਾਂ ਦੇ ਕੇ ਵੀ
ਬਾਕੀ ਕੁਝ ਨਾ ਬਚਦਾ
ਹਰ ਬੰਦਾ ਫੀਤੇ 'ਚ ਨਹੀਂ ਆਉਂਦਾ

ਇਰੇਜ਼ਰ ਨਹੀਂ ਮਿਟਾ ਸਕਦੀ
ਸਾਡੀ ਮਸਤੀ ਦੀ ਪਿਆਸ
ਕਿੰਝ ਉਲੀਕ ਸਕਦੀ ਹੈ ਪੈਨਸਿਲ
ਸਾਡੇ ਭਾਵਾਂ ਦਾ ਸੁਪਨਿਆਂ ਦਾ
ਸੱਚਾ ਮੁੱਚਾ ਸੰਸਾਰ

ਇਹ ਭੂਗੋਲ ਦੇ ਨਕਸ਼ੇ
ਇਹ ਕੰਪਾਸ ਵੀ
ਸਾਨੂੰ ਕਰਦੇ ਨੇ ਗੁੰਮਰਾਹ
ਲੈ ਜਾਂਦੇ ਮੰਜ਼ਿਲ ਤੋਂ
ਕੋਹਾਂ ਦੂਰ
ਕਰਨ ਨਾ ਦਿੰਦੇ ਇਹ ਸਫ਼ਰ
ਸਿਆਹੀ ਵਿੱਚ
ਜੀਵਨ ਰੂਪੀ ਕਲਮ ਦਾ
ਜਿਸ ਨੇ ਰਚਣੀਂ ਹੁੰਦੀ ਹੈ
ਸੁਨਹਿਰੀ ਜਿਹੀ ਤਵਾਰੀਖ਼

ਇਹ ਜੀਵਨ
ਪੂਰਨ ਕੋਣਾਂ ਤੋਂ ਵੀ
ਬਹੁਤ ਅੱਗੇ ਹੈ ਝੁਕਿਆ ਹੋਇਆ
ਵਧਿਆ ਹੋਇਆ

ਆ ਮਿੱਤਰਾ
ਲਿਆ ਕੋਈ ਚਾਬੀ ਕਿ ਹੁਣ
ਪਰਕਾਰ ਨੂੰ ਖੋਲ੍ਹ ਕੇ
ਬਣਾਈਏ ਨਵੀਂ ਜੁਮੈਟਰੀ
ਧੜਕਦੀ ਜ਼ਿੰਦਗੀ ਦੀ

ਚੱਲ ਸਖੀਏ
ਚੱਲ ਲੱਭਣ ਤੁਰੀਏ
ਪੀੜਾਂ ਨੂੰ ਮਿਟਾਉਣ ਵਾਲ਼ੀ ਕੋਈ ਇਰੇਜ਼ਰ
ਘੜੀਏ ਕਲਮ ਦੀ ਨੋਕ ਨੂੰ
ਤੇ ਕਰੀਏ ਸੁੱਖਾਂ ਦੀ ਪਰਿਕਰਮਾ

ਚੰਦ ਸੂਰਜ ਵੇਖ
ਤੇਰੀ ਝੋਲੀ 'ਚ ਪਏ
ਗ੍ਰਹਿ ਤੇਰਾ ਪਰਛਾਵਾਂ ਬਣ
ਫਿਰ ਰਹੇ ਨਾਲ਼ ਨਾਲ਼
ਨਾ ਮਾਪ ਦੂਰੀਆਂ
ਨਾ ਮਾਪ ਬੰਦੇ ਪਰਿੰਦੇ

ਮੈਂ ਫਿਰ ਆਹਨਾਂ
ਹਰ ਬੰਦਾ ਫੀਤੇ 'ਚ ਨਹੀਂ ਆਉਂਦਾ
ਤੇ ਕੁਦਰਤ ਸਾਰੀ ਦੀ ਸਾਰੀ
ਅਮਾਪ।



# ਮੈਂ ਮਾਨਸਿਕ ਤ੍ਰਿਪਤੀ ਲਈ ਲਿਖਦਾ ਹਾਂ- ਜਸਬੀਰ ਢੰਡ -ਜਗਦੀਸ਼ ਰਾਏ ਕੁਲਰੀਆਂ

ਜਸਬੀਰ ਢੰਡ ਪੰਜਾਬੀ ਸਾਹਿਤ ਜਗਤ ਤੇ ਮਿੰਨੀ ਕਹਾਣੀ ਦਾ ਚਰਚਿਤ ਹਸਤਾਖਰ ਹੈ। ਇਹ ਆਪਣੀ ਮਸਤ ਚਾਲ ਚੱਲਣ ਵਾਲੇ ਵਿਅਕਤੀ ਹਨ ਅਤੇ ਬਿਨਾਂ ਕਿਸੇ ਲਾਗ ਲਪੇਟ ਦੇ ਆਪਣੀ ਗੱਲ ਕਹਿ ਦਿੰਦੇ ਹਨ। ਕਿਸੇ ਗੁੱਟਬੰਦੀ ਜਾਂ ਜੁਗਾੜਬੰਦੀ ਵਿੱਚ ਵਿਸ਼ਵਾਸ ਨਹੀ ਰੱਖਦੇ। ਇਨਾਂ ਦੀਆਂ ਰਚਨਾਵਾਂ ਜਿੱਥੇ ਸਮਾਜ ਦੇ ਕਰੂਰ ਯਥਾਰਥ ਦਾ ਚਿਤਰਣ ਬਾਖੂਬੀ ਕਰਦੀਆਂ ਹਨ, ਉੱਥੇ ਸਮਾਜ ਵਿਚਲੀਆਂ ਊਣਤਾਈਆਂ ਤੇ ਉਂਗਲ ਵੀ ਧਰਦੀਆਂ ਹਨ। ਜੀਵਨ ਦੇ ਮੁੱਢਲੇ ਦਿਨਾਂ ਵਿੱਚ ਹੰਢਾਈਆਂ ਤੰਗੀਆਂ-ਤੁਰਸ਼ੀਆਂ ਵੀ ਇੰਨਾਂ ਦੀਆਂ ਰਚਨਾਵਾਂ ਦਾ ਆਧਾਰ ਬਣਦੀਆਂ ਹਨ। ਨਵੇਂ ਮਿੰਨੀ ਕਹਾਣੀਕਾਰਾਂ ਲਈ ਜਿੱਥੇ ਇੰਨਾਂ ਦੀਆਂ ਰਚਨਾਵਾਂ ਇੱਕ ਖਾਸ ਮਾਪਦੰਡ ਸਿਰਜਦੀਆਂ ਹਨ, ਉੱਥੇ ਇਨ੍ਹਾਂ ਵਿੱਚ ਵਰਤੀ ਜਾਦੀ ਠੇਠ ਮਲਵਈ ਭਾਸ਼ਾ ਅਤੇ ਰੁਦਨ ਵੀ ਧਿਆਨ ਖਿੱਚਦਾ ਹੈ। 1980 ਵਿੱਚ ਇਹ ਇੱਕ ਕਹਾਣੀਆਂ ਦੀ ਪੁਸਤਕ 'ਵਿਧਵਾ ਚਿੜੀਆ' ਪੰਜਾਬੀ ਸਾਹਿਤ ਜਗਤ ਦੀ ਝੋਲੀ ਵਿੱਚ ਪਾ ਚੁੱਕੇ ਹਨ। ਇੰਨਾਂ ਦੀਆਂ ਮਿੰਨੀ ਕਹਾਣੀਆਂ ਕਈ ਸਾਂਝੇ ਸੰਗ੍ਰਿਹਾਂ ਤੋਂ ਇਲਾਵਾ ਲਗਭਗ ਸਾਰੇ ਹੀ ਪ੍ਰਮੁੱਖ ਪਰਚਿਆਂ ਤੇ ਅਖਬਾਰਾਂ ਦਾ ਸ਼ਿੰਗਾਰ ਬਣਦੀਆਂ ਰਹੀਆਂ ਹਨ।

ਜਸਬੀਰ ਢੰਡ ਦਾ ਜਨਮ 26.10.1944 ਨੂੰ ਮੋਗਾ ਪੰਜਾਬ ਵਿਖੇ ਹੋਇਆ ਤੇ ਇਹ ਅਧਿਆਪਕ ਵਜੋਂ ਸੇਵਾ-ਮੁਕਤ ਹੋ ਕੇ ਵਰਤਮਾਨ ਸਮੇਂ ਵਿਚ ਕੁਲਵਕਤੀ ਲੇਖਕ ਵਜੋਂ ਵਿਚਰ ਰਹੇ ਹਨ। ਇਨਾਂ ਨੂੰ ਅਦਾਰਾ 'ਮਿੰਨੀ' ਅੰਮ੍ਰਿਤਸਰ ਵੱਲੋਂ 'ਗੁਰਮੀਤ ਹੇਅਰ ਯਾਦਗਾਰੀ ਸਨਮਾਨ' ਤੋਂ ਇਲਾਵਾ ਹੋਰ ਵੀ ਕਈ ਮਾਨ ਸਨਮਾਨ ਹਾਸਿਲ ਹੋ ਚੁੱਕੇ ਹਨ। ਢੰਡ ਸਾਹਿਬ ਦੀਆਂ ਕਥਾਵਾਂ ਦੀ ਇਹ ਖਾਸੀਅਤ ਹੈ ਕਿ ਜਦੋਂ ਤੁਸੀਂ ਪੜਦੇ ਹੋ ਤਾਂ ਇੰਝ ਮਹਿਸੂਸ ਹੁੰਦਾ ਹੈ ਕਿ ਜਿਵੇਂ ਕੋਈ ਬਜ਼ੁਰਗ ਤਹਾਨੂੰ ਕਹਾਣੀ ਸੁਣਾ ਰਿਹਾ ਹੋਵੇ ਤੇ ਉਸਦਾ ਸਾਰਾ ਘਟਨਾਕ੍ਰਮ ਤੁਹਾਡੀਆਂ ਅੱਖਾਂ ਸਾਹਮਣੇ ਘਟ ਰਿਹਾ ਹੋਵੇ। ਮਿੰਨੀ ਕਹਾਣੀ ਬਾਰੇ ਅਕਸਰ ਕਿਹਾ ਜਾਂਦਾ ਹੈ ਕਿ 'ਅਸਲ ਮਿੰਨੀ ਕਹਾਣੀ ਉਹ ਹੈ ਜਿਸ ਵਿਚ ਇਸਦੇ ਨਾਂ ਵਾਲੇ ਦੋਵੇਂ ਗੁਣ ਜਰੂਰ ਹੋਣ ਭਾਵ ਰਚਨਾ ਮਿੰਨੀ ਹੋਵੇ ਤੇ ਉਸ ਵਿਚ ਕਹਾਣੀ ਵੀ ਜਰੂਰ ਹੋਵੇ।'



ਜਸਬੀਰ ਢੰਡ ਦੀਆਂ ਮਿੰਨੀ ਕਹਾਣੀਆਂ ਇਸ ਗੱਲ ਦੀ ਗਵਾਹੀ ਭਰਦੀਆਂ ਹਨ। ਇਨ੍ਹਾਂ ਨਾਲ ਕੀਤੀ ਗੱਲਬਾਤ ਪੇਸ਼ ਹੈ ਜੀ:-

**? ਢੰਡ ਸਾਹਿਬ ਸਭ ਤੋਂ ਪਹਿਲਾਂ ਇਹ ਦੱਸੋ ਕਿ ਲਿਖਣ ਦਾ ਰੁਝਾਨ ਕਿਵੇਂ ਬਣਿਆ?**



-ਕੁਲਰੀਆਂ ਜੀ, ਮੈਂ ਸ਼ੁਰੂ ਤੋਂ ਹੀ ਜਜ਼ਬਾਤੀ ਸੀ। ਹਰੇਕ ਗੱਲ ਮੇਰੇ ਮਨ ਨੂੰ ਝੰਜੋੜਦੀ। ਬਚਪਨ ਵਿੱਚ ਮੈਂ ਕਾਫੀ ਤੰਗੀ ਦੇਖੀ। ਮੇਰੇ ਵੱਡੇ ਭਾਈ ਸਾਹਿਬ ਨੂੰ ਪੜ੍ਹਣ-ਲਿਖਣ ਦਾ ਸ਼ੌਕ ਸੀ। ਉਹ ਘਰ ਦੇ ਵਿਚ ਰਸਾਲੇ ਵਗੈਰਾ ਲਿਆਈ ਰੱਖਦੇ। ਬਾਕੀ ਮੈਂ ਨੌਵੀਂ, ਦਸਵੀਂ ਤੱਕ ਅੱਪੜਦਿਆਂ ਹੀ ਬਹੁਤ ਸਾਰਾ ਪੰਜਾਬੀ ਸਾਹਿਤ ਪੜ੍ਹ ਲਿਆ ਸੀ। ਪਿੰਡ ਰਹਿੰਦਿਆਂ ਸਾਡੇ ਇੱਕ ਗੰਗਾਂਰਾਮ ਸੁਨਿਆਰ ਹੁੰਦਾ ਸੀ ਸਭ ਤੋਂ ਪਹਿਲਾਂ ਮੈਂ ਉਹਦੀ ਕਹਾਣੀ ਲਿਖੀ ਜੋ ਕਿੱਧਰੇ ਛਪਾਈ ਤਾਂ ਨਹੀਂ। ਇਸ ਤਰ੍ਹਾਂ ਮੈਂ ਮਨ ਦੇ ਭਾਵਾਂ ਨੂੰ ਕਾਗਜ ਦੀ ਹਿੱਕ ਤੇ ਉਕਰਨ ਲੱਗ ਪਿਆ। ਨਿਯਮਤ ਤੌਰ ਤੇ ਮੈਂ 1970 ਤੋਂ ਲਿਖਣਾ ਸ਼ੁਰੂ ਕੀਤਾ ਹੈ।

**? ਸਭ ਤੋਂ ਪਹਿਲਾਂ ਕਿਹੜੀ ਵਿਧਾ ਨੂੰ ਆਪਣੇ ਹਾਵ-ਭਾਵਾਂ ਨੂੰ ਪ੍ਰਗਟ ਕਰਨ ਦੇ ਨੇੜੇ ਸਮਝਿਆ?**

-ਮੈਂ ਲਿਖਣਾ ਵੱਡੀ ਕਹਾਣੀ ਤੋਂ ਸ਼ੁਰੂ ਕੀਤਾ। ਮਿੰਨੀ ਕਹਾਣੀ ਵੀ ਮੈਂ ਉਦੋਂ ਤੋਂ ਹੀ ਲਿਖ ਰਿਹਾ ਹਾਂ ਹਾਲਾਂਕਿ ਉਦੋਂ ਇਸ ਦਾ ਨਾਮਕਰਣ ਨਹੀਂ ਹੋਇਆ ਸੀ। ਕਈ ਘਟਨਾਵਾਂ ਅਜਿਹੀਆਂ ਹੁੰਦੀਆਂ ਹਨ ਜਿੰਨ੍ਹਾਂ ਨੂੰ ਮਿੰਨੀ ਕਹਾਣੀ ਦੇ ਜ਼ਰੀਏ ਵਧੀਆ ਢੰਗ ਨਾਲ ਪੇਸ਼ ਕੀਤਾ ਜਾ ਸਕਦਾ ਹੈ। ਮਿੰਨੀ ਕਹਾਣੀ ਲਿਖ ਕੇ ਸੰਤੁਸ਼ਟੀ ਵੀ ਮਿਲਦੀ ਹੈ। ਆਪਣੀ ਗੱਲ ਨੂੰ ਸੰਖੇਪ ਸ਼ਬਦਾਂ ਵਿੱਚ ਕਹਿਣ ਦਾ ਮਾਧਿਅਮ ਹੈ ਇਹ। ਹੁਣ ਮੈਥੋਂ ਪਿਛਲੇ ਦਸ ਸਾਲਾਂ ਤੋਂ ਵੱਡੀ ਕਹਾਣੀ ਨਹੀਂ ਲਿਖੀ ਜਾ ਰਹੀ ਪਰ ਮਿੰਨੀ ਕਹਾਣੀ ਲਿਖਣਾ ਬਾਦਸਤੂਰ ਜਾਰੀ ਹੈ।

**? ਜਦੋਂ ਤੁਸੀ ਮਿੰਨੀ ਕਹਾਣੀ ਲਿਖਣੀ ਸ਼ੁਰੂ ਕੀਤੀ ਤਾਂ ਬਹੁਤ ਸਾਰੇ ਇਸ ਵਿਧਾ ਨੂੰ ਛੱਡਣ ਵਾਰੇ ਕਹਿੰਦੇ ਹੋਣਗੇ?**

-ਕਹਿਣ ਵਾਲੇ ਤਾਂ ਭਾਈ ਅੱਜ ਵੀ ਕਹਿੰਦੇ ਨੇ- ਹੁਣ... ਜੋਗਾ ਛੱਡ ਹੀ ਗਿਆ ਹੈ। ਇੱਕ ਵਾਰ ਕਿਰਪਾਲ ਕਜ਼ਾਕ ਦੀ ਚਿੱਠੀ ਆਈ ਕਿ ਮਿੰਨੀ ਕਹਾਣੀ ਇਸ ਕਰਕੇ ਨਹੀਂ ਪੜ੍ਹੀ ਜਾਂਦੀ ਕਿਉਂਕਿ ਇਸ ਨੂੰ ਪੜ੍ਹ ਕੇ ਪਾਠਕ ਨੂੰ ਰੱਜ ਨਹੀਂ ਆਉਂਦਾ। ਮੈਂ ਵੀ ਮਹਿਸੂਸ ਕਰਦਾ ਹਾਂ ਕਿ ਭਾਵੇਂ ਵੱਡੀ ਕਹਾਣੀ ਦੇ ਮੁਕਾਬਲੇ ਮਿੰਨੀ ਕਹਾਣੀ ਰੱਜ ਨਹੀਂ ਦਿੰਦੀ ਪਰ ਪਾਠਕਾਂ ਲਈ ਥੋੜੇ ਸ਼ਬਦਾਂ ਵਿਚ ਕਾਫੀ ਕੁੱਝ ਕਹਿ ਜਾਂਦੀ ਹੈ। ਸੱਤਪਾਲ ਭੀਖੀ ਨਾਲ ਇੱਕ ਇੰਟਰਵਿਊ ਵਿਚ ਵੀ ਮਿੰਨੀ ਕਹਾਣੀ ਬਾਰੇ ਵਿਦਵਾਨ ਲੇਖਕ

ਕਿਰਪਾਲ ਕਜ਼ਾਕ ਆਖਦਾ ਹੈ ਕਿ 'ਦਮਾਮੇ ਨੂੰ ਚਮੜੇ ਨਾਲ ਮੜ੍ਹਨ ਲਈ ਸ਼ੇਰ ਦਾ ਸ਼ਿਕਾਰ ਕਰਨਾ ਪੈਂਦਾ ਹੈ। ਸੌ ਚੂਹੇ ਮਾਰ ਕੇ ਵੀ ਉਨ੍ਹਾਂ ਦੀ ਖੱਲ੍ਹ ਨਾਲ ਇੱਕ ਦਮਾਮਾ ਨਹੀਂ ਮੜ੍ਹਿਆ ਜਾ ਸਕਦਾ' ...ਕਦੀ ਕਦੀ ਅਜਿਹੀਆਂ ਮਾਰੂ ਟਿੱਪਣੀਆਂ ਪੜ੍ਹ ਕੇ ਜੀਅ ਕਰਦੈ ਕਿ ਮਿੰਨੀ ਕਹਾਣੀ ਲਿਖਣੀ ਛੱਡ ਦੇਈਏ।

ਇਸੇ ਪ੍ਰਕਾਰ ਕਹਾਣੀਕਾਰ ਦਰਸ਼ਨ ਜੋਗਾ ਨਵਾਂ ਜ਼ਮਾਨਾ ਵਿਚ ਨਿਰੰਜਣ ਬੋਹਾ ਨਾਲ ਆਪਣੀ ਇੰਟਰਵਿਊ ਵਿਚ ਮਿੰਨੀ ਕਹਾਣੀ ਛੱਡ ਕੇ ਵੱਡੀ ਕਹਾਣੀ ਲਿਖਣ ਬਾਰੇ ਪੁੱਛੇ ਸਵਾਲ ਦੇ ਜਵਾਬ ਵਿੱਚ ਆਖਦਾ ਹੈ ਕਿ ਕਿਸੇ ਅਧਿਆਪਕ ਪਾਠਕ ਨੇ ਇਹੀ ਸੁਆਲ ਕੀਤਾ ਤਾਂ ਜੋਗਾ ਜੀ ਨੇ ਕਿਹਾ ਕਿ 'ਜਿਵੇਂ ਤੂੰ ਪਹਿਲਾਂ ਜੇ.ਬੀ.ਟੀ ਪਾਸ ਕੀਤੀ ਤੇ ਪ੍ਰਾਇਮਰੀ ਟੀਚਰ ਲੱਗ ਗਿਆ ਤੇ ਫਿਰ ਬੀ.ਏ., ਬੀ. ਐਡ., ਐਮ.ਏ ਕਰਕੇ ਮਾਸਟਰ ਕੇਡਰ 'ਚ ਆ ਗਿਆ। ਮੈਨੂੰ ਵੀ ਮਿੰਨੀ ਕਹਾਣੀ ਤੋਂ ਕਹਾਣੀ ਵੱਲ ਆਉਣਾ ਏਹੋ ਜਿਹਾ ਹੀ ਵਰਤਾਰਾ ਲੱਗਦੈ। ਮੁੜ ਕੇ ਕੀ ਪਿੱਛੇ ਜਾਣਾ ਹੁੰਦੈ ਕਿਸੇ ਨੇ?' ਮੈਨੂੰ ਇਸ ਤਰ੍ਹਾਂ ਦੀ ਤੁਲਨਾ ਵੀ ਮਿੰਨੀ ਕਹਾਣੀ ਨੂੰ ਇੱਕ ਤਰ੍ਹਾਂ ਨਾਲ ਛੁਟਿਆਉਣ ਵਰਗੀ ਗੱਲ ਜਾਪਦੀ ਹੈ। ਜਦੋਂ ਕਿ ਮਿੰਨੀ ਕਹਾਣੀ ਇੱਕ ਵੱਖਰੀ ਵਿਧਾ ਹੈ, ਇਸ ਦਾ ਆਕਾਰ ਪੱਖੋਂ ਛੋਟਾ ਹੋਣਾ ਕੋਈ ਮਿਹਣੇ ਜਾਂ ਹੀਣਤਾ ਵਾਲੀ ਗੱਲ ਨਹੀਂ ਹੈ। ਇਹ ਤਾਂ ਆਪੋ ਆਪਣੀ ਸਮੱਰਥਾ ਦੀ ਗੱਲ ਹੈ। ਹੋ ਸਕਦਾ ਹੈ ਕਿ ਕੋਈ ਦਸ-ਬਾਰਾਂ ਸਫ਼ੇ ਦੀ ਕਹਾਣੀ ਵੀ ਉਹ ਪ੍ਰਭਾਵ ਨਾ ਸਿਰਜ ਸਕੇ ਜੋ ਇੱਕ ਸਫੇ ਦੀ ਮਿੰਨੀ ਕਹਾਣੀ ਸਿਰਜ ਸਕਦੀ ਹੈ।

**? ਕਹਿੰਦੇ ਨੇ ਮਿੰਨੀ ਕਹਾਣੀ ਲਿਖਣੀ ਤਾਂ ਆਸਾਨ ਹੈ?**

– ਨਹੀਂ..... ਅਜੋਕੇ ਸਮੇਂ ਵਿਚ ਇਹ ਲਿਖਣੀ ਬਹੁਤ ਜ਼ਿਆਦਾ ਕਠਿਨ ਹੈ। ਜਿਹੜਾ ਇਸ ਸਮੇਂ ਇਸ ਨੂੰ ਲਿਖਣ ਲਈ ਵਿਧੀ ਵਿਧਾਨ ਬਣਿਆ ਹੋਇਆ ਹੈ। ਉਸ ਅਨੁਸਾਰ ਮਿੰਨੀ ਕਹਾਣੀ ਲਿਖਣਾ ਹਰ ਜਣੇ-ਖਣੇ ਦੀ ਵੱਸ ਦੀ ਗੱਲ ਨਹੀ । ਬੇਸ਼ੱਕ ਮਿੰਨੀ ਕਹਾਣੀ ਬਹੁਤ ਲਿਖੀ ਜਾ ਰਹੀ ਹੈ ਪਰ ਬਹੁਤ ਘੱਟ ਰਚਨਾਵਾਂ ਹੀ ਹਨ ਜੋ ਇਸ ਦੇ ਮਾਪਦੰਡਾਂ ਤੇ ਖਰਾ ਉਤਰਦਿਆਂ ਹਨ। ਵੱਡੀ ਕਹਾਣੀ ਲਿਖਣ ਲਈ ਬਹੁਤ ਛੋਟਾਂ ਹਨ ਪਰ ਇਸ ਵਿਚ ਅਜਿਹਾ ਨਹੀਂ। ਬਲਕਿ ਲੇਖਕ ਨੂੰ ਆਪਣੀ ਗੱਲ ਕਹਿਣ ਲਈ ਸੰਖੇਪਤਾ ਤੇ ਸੰਜਮ ਦੀ ਵਰਤੋਂ ਕਰਨੀ ਪੈਂਦੀ ਹੈ।

**? ਤੁਸੀਂ ਲਿਖਦੇ ਕਿਉਂ ਹੋ?**

-ਮੈਂ ਮਾਨਸਿਕ ਤ੍ਰਿਪਤੀ ਲਈ ਲਿਖਦਾ ਹਾਂ। ਜਿਹੜਾ ਵਿਅਕਤੀ ਕੁੱਝ ਮਹਿਸੂਸ ਕਰਦਾ ਹੈ। ਸਮਾਜ ਲਈ ਸੋਚਦਾ ਹੈ, ਉਸ ਦੀ ਕਲਮ ਉਸ ਨੂੰ ਲਿਖਣ ਲਈ ਪ੍ਰੇਰਦੀ ਹੈ। ਲਿਖਣ ਨਾਲ ਆਪਣੀ ਗੱਲ ਸਮਾਜ ਤੱਕ, ਲੋਕਾਂ ਤੱਕ ਪਹੁੰਚਾਈ ਜਾ ਸਕਦੀ ਹੈ। ਲਿਖਣ ਨਾਲ ਸ਼ੋਹਰਤ ਵੀ ਮਿਲਦੀ ਹੈ। ਮੇਰਾ ਬਹੁਤਾ ਲੇਖਣ ਮੇਰੇ ਹੱਡੀਂ-ਹੰਢਾਏ ਪਲਾਂ ਦੀ ਦਾਸਤਾਨ ਹੈ। ਮੇਰੀਆਂ ਰਚਨਾਵਾਂ ਵਿਚ ਬਹੁਤੇ ਥੀਮ ਮੈਂ ਨੇੜੇ ਤੇੜੇ ਘਟੀਆਂ ਘਟਨਾਵਾਂ ਵਿਚੋਂ ਲਏ ਹਨ।

**? ਤਸੀਂ 'ਮਿੰਨੀ' ਤ੍ਰੈ-ਮਾਸਿਕ ਵੱਲੋਂ ਆਯੋਜਿਤ ਕੀਤੇ ਜਾਂਦੇ 'ਜੁਗਨੂੰਆਂ ਦੇ ਅੰਗ ਸੰਗ' ਪ੍ਰੋਗਰਾਮ ਦਾ ਵੀ ਹਿੱਸਾ ਰਹੇ ਹੋ। ਕੀ ਇਸ ਪ੍ਰੋਗਰਾਮ ਨੇ ਤੁਹਾਡੀ ਮਿੰਨੀ ਕਹਾਣੀ ਵਿੱਚ ਵੀ ਨਿਖਾਰ ਲਿਆਦਾ ਹੈ?**

– ਅਜੋਕੇ ਸਮੇਂ ਵਿਚ ਅਜਿਹੇ ਪ੍ਰੋਗਰਾਮਾਂ ਦੀ ਬੜੀ ਸਾਰਥਕਤਾ ਹੈ। ਲੇਖਕਾਂ ਨੂੰ ਇਸ ਦੇ ਜ਼ਰੀਏ ਸਿੱਖਣ ਦਾ ਮੌਕਾ ਮਿਲਦਾ ਹੈ। ਮਿੰਨੀ ਕਹਾਣੀ ਦੇ ਵਿਧੀ ਵਿਧਾਨ ਵਿਚ ਜੋ ਨਿਖਾਰ ਆਇਆ ਹੈ, ਮਾਨਤਾ ਮਿਲੀ ਹੈ ਉਸ ਵਿੱਚ ਅਜਿਹੇ ਪ੍ਰੋਗਰਾਮਾਂ ਦਾ ਨਿੱਗਰ ਯੋਗਦਾਨ ਹੈ। ਮੈਂ ਇਨ੍ਹਾਂ ਪ੍ਰੋਗਰਾਮਾਂ ਵਿਚੋਂ ਬੜਾ ਕੁੱਝ ਗ੍ਰਹਿਣ ਕੀਤਾ ਹੈ।

**? ਢੰਡ ਸਾਹਿਬ ਕਿਹੜੇ ਕਾਰਨ ਅੱਜ ਵੀ ਮਿੰਨੀ ਕਹਾਣੀ ਦੇ ਵਿਕਾਸ ਵਿਚ ਰੁਕਾਵਟ ਪੈਦਾ ਕਰ ਰਹੇ ਹਨ?**

– ਕੁਲਰੀਆਂ ਜੀ, ਅਜੋਕੇ ਸਮੇਂ ਵਿਚ ਕੱਚ ਘਰੜ ਰਚਨਾਵਾਂ ਦੀ ਭਰਮਾਰ ਇਸ ਵਿਧਾ ਦੇ ਵਿਕਾਸ ਵਿੱਚ ਰੁਕਾਵਟ ਪੈਦਾ ਕਰ ਰਹੀ ਹੈ। ਨਵੇਂ ਮੁੰਡੇ ਮਿਹਨਤ ਘੱਟ ਕਰਦੇ ਹਨ ਅਤੇ ਛੇਤੀ ਛਪਣ ਦੀ ਲਾਲਸਾ ਵਿੱਚ ਵੱਡੀ ਗਿਣਤੀ ਵਿਚ ਰਚਨਾਵਾਂ ਲਿਖ ਕੇ ਅਖਬਾਰਾਂ ਨੂੰ ਘੱਲ ਦਿੰਦੇ ਹਨ। ਜਦੋਂ ਅਜਿਹੀਆਂ ਰਚਨਾਵਾਂ ਛਪ ਜਾਂਦੀਆਂ ਹਨ ਤਾਂ ਦੂਜੀਆਂ ਨੂੰ ਮਿੰਨੀ ਕਹਾਣੀ ਬਾਰੇ ਕਹਿਣ ਦਾ ਮੌਕਾ ਮਿਲ ਜਾਂਦਾ ਹੈ।

**? ਆਪਣੀਆਂ ਪੁਸਤਕਾਂ ਅਤੇ ਮਾਨ ਸਨਮਾਨ ਬਾਰੇ ਵੀ ਦੱਸੋ ਜੀ?**

– ਮੇਰੀ ਕਹਾਣੀਆਂ ਦੀ ਪਹਿਲੀ ਪੁਸਤਕ 'ਵਿਧਵਾ ਚਿੜੀਆਂ' 1989 ਵਿਚ ਲੋਕ ਗੀਤ ਪ੍ਰਕਾਸ਼ਨ ਸਰਹੰਦ ਤੋਂ ਛਪੀ। ਹੁਣ ਮਿੰਨੀ ਕਹਾਣੀ ਲੇਖਕ ਮੰਚ ਪੰਜਾਬ ਵੱਲੋਂ ਮੇਰੀ ਮਿੰਨੀ ਕਹਾਣੀਆਂ ਦੀ ਇਕ ਪੁਸਤਕ ਨੂੰ ਗ਼ੌਰਤਲਬ ਮਿੰਨੀ ਕਹਾਣੀਆਂ ਦੀ ਲੜੀ ਤਹਿਤ 'ਨਿੱਕੇ ਨਿੱਕੇ ਈਸਾ' ਨਾਂ ਨਾਲ ਛਾਪਿਆ ਗਿਆ। ਇਸ ਤੋਂ ਇਲਾਵਾ 40 ਕਹਾਣੀਆਂ ਵੱਡੀਆਂ ਤੇ 50 ਮਿੰਨੀ ਕਹਾਣੀਆਂ ਛਪ ਚੁੱਕੀਆਂ ਹਨ। 10 ਕਹਾਣੀਆਂ ਮੇਰੀਆਂ ਆਲ ਇੰਡੀਆ ਰੇਡੀਓ ਤੋਂ ਮੇਰੀ ਆਵਾਜ਼ ਵਿਚ ਬਰਾਡਕਾਸਟ ਹੋਈਆਂ ਹਨ। ਪੰਜਾਬੀ ਯੂਨੀਵਰਸਿਟੀ ਪਟਿਆਲਾ, ਅਦਾਰਾ ਪਲਕਮ, ਸਮਿਤਾ ਪਾਟਿਲ ਯਾਦਗਾਰੀ ਸੁਸਾਇਟੀ, 'ਮਿੰਨੀ' ਅੰਮ੍ਰਿਤਸਰ ਅਤੇ ਸਮਰਫੀਲਡ ਸਕੂਲ ਵਲੋਂ ਮੇਰਾ ਸਨਮਾਨ ਕੀਤਾ ਗਿਆ ਹੈ। ਮੇਰੀ ਮਿੰਨੀ ਕਹਾਣੀਆਂ ਦੀ ਪੁਸਤਕ ਨੂੰ 'ਗੁਲਸ਼ਨ ਰਾਏ ਯਾਦਗਾਰੀ ਮਿੰਨੀ ਕਹਾਣੀ

ਸਰਵੋਤਮ ਪੁਸਤਕ ਪੁਰਸਕਾਰ-2020' ਦਾ ਸਨਮਾਨ ਵੀ ਮਿਲਿਆ ਹੈ।

**? 'ਨਾਗਮਣੀ' ਮੈਗਜ਼ੀਨ ਨੇ ਤੁਹਾਨੂੰ ਛਾਪਣਾ ਕਿਉਂ ਬੰਦ ਕੀਤਾ ਸੀ?**

– ਗੱਲ ਕੋਈ ਅੱਠਵੇਂ ਦਹਾਕੇ ਦੀ ਹੈ। ਅਕਤੂਬਰ 1973 ਦੇ ਅੰਕ ਵਿਚ ਅੰਮ੍ਰਿਤਾ ਪ੍ਰੀਤਮ ਨੇ 'ਨਾਗਮਣੀ' ਵਿੱਚ ਮੇਰੀ ਕਹਾਣੀ 'ਸਮਾਂਨਾਤਰ ਰੇਖਾਵਾਂ' ਪ੍ਰਕਾਸ਼ਿਤ ਕੀਤੀ। 1975 ਵਿਚ ਮੈਂ ਉਸ ਨੂੰ ਆਪਣੀ ਨਵੀਂ ਕਹਾਣੀ 'ਵਿਧਵਾ ਚਿੜੀਆਂ' ਛਪਣ ਲਈ ਭੇਜ ਦਿੱਤੀ। ਉਸ ਦੀ ਚਿੱਠੀ ਆਈ ਕਿ ਇਹ ਲਿਖ ਕੇ ਭੇਜਿਆ ਜਾਵੇ ਕਿ 'ਇਹ ਕਹਾਣੀ ਅਣਛਪੀ ਹੈ ਅਤੇ 'ਨਾਗਮਣੀ' ਵਿਚ ਛਪਣ ਤੱਕ ਅਣਛਪੀ ਰਹੇਗੀ।' ਦੂਸਰੇ ਪਾਸੇ ਮੈਂ ਇਹ ਕਹਾਣੀ ਦਰਸ਼ਨ ਮਿਤਵਾ ਅਤੇ ਨਿਰਜੰਣ ਪ੍ਰੇਮੀ ਵਲੋਂ ਮਾਨਸਾ ਤੋਂ ਕੱਢੇ ਜਾਂਦੇ ਮੈਗਜੀਨ 'ਹੋਕਾ' ਲਈ ਦੇ ਦਿੱਤੀ ਸੀ। ਜਦੋਂ ਮੈਂ ਇਹ ਸਚਾਈ ਲਿਖ ਕੇ ਭੇਜ ਦਿੱਤੀ ਤਾਂ ਅੰਮ੍ਰਿਤਾ ਜੀ ਦੀ ਚਿੱਠੀ ਆਈ ਕਿ "ਇੱਕ ਲੇਖਕ ਦੀ ਜਿੰਮੇਵਾਰੀ ਹੁੰਦੀ ਹੈ ਕਿ ਇੱਕ ਕਹਾਣੀ ਇਕ ਪਰਚੇ ਨੂੰ ਭੇਜੇ। ਮੈਂ ਤੁਹਾਡੀ ਕਹਾਣੀ ਹੁਣ ਨਹੀਂ ਛਾਪਾਂਗੀ"। ਇਸ ਤਰ੍ਹਾਂ ਸੱਚ ਬੋਲਣ ਕਾਰਨ 'ਨਾਗਮਣੀ' ਦਾ ਬੂਹਾ ਮੇਰੇ ਲਈ ਹਮੇਸ਼ਾ ਵਾਸਤੇ ਬੰਦ ਹੋ ਗਿਆ।

**? ਮਿੰਨੀ ਕਹਾਣੀ ਦਾ ਪਲੇਠਾ ਸੰਪਾਦਿਤ ਸੰਗ੍ਰਹਿ 'ਤਰਕਸ਼' ਤੁਹਾਡੇ ਵੇਲਿਆ ਵਿਚ ਛਪਿਆ ਹੈ, ਪਰ ਤੁਹਾਡੀ ਰਚਨਾ ਸ਼ਾਮਿਲ ਨਹੀਂ, ਕੀ ਕਾਰਨ ਹੈ?**

– ਓਮ ਪ੍ਰਕਾਸ਼ ਗਾਸੋ ਅਤੇ ਰੌਸ਼ਨ ਫੂਲਵੀ ਵੱਲੋਂ 1978 ਵਿਚ ਮਿੰਨੀ ਕਹਾਣੀਆਂ ਦੀ ਪਲੇਠੀ ਪੁਸਤਕ 'ਤਰਕਸ਼' ਨੂੰ ਪ੍ਰਕਾਸ਼ਿਤ ਕਰਨ ਦਾ ਫੈਸਲਾ ਲਿਆ ਗਿਆ ਸੀ। ਇਸ ਵਾਸਤੇ ਲੇਖਕਾਂ ਤੋਂ 10 ਰੁਪੈ ਦੀ ਸਹਿਯੋਗੀ ਰਾਸ਼ੀ ਲਈ ਗਈ ਸੀ ਤੇ ਇਸ ਨੂੰ ਇੱਕਠਾ ਕਰਨ ਦੀ ਜਿੰਮੇਵਾਰੀ ਮਾਨਸਾ ਦੇ ਇਕ ਵਿਅਕਤੀ ਨੂੰ ਦਿੱਤੀ ਗਈ ਸੀ। ਮੈਂ ਦਰਸ਼ਨ ਮਿਤਵੇ ਦੀ ਰੀਸੇ ਸਹਿਯੋਗ ਰਾਸ਼ੀ ਦੇਣ ਤੋਂ ਮਨਾਂ ਕਰ ਦਿੱਤਾ ਸੀ। ਮਿਤਵੇ ਦੀਆਂ ਤਾਂ ਦੋ ਮਿੰਨੀ ਕਹਾਣੀਆਂ ਇਸ ਵਿਚ ਸ਼ਾਮਿਲ ਹਨ, ਪਰ ਮੈਂ ਨਾ ਕਹਾਣੀਆਂ ਦਿੱਤੀਆਂ ਤੇ ਨਾ ਪੈਸੇ। ਹੁਣ 2022 ਵਿਚ ਲਗਭਗ ਚਾਰ ਦਹਾਕਿਆਂ ਮਗਰੋਂ ਜਦੋਂ ਇਸ ਪੁਸਤਕ ਦਾ ਦੂਸਰਾ ਐਡੀਸ਼ਨ ਛਪਿਆ ਹੈ ਤਾਂ ਉਦੋਂ ਆਪਣੀ ਗੱਲ ਤੇ ਪਛਤਾਵਾ ਹੁੰਦਾ ਹੈ।

**? ਤੁਹਾਨੂੰ ਇੰਝ ਨਹੀਂ ਲਗਦਾ ਕਿ ਮਿੰਨੀ ਕਹਾਣੀ ਲਿਖਣ ਕਾਰਨ ਤੁਹਾਡੇ ਵੱਡੀ ਕਹਾਣੀ ਲਿਖਣ ਨੂੰ ਢਾਅ ਵੱਜੀ ਹੈ?**

– ਨਹੀਂ ਅਜਿਹਾ ਨਹੀਂ, ਫੇਰ ਵੀ ਜਦੋਂ ਇੱਕ ਵਿਧਾ ਤੇ ਧਿਆਨ ਕੇਂਦਰਿਤ ਕਰਦੇ ਹਾਂ ਤਾਂ ਦੂਜੀ ਦਾ ਪ੍ਰਭਾਵਿਤ ਹੋਣਾ ਸੁਭਾਵਿਕ ਹੀ ਹੈ। ਮੈਂ ਤੁਹਾਨੂੰ ਪਹਿਲਾਂ ਵੀ ਦੱਸਿਆ ਹੈ ਕਿ ਮੈਥੋਂ ਹੁਣ ਵੱਡੀ ਕਹਾਣੀ ਨਹੀਂ ਲਿਖੀ ਜਾ ਰਹੀ। ਮਿੰਨੀ ਕਹਾਣੀ ਅਤੇ ਅਖਬਾਰਾਂ ਲਈ ਮਿਡਲ ਲਿਖਣ ਵੱਲ ਜਿਆਦਾ ਧਿਆਨ ਕੇਂਦਰਿਤ ਹੋ ਗਿਆ ਹੈ। ਮੈਨੂੰ ਮਿੰਨੀ ਕਹਾਣੀ ਤੇ ਵੱਡੀ ਕਹਾਣੀ ਨਾਲ ਇੱਕੋ ਜਿਹਾ ਪਿਆਰ ਹੈ।

**? ਲੇਖਕਾਂ ਦੀ ਗੁੱਟਬੰਦੀਆਂ ਵਾਰੇ ਕੀ ਕਹੋਗੇ?**

– ਕਹਿਣਾ ਕੀ ਹੈ , ਲੇਖਕ ਉਂਝ ਤਾਂ ਲੋਕਾਂ ਨੂੰ ਰਾਹ ਦਿਖਾਉਂਦਾ ਹੈ ਪਰ ਆਪ ਸਭ ਤੋਂ ਜਿਆਦਾ ਗੁੱਟਬੰਦੀਆਂ ਅਤੇ ਧੜੇਬੰਦੀਆਂ ਵਿੱਚ ਵੰਡਿਆਂ ਪਿਆ ਹੈ। ਮੈਂ ਮਹਿਸੂਸ ਕਰਦਾ ਹਾਂ ਕਿ ਲੇਖਕਾਂ ਵਿਚ ਗੁੱਟਬੰਦੀ ਬਹੁਤ ਜਿਆਦਾ ਹੈ ਖਾਸ ਕਰ 'ਪ੍ਰੋਫੇਸ਼ਨਲ ਜੇਲਸੀ' ਬਹੁਤ ਹੈ। ਲੇਖਕਾਂ ਦੀ ਕਹਿਣੀ ਕਰਨੀ ਤੇ ਕਥਨੀ ਵਿਚ ਬੜਾ ਅੰਤਰ ਹੈ। ਜੋ ਲੇਖਕਾਂ, ਸਮਾਜ ਅਤੇ ਸਾਹਿਤ ਲਈ ਬਹੁਤ ਘਾਤਕ ਹੈ। ਲੇਖਕਾਂ ਨੂੰ ਗੁੱਟਬੰਦੀਆਂ ਤੋਂ ਉੱਪਰ ਉੱਠ ਕੇ ਉਸਾਰੂ ਸਾਹਿਤ ਸਿਰਜਣਾ ਵੱਲ ਧਿਆਨ ਦੇਣਾ ਚਾਹੀਦਾ ਹੈ।

**? ਤੁਹਾਡਾ ਬੇਟਾ ਵੀ ਮਿੰਨੀ ਕਹਾਣੀ ਲੇਖਣ ਵੱਲ ਆਇਆ ਹੈ? ਪਰਿਵਾਰ ਦੇ ਸਹਿਯੋਗ ਵਾਰੇ ਵੀ ਦੱਸੋ?**

– ਮੇਰਾ ਬੇਟਾ ਸੰਦੀਪ ਢੰਡ ਵੀ ਮਿੰਨੀ ਕਹਾਣੀ ਲਿਖ ਰਿਹਾ ਹੈ। ਇਸ ਦੀਆਂ ਕਹਾਣੀਆਂ 'ਨਵਾਂ ਜ਼ਮਾਨਾ' ਤੋਂ ਇਲਾਵਾਂ ਹੋਰ ਪੇਪਰਾਂ ਵਿੱਚ ਵੀ ਛਪੀਆਂ ਹਨ। ਇਸ ਦੀ ਮੈਨੂੰ ਖੁਸ਼ੀ ਹੈ। ਇਸ ਕੋਲ ਨਵੇਂ ਵਿਸ਼ੇ ਹਨ। ਠੀਕ ਲਿਖ ਰਿਹਾ ਹੈ। ਸਾਡੇ ਨਾਲੋਂ ਨਵੀਂ ਪੀੜੀ ਦਾ ਫ਼ਰਕ ਹੈ। ਪਰਿਵਾਰ ਦਾ ਮੈਨੂੰ ਪੂਰਾ ਸਹਿਯੋਗ ਮਿਲਦਾ ਹੈ। ਮੇਰੀ ਬੇਟੀ ਵੀ ਮੇਰੀਆਂ ਲਿਖਤਾਂ ਪੜਦੀ ਹੈ ਅਤੇ ਉਹਨਾਂ ਨੂੰ ਇੰਟਰਨੈੱਟ ਤੇ ਪਾਉਣ ਵਿੱਚ ਮਦਦ ਕਰਦੀ ਹੈ।

**? ਕੋਈ ਵਿਸ਼ੇਸ਼ ਗੱਲ ਸਾਂਝੀ ਕਰਨਾ ਚਾਹੋਗੇ?**

–ਵਿਸ਼ੇਸ਼ ਗੱਲ ਤਾਂ ਇਹੀ ਹੈ ਕਿ ਅਜੇ ਵੀ ਮਿੰਨੀ ਕਹਾਣੀ ਨੂੰ ਚੰਗੇ ਰਸਾਲੇ ਜਾ ਲੇਖਕ ਮਾਨਤਾ ਨਹੀਂ ਦਿੰਦੇ। ਰੇਡੀਓ, ਟੈਲੀਵਿਜ਼ਨ ਤੇ ਮਿੰਨੀ ਕਹਾਣੀ ਨਾਲ ਸੰਬੰਧਤ ਪ੍ਰੋਗਰਾਮਾਂ ਦੀ ਵੱਡੀ ਘਾਟ ਹੈ। ਇਹਨਾਂ ਕਮੀਆਂ ਨੂੰ ਦੂਰ ਕਰਨ ਲਈ ਸਮੂਹ ਮਿੰਨੀ ਕਹਾਣੀ ਲੇਖਕਾਂ ਨੂੰ ਸਾਂਝੇ ਯਤਨ ਕਰਨੇ ਚਾਹੀਦੇ ਹਨ।

**? ਭਵਿੱਖ ਦੀਆਂ ਯੋਜਨਾਵਾਂ ਵਾਰੇ ਦੱਸੋ?**

–ਭਵਿੱਖ ਵਿਚ ਮੇਰੀ ਇੱਕ ਕਿਤਾਬ ਮਿਡਲ ਜਾਂ ਹਲਕੇ ਫੁਲਕੇ ਲੇਖਾਂ ਦਾ ਖਰੜਾ ਤਿਆਰ ਹੈ ਅਤੇ ਛਪਵਾਉਣ ਦਾ ਇਰਾਦਾ ਹੈ। ਸਵੈ ਜੀਵਨੀ ਲਿਖਣੀ ਵੀ 2010 ਵਿਚ ਸ਼ੁਰੂ ਕੀਤੀ ਸੀ, ਪਰ ਕਿਸੇ ਕਾਰਨ ਅਧੂਰਾ ਰਹਿ ਗਿਆ ਇਹ ਕੰਮ। 'ਵਿਧਵਾ ਚਿੜੀਆਂ' ਕਹਾਣੀ ਸੰਗ੍ਰਹਿ ਦਾ ਦੂਜਾ ਐਡੀਸ਼ਨ ਵੀ ਛਪਵਾਉਣ ਦਾ ਵਿਚਾਰ ਹੈ।

**95018-77033**

## ਯੁੱਧ ਦੀ ਕੀਮਤ / ਰਜਨੀਸ਼ ਜੱਸ



ਬਹੁਤ ਸੌਖਾ ਹੁੰਦਾ ਹੁੰਦਾ
ਆਪਣੇ ਬੈੱਡਰੂਮ ਚ ਬੈਠਿਆਂ
ਚਾਹ ਦਾ ਕੱਪ ਪੀਂਦਿਆ ਕਹਿ ਦੇਣਾ
ਕਿ ਯੁੱਧ ਹੋਣਾ ਚਾਹੀਦਾ ਹੈ

ਪਰ ਯੁੱਧ ਦੀ ਅਸਲੀ ਕੀਮਤ ਕੌਣ ਜਾਣਦਾ ਹੈ
ਯੁੱਧ ਦੀ ਅਸਲੀ ਕੀਮਤ ਜਾਣਦਾ ਹੈ ਉਹ ਫੌਜੀ
ਜਿਸਦੇ ਸੀਨੇ 'ਚ ਹੁੰਦੇ
ਰਿਟਾਇਰ ਹੋਕੇ ਪਿੰਡ 'ਚ ਰਹਿਣ ਦੇ ਸੁਪਨੇ
ਆਪਣੀ ਘਰਵਾਲੀ ਤੇ ਬੱਚਿਆਂ ਨਾਲ
ਪਹਾੜਾਂ ਤੇ ਘੁੰਮਣ ਦੇ ਸੁਪਨੇ
ਪਰ ਉਸੇ ਸੀਨੇ ਚ ਵੱਜਦੀ ਹੈ ਗੋਲੀ
ਤੇ ਚਕਨਾਚੂਰ ਹੋ ਜਾਂਦੇ ਨੇ ਉਹ ਸਾਰੇ ਸੁਪਨੇ

ਯੁੱਧ ਦੀ ਅਸਲੀ ਕੀਮਤ ਪਤਾ ਚਲਦੀ ਹੈ
ਉਸ ਫੌਜੀ ਦੀ ਵਿਧਵਾ ਨੂੰ
ਜੋ ਫੌਜੀ ਦੇ ਸ਼ਹੀਦ ਹੋ ਜਾਣ ਦੀ ਖ਼ਬਰ ਤੇ
ਭੰਨ ਦਿੰਦੀ ਹੈ ਆਪਣੀਆਂ ਚੂੜੀਆਂ
ਤੇ ਪੂੰਝ ਦਿੰਦੀ ਹੈ ਮੱਥੇ ਦਾ ਸਿੰਧੂਰ
ਜਿਸਦੇ ਸਿਰ ਤੇ ਰਹਿ ਜਾਂਦੀ ਹੈ ਸਫੇਦ ਚੁੰਨੀ
ਜਿਸ ਲਈ ਹਰਾ, ਪੀਲਾ, ਲਾਲ ਰੰਗ
ਸਭ ਬੇਰੰਗ ਹੋ ਜਾਂਦੇ ਨੇ
ਜੋ ਸਹਿੰਦੀ ਹੈ ਸਮਾਜ ਤਾਨੇ ਮਿਹਣੇ
ਤੇ ਰਹਿ ਜਾਂਦੀਆਂ ਨੇ ਉਸ ਲਈ
ਸਮਾਜ ਦੀਆਂ ਭੈੜੀਆਂ ਨਜ਼ਰਾਂ

ਯੁੱਧ ਦੀ ਅਸਲੀ ਕੀਮਤ
ਉਸ ਫੌਜੀ ਦਾ ਬੱਚਾ ਚੁਕਾਉਂਦਾ ਹੈ
ਜੋ ਬਾਪੂ ਦੇ ਮੋਢੇ ਤੇ ਚੜ੍ਹਨ ਦੀ ਉਮਰ 'ਚ
ਢੋਂਦਾ ਹੈ ਉਹਨਾਂ ਮੋਢਿਆਂ ਤੇ ਬਾਪੂ ਦੀ ਅਰਥੀ

ਖਡੌਣੇ, ਕਾਪੀਆਂ, ਕਿਤਾਬਾਂ
ਸਭ ਰਹਿ ਜਾਂਦੀਆਂ ਨੇ
ਬੱਚੇ ਸਹਿੰਦੇ ਨੇ ਸੂਰਜ ਦੀ ਸਿੱਧੀ ਧੁੱਪ
ਜੋ ਕੇ ਪਿਉ ਰੂਪੀ ਦਰਖਤ ਸਿਰ ਤੇ ਨਹੀਂ ਰਹਿੰਦਾ

ਯੁੱਧ ਦੀ ਕੀਮਤ ਚੁਕਾਉਂਦੀ ਹੈ ਉਸ
ਫੌਜੀ ਦੀ ਭੈਣ
ਜਿਸਦੀ ਵਿਆਹ ਵਾਲੀ ਕਾਰ ਨੂੰ
ਹੱਥ ਲਾਉਣ ਵਾਲਾ ਕੋਈ ਨਹੀਂ ਹੁੰਦਾ
ਜਿਸਦੇ ਨਾਲ ਗੱਲਾਂ ਗੱਲਾਂ ਤੇ
ਹਸਾਉਣ ਵਾਲਾ ਨਹੀਂ ਰਹਿੰਦਾ
ਜਿਸਦੇ ਹੱਥ ਕੰਬਦੇ ਨੇ ਰੱਖੜੀ ਵਾਲੇ ਦਿਨ
ਜੋ ਕਿ ਹੁਣ ਭਰਾ ਨਹੀਂ ਰਿਹਾ

ਯੁੱਧ ਦੀ ਅਸਲੀ ਕੀਮਤ
ਚੁਕਾਉਂਦੇ ਹਨ ਫੌਜੀ ਦੇ ਮਾਂ ਬਾਪ
ਜੋ ਬੁਢਾਪੇ 'ਚ ਹੱਥ ਦੀ ਸੋਟੀ ਕਹਾਉਣ ਵਾਲੇ
ਪੁੱਤ ਦੀਆਂ ਅਸਥੀਆਂ ਬਹਾ ਆਉਂਦੇ ਨੇ
ਹਰਿਦ੍ਵਾਰ ਜਾਂ ਕੀਰਤਪੁਰ ਸਾਹਿਬ
ਉਹ ਵੀ ਇੱਕ ਗੜਵੀ 'ਚ ਪਾ ਕੇ

ਯੁੱਧ ਦੀ ਕੀਮਤ ਇਹ ਤਖਤਾਂ ਤੇ ਬੈਠੇ
ਹੁਕਮਰਾਨ ਕੀ ਜਾਨਣ?
ਜਦ ਵੀ ਯੁੱਧ ਹੁੰਦਾ ਹੈ ਤਾਂ
ਦੋਹਾਂ ਮੁਲਕਾਂ ਨੂੰ ਹਥਿਆਰ ਵੇਚਣ ਵਾਲਾ ਸ਼ੈਤਾਨ
ਟੰਗ ਲੈਂਦਾ ਹੈ ਲਾਲ ਸੂਹਾ ਫੁੱਲ ਆਪਣੇ ਕਾਲੇ ਕੋਟ ਤੇ
ਇਹ ਲਾਲ ਸੂਹਾ ਫੁੱਲ
ਆਪਣੀ ਲਾਲੀ ਕਰਕੇ ਲਾਲ ਨਹੀਂ ਹੁੰਦਾ
ਇਹ ਲਾਲ ਸੂਹਾ ਫੁੱਲ
ਆਪਣੀ ਲਾਲੀ ਕਰਕੇ ਲਾਲ ਨਹੀਂ ਹੁੰਦਾ
ਇਹ ਲਾਲ ਹੁੰਦਾ ਹੈ ਸਰਹੱਦ ਤੇ ਸ਼ਹੀਦ ਹੋਏ
ਉਹ ਫੌਜੀ ਦੇ ਖ਼ੂਨ ਨਾਲ

ਯੁੱਧ ਦੀ ਅਸਲੀ ਕੀਮਤ ਕੌਣ ਜਾਣਦਾ ਹੈ?
ਬਹੁਤ ਸੌਖਾ ਹੁੰਦਾ ਹੈ
ਆਪਣੇ ਬੈੱਡਰੂਮ 'ਚ ਬੈਠਿਆਂ
ਚਾਹ ਦਾ ਕੱਪ ਪੀਂਦਿਆਂ
ਕਹਿ ਦੇਣਾ, ਕਿ ਯੁੱਧ ਹੋਣਾ ਚਾਹੀਦਾ ਹੈ!

## ਖਿੜਕੀ / ਗੁਰਨਾਮ ਢਿੱਲੋਂ



ਮੇਰੇ ਕਮਰੇ ਦੀ
ਖਿੜਕੀ ਦੇ ਬਿਲਕੁਲ ਸਾਹਵੇਂ
ਸੜਕ ਉੱਤੇ ਰੋਸ਼ਨੀ ਟਿਊਬ ਜਗੇ
ਪੈਦਲਾਂ ਸਵਾਰਾਂ ਦਾ
ਰਾਹ ਰੋਸ਼ਨ ਕਰੇ
ਬੱਦਲ ਗੱਜੇ, ਬਿਜਲੀ ਕੜਕੇ
ਮੋਹਲੇਧਾਰ ਵਰਖਾ ਹੋਵੇ
ਬੇਫ਼ਿਕਰ, ਬੇਨਿਆਜ਼, ਬੇਪਰਵਾਹ
ਲਗਨ ਵਿਚ ਮਸਤ ਰੋਸ਼ਨੀ ਦੇ
ਫੁੱਲ ਖਲੇਰੇ
ਸ਼ੁਆਵਾਂ ਦੇ ਤੀਰ ਛੱਡੇ
ਸੜਕ ਦੀ ਨਬਜ਼ ਚੱਲੇ
ਪੌਣ ਰੁਮਕੇ
ਦਿਲ ਧੜਕੇ
ਰੌਣਕ ਪਰਤੇ, ਰਵਾਂ ਹੋਵੇ
ਨਾ ਥੱਕੇ, ਨਾ ਸੁਸਤਾਵੇ
ਨਾ ਵਿਤਕਰਾ ਕਰੇ
ਨਾ ਘਬਰਾਵੇ
ਕਾਲੀਆਂ ਰਾਤਾਂ ਦੇ ਮੁਖੜੇ ਰੁਸ਼ਨਾਵੇ
ਨਾ ਉਹ ਇਸਾਈ
ਨਾ ਉਹ ਬੋਧੀ
ਨਾ ਉਹ ਸਿੱਖ
ਨਾ ਉਹ ਮੁਸਲਿਮ
ਨਾ ਉਹ ਹਿੰਦੂ
ਨਾ ਕੋਈ ਜਾਤ ਪਾਤ ਨਾ ਰੰਗ ਨਾ
ਨਸਲ
ਨਿਰੀ ਰੋਸ਼ਨੀ
ਨਿਰਾ ਚਾਨਣ-ਮੁਨਾਰਾ
ਲੋੜਵੰਦਾਂ ਲਈ
ਸੁਹਾਵਣੀ ਜਿੰਦਗੀ ਲਈ.....

## ਭੁੱਲ / ਅੰਜਨਾ ਮੈਨਨ

ਤੂੰ ਵੀ ਆਮ ਜਿਹਾ ਮਰਦ ਸੀ
ਮੈਂ ਹੀ ਤੈਨੂੰ
ਖਾਸ ਸਮਝ ਬੈਠੀਂ

ਤੇਰੇ ਨਾਲ ਖੁੱਲ੍ਹ ਕੇ
ਗੱਲਾਂ ਕਰਨਾ, ਹੱਸਣਾ
ਤੇਰਾ ਹੱਕ ਤਾਂ ਬਣਦਾ ਹੀ ਸੀ ਮੇਰੇ ਤੇ
ਮੈਂ ਹੀ ਭੁੱਲ ਗਈ ਸੀ ਕਿ
ਬੁਰੀ ਨਜ਼ਰ ਦਾ ਦੋਸ਼
ਤਾਂ ਦੋਸ਼ ਹੀ ਨਹੀਂ ਮੰਨਿਆ ਜਾਂਦਾ
ਦੋਸ਼ ਤਾਂ ਭਰੋਸਾ ਕਰਨ ਦਾ ਹੁੰਦਾ
ਹੱਥ ਮਿਲਾਣ ਦਾ ਹੁੰਦਾ ਤੇ
ਨਾਲ ਬੈਠਣ ਦਾ ਵੀ ਹੁੰਦਾ ਏ

ਗੁਨਾਹਗਾਰ ਤੂੰ ਨਹੀਂ
ਭੌਰੇ ਦੀ ਤਾਂ ਫ਼ਿਤਰਤ ਹੀ ਅਜਿਹੀ ਹੁੰਦੀ
ਤੇ ਗੁਨਾਹ ਤਾਂ ਫੁੱਲਾਂ ਦਾ ਹੁੰਦਾ
ਖਿੜਨਾ,ਰੰਗੀਲੇ ਹੋਣਾ,ਖੁਸ਼ਬੂ ਦੇਣਾ
ਕਦ ਬਰਦਾਸ਼ਤ ਹੁੰਦਾ
ਚਾਸ਼ਣੀ ਦੇ ਭੁੱਖਿਆਂ ਤੋਂ.

ਮੈਨੂੰ ਨਹੀਂ ਪਤਾ ਸੀ ਕਿ
ਮਰਦ ਜਾਤ ਦਾ ਇੱਕ
ਹੋਰ ਈ ਸ਼ਬਦ-ਕੋਸ਼ ਵੀ ਹੁੰਦਾ ਹੈ
ਜੋ ਸ਼ਬਦਾਂ ਦੇ ਆਵਦੇ ਦੋਗਲੇ
ਅਰਥ ਵੀ ਕੱਢ ਲੈਂਦਾ ਹੈ
ਤੇ ਛਲਾਵੇ ਦੀ ਝੱਗ ਦੇ ਆਸਰੇ
ਉਹ ਆਪਣੀਆਂ ਬਿਰਤੀਆਂ ਜਗਾ
ਨਦੀਆਂ ਦੀ ਮਰਜ਼ੀ ਦੇ ਵਿਪਰੀਤ
ਕਰਦਾ ਹੈ ਮਨਮਰਜ਼ੀਆਂ
ਪਰ, ਮੇਰੇ ਲਈ ਬਹੁਤ ਔਖਾ ਹੈ
ਇਸ ਜਨਮ 'ਚ ਤੈਨੂੰ ਸਜ਼ਾ ਦਵਾਉਣਾ
ਤੂੰ ਬਰੀ ਹੈਂ ਹਰ ਇਲਜ਼ਾਮ ਤੋਂ ਕਿਉਂਕਿ
ਆਤਮਾ ਦਾ ਵਹਿਸ਼ੀਕਰਨ
ਜਾਂ ਭਰੋਸੇ ਦਾ ਕਤਲ
ਤਾਂ ਜੁਰਮ ਹੀ ਨਹੀਂ ਹੁੰਦਾ
ਉਹ ਵੀ ਤਾਂ ਰਸ-ਰੰਗ'ਚ
ਡੁੱਬਣ ਦਾ ਅਹਿਸਾਸ ਹੀ
ਮੰਨ ਲਿਆ ਜਾਂਦਾ ਥੋਡੇ ਵੱਲੋਂ

ਮੇਰੇ ਹੀ ਚਰਿਤ੍ਰ 'ਚ ਦੋਸ਼ ਸੀ
ਤੂੰ ਖਾਸ ਹੋਵੇ ਜਾਂ ਆਮ
ਬੱਸ ! ਬੇਦੋਸ਼ਾ ਸਾਬਿਤ ਹੀ ਹੈਂ
ਕਿਉਂਕਿ ਤੇਰੇ ਲਈ ਤਾਂ
ਇਹੀ ਕਾਫੀ ਹੈ ਕਿ ਤੂੰ ਮਰਦ ਹੈ.
ਪਰ ਕਦੇ ਮੈਨੂੰ ਵੀ ਦੱਸੀਂ ਕਿ ਮੈਂ
ਕਿਵੇਂ ਸੇਕ ਦੇਵਾਂ
ਆਪਣੀ ਰੂਹ ਉੱਤੇ ਪਏ ਨੀਲ ਨੂੰ
ਜੋ ਜਿੰਨੀ ਟਕੋਰ ਕਰਿਆਂ
ਓਨੀ ਹੀ ਵੱਧ ਟੀਸ ਦਿੰਦਾ
ਜਿੰਨਾਂ ਢਕਿਆ ਓਨਾ ਹੀ ਵਧੀਕ
ਹਉਕਾ ਬਣ ਪਰਗਟ ਹੁੰਦਾ
ਦੱਸੀ ਕਿਉਂ ਕਿਸੇ ਤੇ ਯਕੀਨ ਨਹੀਂ
ਕਰੀਦਾ ਕਿਉਂ ਆਪਣਾ ਹੀ ਨਾਮ
ਬਦਲ ਲੈਣ ਨੂੰ ਜੀਅ ਕਰਦਾ
ਤਾਂ ਜੋ ਮਿਟ ਜਾਵੇ
ਮੇਰੇ ਅੰਦਰ ਸੁੱਟਿਆ ਤੇਰੇ ਅੰਦਰ ਦਾ
ਕਬਾੜ
ਤੇਰੇ ਨਾਲ ਜੁੜੀ ਤੇਰੀ ਹਵਸ ਦੀ ਧੂੜ
ਅਤੇ ਮੇਰੀ ਬੇਬਸ ਪਛਾਣ
ਆਖ਼ਿਰ ਕਿਉਂ ਖਾਰੀ ਸਿੱਲ੍ਹ ਹੈ ਮੇਰੀਆਂ
ਅੱਖਾਂ ਦੀਆਂ ਪਰਤਾਂ 'ਚ
ਕਿਉਂ ਰੜਕ ਹੈ ਹਾਸਿਆਂ ਚ
ਕਿਉਂ ਤਲਾਸ਼ ਹੈ ਆਪਣਿਆਂ ਦੀ
ਦੱਸੀਂ ਮੈਂ ਕੀ ਕਰਾਂ
ਮੈਂ ਤੈਨੂੰ ਖ਼ਾਸ ਸਮਝ ਬੈਠੀਂ।



ਕਹਾਣੀ

# ਭੁੱਬਲ ਦੀ ਅੱਗ / ਰਵਿੰਦਰ ਰੁਪਾਲ

ਮੇਰੇ ਅੰਦਰ ਇਕੱਲਤਾ ਪਸਰੀ ਹੋਈ ਸੀ, ਜਿਸ ਕਰਕੇ ਮੈਨੂੰ, ਬੰਤੀ ਦਾ ਮਾਰਿਆ ਹੋਇਆ 'ਝਖ' ਬਹੁਤਾ ਚੰਗਾ ਨਹੀਂ ਲੱਗਦਾ, 'ਉਹ' ਚਿਕਨੀਆਂ-ਚੋਪੜੀਆਂ ਜਿਹੀਆਂ ਗੱਲਾਂ ਸੁਣਾਕੇ ਮੇਰੇ ਮਨ ਨੂੰ ਭੜਕਾਉਂਦੀ ਰਹੂ, ਜਿਵੇਂ ਮੇਰੇ ਸਬਰ ਨੂੰ ਪਰਖ ਰਹੀ ਹੋਵੇ, ਮੈਂ ਹੁੰਗਾਰਾ ਭਰਾਂ ਜਾਂ ਨਾਅ, ਪਰ ਉਹਦਾ ਚੱਲ ਸੋ ਚੱਲ ਰਹਿੰਦੈ, ਕਦੇ ਕਹੂਗੀ, ਫਲਾਣੇ ਦੀ ਤੀਵੀਂ, ਫਲਾਣੇ ਨਾਲ, ਇਮਕੇ ਦੀ ਤੀਵੀਂ, ਢਿਮਕੇ ਨਾਲ, ਜਰਗੀਆਂ ਦੇ ਇੱਖ ਵਿੱਚ ਰੰਗੇ ਹੱਥੀ ਫੜੇ ਗਏ, ਕੇਰਾਂ ਤਾਂ ਸਾਰੇ ਪਿੰਡ ਦੀਆਂ ਖਬਰਾਂ ਰੈਡੂਏ ਵਾਂਗ ਸੁਣਾ ਜਾਂਦੀ ਐ, ਸੱਚੀਓ... ਕਦੇ ਕਦੇ ਮੈਨੂੰ ਐਨੀ ਬੁਰੀ ਲੱਗਦੀ ਐ, ਕਿ ਉਸ ਨੂੰ ਹੁਣੇ ਹਟਾ ਦੇਵਾਂ ਕੰਮ ਤੋਂ, ਸੁੱਚ ਬੰਦ ਕਰ ਦੇਵਾਂ ਚਲਦੇ ਹੋਏ ਰੇਡੂਏ ਦੀ, ਪਰ ਮੇਰੇ ਵਸ ਦਾ ਰੋਗ ਨਹੀਂ, ਜੇ ਮੈਂ ਅੱਗੋਂ ਟੋਕੂ, ਤਾਂ ਮੂੰਹ ਨੂੰ ਢੈਲਾ ਜਿਹਾ ਬਣਾਕੇ ਬੋਲੂ, ਤੇਰੀ ਸੱਸ ਨਾਲ ਮੇਰਾ ਏਨਾ ਗੂਹੜਾ ਪਿਆਰ ਤੀ, ਇਉਂ ਕਹਿ ਕੇ ਮੈਨੂੰ ਬੇਵੱਸ ਜਿਹਾ ਕਰ ਦਿੰਦੀ ਐ ।



ਪਰ ਕੱਲ੍ਹ ਦੇ ਮਾਰੇ ਹੋਏ ਉਸ ਦੇ 'ਝਖ' ਨੇ ਮੈਨੂੰ ਸਾਰੀ ਰਾਤ ਨੀਂਦ ਨਹੀਂ ਆਉਣ ਦਿੱਤੀ, ਏਨੀ ਦੇਰ ਤੋਂ ਮੈਂ ਆਪਣੀ ਇਕੱਲਤਾ ਨੂੰ ਕਾਇਮ ਰੱਖਿਆ ਹੋਇਐ, ਪਿੰਡ ਵਿੱਚ ਮੇਰੀ ਕੋਈ ਸਹੁੰ ਨਹੀਂ ਖਾ ਸਕਦਾ, ਸੱਤ ਸਾਲ ਪਹਿਲੋਂ ਜਦੋਂ ਮੈਂ ਅਠਾਈ ਸਾਲਾਂ ਦੀ ਉਮਰ 'ਚ 'ਭਰ ਜਵਾਨੀ' ਵਿਚ ਵਿਧਵਾ ਹੋਈ ਸਾਂ, ਮੈਂ ਤਾਂ ਉਸੇ ਦਿਨ ਤੋਂ ਸੋਹੁੰ ਪਾ ਕੇ, ਸੌਂ ਘੜਾ ਆਪਣੇ ਸਰੀਰ ਉੱਤੇ ਪਾਣੀ ਦਾ ਡੋਲ੍ਹ ਲਿਆ ਸੀ, ਕਿ ਮੇਰੇ ਵੱਲ ਨੂੰ ਨੀ ਕੋਈ ਝਾਕ ਸਕਦਾ, ਤੇ ਨਾਲੇ ਉਸੇ ਦਿਨ ਤੋਂ ਮੈਂ ਆਪਣੀਆਂ ਸਾਰੀਆਂ ਖੁਹਾਇਸ਼ਾ ਦਾ ਗਲਾ ਵੀ ਆਪਣੇ ਹੱਥੀਂ ਘੁੱਟ ਦਿੱਤਾ ਸੀ, ਮਰਨੀ ਮਰ ਜਾਉ ਪਰ..., ।

ਜਿਸ ਉਮਰ ਵਿੱਚ ਮੈਂ ਵਿਧਵਾ ਹੋਈ ਸੀ, ਉਸ ਉਮਰ ਵਿੱਚ ਤਾਂ ਜ਼ਿਆਦਾਤਰ ਕੁੜੀਆਂ ਵਿਆਹ ਕਰਵਾਉਂਦੀਆਂ ਨੇ, ਮੈਂ ਉਦੋਂ ਨੂੰ ਦੋ ਜੁਆਕਾਂ ਦੀ ਮਾਂ ਬਣਕੇ, ਇਉਂ ਵੇਹਲੀ ਹੋ ਕੇ ਬੈਠ ਗਈ, ਜਿਵੇਂ ਜ਼ਿੰਦਗੀ ਦੇ ਸਾਰੇ ਕੰਮ ਖਤਮ ਹੋ ਗਏ ਹੋਣ।

'ਛੱਡ ਪਰ੍ਹੇ ਮਨਾਂ' ਉਹਨੂੰ ਤਾਂ ਆਦਤ ਐ, ਹਰ ਵੇਲੇ ਝਖ ਮਾਰਨ ਦੀ, ਮੈਂ ਇਹੀ ਆਪਣੇ ਮਨ ਨੂੰ ਸਾਰੀ ਰਾਤ ਸਮਝਾਉਂਦੀ ਰਹੀ ਅਤੇ ਮਨ ਨੂੰ ਦੂਜੇ ਪਾਸੇ ਲਾਉਣ ਦੀ ਕੋਸ਼ਿਸ਼ ਕਰਦੀ ਹੋਈ ਆਪਣੀ ਨੀਂਦ ਉੜਾ ਕੇ ਪਈ ਰਹੀ, ਪਰ ਮੇਰਾ ਮਨ ਕਿੱਥੇ ਸਮਝੇ, ਘੜੀ ਮੁੜੀ ਖੋਤੀ ਬੋਹੜ ਥੱਲੇ, ਬੰਤੀ ਦੇ ਬੋਲ ਕੰਨਾਂ 'ਚ ਆ ਕੇ ਵਾਰ ਵਾਰ ਟਕਰਾਉਣ, ਅਖੇ, ਵੀਹਾਂ ਸਾਲਾਂ ਦੀ ਕੁੜੀ ਐ, ਪਤਾ ਨਹੀਂ ਕੰਜਰਾਂ ਨੇ ਕੀ ਸੋਚਿਐ ? ਸੁਣਿਐ, ਨਾ ਤਾਂ ਕੁੜੀ ਦਾ ਪਿਉ ਕੋਈ ਅਮਲੀ ਸ਼ਮਲੀ ਐ 'ਤੇ ਨਾ ਹੀ ਪਾਗ਼ਲ ਐ, ਪਤਾ ਨਹੀਂ ਕਿਉਂ ਉਸ ਨੇ ਆਪਣੀ ਧੀ, ਭੰਗੂਆਂ ਦੇ ਸੱਠ ਸਾਲਾਂ ਦੇ ਬੁੱਢੇ ਨਾਲ ਵਿਆਹ ਦਿੱਤੀ...,? ਇਉਂ ਕਹਿ ਕੇ ਬੰਤੀ ਕਹਿੰਦੀ, ਹੁਣ ਬੁੱਢਾ ਭੌਂਕਦਾ ਫਿਰਦੈ, ਬੁੱਢੜਾ ਨਾ ਜਾਣੀ ਪੱਟ ਦਿਉ ਚੁਗਾਠ ਨੀ, ਮੈਂ ਵੀ ਤਾਂ ਉਦੋਂ ਵੀਹਾਂ ਸਾਲਾਂ ਦੀ ਤੀ, ਜਦੋਂ ਮੇਰਾ ਵਿਆਹ ਹੋਇਆ ਸੀ, ਅਖੇ, ਜੀ ਮੁੰਡੇ ਦੀ ਮਾਂ ਬਿਮਾਰ ਰਹਿੰਦੀ ਐ, ਅਗਲੀ ਦਾ ਕੱਲਾ ਕੱਲਾ ਪੁੱਤ ਐ, ਜ਼ਮੀਨ ਬਥੇਰੀ ਐ ਸੁੱਖ ਨਾਲ, ਮਰਨ ਤੋਂ ਪਹਿਲਾਂ ਪਹਿਲਾਂ ਮਾਂ, ਆਪਣੇ ਪੁੱਤ ਦਾ ਵਿਆਹ ਦੇਖਣਾ ਚਾਹੁੰਦੀ ਐ, ਚਲੋ ਬਾਪੂ ਨੇ ਜ਼ਮੀਨ ਵਾਲੀ ਗੱਲ ਉੱਤੇ ਤਾਂ ਮੰਨਣਾ ਹੀ ਸੀ, ਬੁੜੀ ਆਲੇ ਤਰਲੇ ਉੱਤੇ ਤਾਂ ਜਿਵੇਂ ਜ਼ਿਆਦਾ ਹੀ ਰਹਿਮ ਆ ਗਿਆ ਸੀ ਉਸ ਨੂੰ, ਫੇਰ ਉਸ ਕਿਸੇ ਦੀ ਪ੍ਰਵਾਹ ਨਹੀਂ ਸੀ ਕੀਤੀ, ਜਿਵੇਂ ਮੇਰੀ ਬਲ੍ਹੀ ਦੇਣੀ ਹੋਵੇ ।

ਸੱਚੀਓਂ ਈ ਸੱਸ ਮਾਤਾ ਸਾਡੀਆਂ ਲਾਵਾਂ ਨੂੰ ਉਡੀਕ ਰਹੀ ਸੀ ਵਿਚਾਰੀ, ਸਾਡੇ ਵਿਆਹ ਤੋਂ ਬਾਅਦ, ਡੇਢ ਮਹੀਨਾ ਨਹੀਂ ਜਿਊਂ ਸਕੀ, ਸੱਚੀ ਕਹਿਨੀ ਆ ਮੈਨੂੰ ਉਦੋਂ ਕਿਸੇ ਦੇ ਮਰਨੇ ਉੱਤੇ ਰੋਣ ਵੀ ਨਹੀਂ ਸੀ ਆਉਂਦਾ ਹੁੰਦਾ, ਖੌਰੇ ਕਿੱਦਾਂ ਰੋਣ ਨਿਕਲ਼ ਆਉਂਦੈ ਤੀਵੀਂਆਂ ਦਾ ? ਪਰ ਜਦੋਂ 'ਇਹੇ' ਚਲੇ ਗਏ, ਮੈਨੂੰ ਉਦੋਂ ਦੀ ਇਹ ਹੈਰਾਨੀ ਹੁੰਦੀ ਐ, ਕਿ ਇਹੋ ਜਿਹੀ ਹਾਲਤ ਵਿੱਚ ਤੀਮੀਆਂ ਰੋਣੋਂ ਚੁੱਪ ਕਿਵੇਂ ਕਰ ਜਾਂਦੀਆਂ ਨੇ ? ਸਾਰੀ ਰਾਤ ਵਿੱਚ ਮੈਂ ਇਹੀ ਫੈਸਲਾ ਨਹੀਂ ਕਰ ਸਕੀ ।

ਸਰਦਾਰਨੀਏ..., ਮੈਂ ਇਹ ਆਵਾਜ਼ ਸੁਣ ਕੇ ਆਪਣੇ ਵਜੂਦ ਵਿੱਚ ਵਾਪਸ ਮੁੜੀ, ਸਾਡੇ ਬਾਹਰਲੇ ਗੇਟ ਤੋਂ ਬੰਤੀ, ਅੱਜ ਫੇਰ ਅੰਦਰ ਵੜਦੀ ਹੋਈ ਮੈਨੂੰ ਹਾਕ ਮਾਰ ਰਹੀ ਐ, ਮੈਂ ਰਸੋਈ ਵਿੱਚ ਖੜੀ ਹੀ ਬੋਲੀ, ਆਜਾ ਤਾਈ ਲੰਘਿਆ, ਮੈਂ ਦੋਵੇਂ ਜੁਆਕਾਂ ਨੂੰ ਸਕੂਲ ਭੇਜਣ ਤੋਂ ਬਾਅਦ ਆਪਣੇ ਆਪ ਲਈ ਰੱਖੀ ਚਾਹ ਦੀ ਘੁੱਟ ਵਿਚ, ਤਾਈ ਦੀ ਆਵਾਜ਼ ਸੁਣ ਕੇ ਅੱਧਾ ਗਲਾਸ ਦੁੱਧ ਦਾ ਹੋਰ ਪਾ ਲਿਆ, ਤੇ ਉਸ ਨੂੰ ਉਬਾਲੀ ਆਉਣ ਦੀ ਉਡੀਕ ਕਰਨ ਲੱਗੀ, ਉਦੋਂ ਤੱਕ ਬੰਤੀ ਡੰਗਰਾਂ ਵਾਲੇ ਕੋਠੇ ਵਿੱਚੋਂ ਤਸਲਾ ਚੁੱਕਣ ਚਲੀ ਗਈ ਅਤੇ ਮੈਂ ਉਬਾਲੀ ਦੇ ਕੇ ਦੋ ਗਲਾਸਾਂ ਵਿੱਚ ਚਾਹ ਪਾ ਲਿਆਈ, ਲੈ ਤਾਈ ਪਹਿਲਾਂ ਗਰਮਾਂ ਗਰਮ ਚਾਹ ਪੀ ਲੈ, ਠੰਢ ਨੀਂ ਲੱਗਣੀ ਫੇਰ, ਦੇਖ ਕਿਵੇਂ ਕੋਰੇ ਨੇ ਅੱਜ ਤਾਂ ਬੱਸ ਕਰਾਈ ਪਈ ਐ, ਮੈਂ ਤਾਈ ਵੱਲ ਨੂੰ ਚਾਹ ਦਾ ਗਲਾਸ ਕਰਦੀ ਹੋਈ ਨੇ ਕਿਹਾ ।

ਤਾਈ ਕੁਝ ਬਗੈਰ ਬੋਲੇ ਹੀ ਮੈਥੋਂ ਚਾਹ ਦਾ ਗਲਾਸ ਫੜ ਕੇ, ਉਥੇ ਲਾਗੇ ਪਈ ਇੱਕ ਇੱਟ ਉੱਤੇ ਬੈਠ ਗਈ ਅਤੇ ਚਾਹ ਦੀ ਪਹਿਲੀ ਘੁੱਟ ਭਰਕੇ, ਬੂਰੀ ਮੱਝ ਦੇ ਪਿਛਵਾੜੇ ਵੱਲ

ਝਾਕਦੀ ਹੋਈ ਕਹਿਣ ਲੱਗੀ, ਇਹੇ ਸੂ ਪਵੇ ਤਾਂ ਭਾਵੇਂ ਅੱਜ ਈ ਸੂ ਪਵੇ, ਨਹੀਂ ਤਾਂ ਹਾਲੇ ਇੱਕ ਅੱਧਾ ਦਿਨ ਹੋਰ ਲੈ ਲਊ, ਉਸ ਦੀ ਇਹ ਰਲੀ-ਮਿਲੀ ਜਿਹੀ ਗੱਲ ਸੁਣ ਕੇ, ਮੈਨੂੰ ਭਾਵੇਂ ਕੋਈ ਸੁਆਲ ਕਰਨ ਦੀ ਲੋੜ ਨਹੀਂ ਸੀ, ਫੇਰ ਵੀ ਮੇਰੇ ਮੂੰਹੋਂ ਨਿਕਲ ਗਿਆ, ਤਾਈ ਭਲਾ ਤੈਨੂੰ ਕਿਵੇਂ ਪਤਾ ਲੱਗਿਆ ? ਕਿ ਮੱਝ ਸੂਣ ਵਾਲੀ ਐ, ਉਹ ਮੱਝ ਦੀ ਪੂਛ ਵੱਲ ਹੱਥ ਕਰਕੇ, ਉਸ ਦੇ ਪਿਸ਼ਾਬ ਕਰਨ ਵਾਲੇ ਥਾਂ ਉੱਤੇ ਆਈਆਂ ਹੋਈਆਂ ਤਾਰਾਂ ਜਿਹੀਆਂ ਦੇਖਕੇ ਕਹਿਣ ਲੱਗੀ, ਆਹ ਲੱਛਣ ਨੀ ਦਿਖਦੇ ਤੈਨੂੰ ? ਇਹ ਸਭ ਕੁਝ ਸੂਣ ਵਾਲੇ ਦਿਨਾਂ ਵਿੱਚ ਹੀ ਹੁੰਦੈ, ਇਉਂ ਕਹਿ ਕੇ ਉਸ ਨੇ ਚਾਹ ਦੀ ਇੱਕ ਬੜੀ ਸਾਰੀ ਘੁੱਟ ਭਰੀ 'ਤੇ ਖਾਲੀ ਗਲਾਸ ਇੱਟ ਉਪਰ ਰੱਖਦੀ ਹੋਈ 'ਊਪੜੇ' ਕਹਿਕੇ ਉਠ ਖੜ੍ਹੀ, ਸਰਦਾਰਨੀਏ, ਚਾਹ 'ਚ ਪਤਾ ਨੀਂ ਕੀ ਪਾਉਂਦੀਏ...,? ਬੜੀ ਈ ਸੁਆਦ ਤੀ ।

ਉਸ ਦੀ, ਤਾਰਾਂ ਜਿਹੀਆਂ ਆਉਣ ਵਾਲੀ ਗੱਲ ਸੁਣ ਕੇ, ਮੈਨੂੰ ਉਹ ਦਿਨ ਚੇਤੇ ਆ ਗਏ, ਜਦੋਂ ਰਾਤੀ ਸੁਪਨੇ ਵਿੱਚ ਮੈਨੂੰ 'ਇਹ' ਕਦੇ ਦਿਖਾਈ ਦੇ ਜਾਣ, ਫੇਰ ਸਵੇਰੇ ਬਾਥਰੂਮ ਗਈ ਨੂੰ ਮੈਨੂੰ ਵੀ ਤਾਂ ਤਾਰਾਂ ਜਿਹੀਆਂ ਆਉਂਦੀਆਂ ਰਹਿੰਦੀਆਂ ਨੇ, ਕੀ ਫਿਰ ਮੈਂ ਵੀ ਸੂਣ ਵਾਲੀ ਹੋ ਜਾਂਦੀ ਹਾਂ, ਚੱਲ ਛੱਡ ਪਰ੍ਹੇ ਮਨਾਂ, ਮੈਂ ਵੀ ਕਦੇ, ਕੀ ਦਾ ਕੀ ਸੋਚਣ ਲੱਗ ਜਾਂਦੀ ਹਾਂ, ਮੈਂ ਗਲਾਸ ਚੁੱਕਣ ਤੋਂ ਪਹਿਲਾਂ ਸੁੰਨ ਵੱਟਾ ਜਿਹਾ ਬਣੀ ਖੜ੍ਹੀ ਰਹੀ ਅਤੇ ਬੰਤੀ ਏਨੀ ਦੇਰ 'ਚ ਗੋਹੇ ਦਾ ਤਸਲਾ ਭਰਕੇ, ਬਾਹਰ ਰੂੜੀ ਉੱਤੇ ਸੁੱਟਣ ਚਲੀ ਗਈ ।

ਕੋਈ ਅੱਧੇ ਕੁ ਘੰਟੇ 'ਚ ਆਪਣਾ ਕੰਮ ਮੁਕਾ ਕੇ, ਬੰਤੀ ਨੇ ਮੈਨੂੰ ਫੇਰ ਹਾਕ ਮਾਰੀ, ਕਹਿੰਦੀ, ਸਰਦਾਰ ਜੀ ਨੂੰ ਕਹਿ ਦੇਈ ਖ਼ਿਆਲ ਰੱਖਣ ਦੋ ਕੁ ਰਾਤਾਂ, ਮੈਂ ਰਸੋਈ ਵਿੱਚੋਂ ਖੜੀ ਨੇ ਦੇਖਿਆ, ਉਹ ਖਾਲੀ ਤਸਲੇ ਨੂੰ ਚਬੱਚੇ ਆਲੀ ਕੰਧ ਉੱਤੇ ਮੂਧਾ ਮਾਰਦੀ ਹੋਈ ਮੈਨੂੰ ਕਹਿ ਰਹੀ ਐ ।

ਮੈਂ ਤਾਂ ਅੱਜ ਤੱਕ ਕਦੇ ਉਨ੍ਹਾਂ ਨਾਲ ਬੋਲੀ ਵੀ ਨਹੀਂ, ਮੈਂ ਕਿਵੇਂ ਕਹਾਂਗੀ, ਮੈਂ ਬੰਤੀ ਨੂੰ ਹਾਕ ਮਾਰ ਕੇ ਰੋਕਣ ਦੀ ਕੋਸ਼ਿਸ਼ ਕੀਤੀ, ਪਰ ਉਦੋਂ ਤੱਕ ਸਾਡੇ ਬਾਹਰਲੇ ਗੇਟ ਦੀ ਕੁੰਡੀ ਠੱਪ ਕਰਦੀ ਬੰਦ ਹੋ ਗਈ, ਮੈਂ 'ਇਹ ਗੱਲ' ਬਾਪੂ ਜੀ ਨੂੰ ਕਹਿਣ ਲਈ ਆਪਣੇ ਆਪ ਨੂੰ ਤਿਆਰ ਕਰਨ ਲੱਗੀ, ਜਾਂ ਤਾਂ ਮੈਂ ਖੁਦ ਹੀ ਕਹਾਂ, ਜਾਂ ਦੁਪਿਹਰੇ, ਕੱਖ ਛੱਡਣ ਆਏ ਜਾਗਰ ਤੋਂ ਕਹਾਵਾਂ, ਉਨੂੰ ਵੀ ਤਾਂ ਧਿਆਨ ਰੱਖਣਾ ਚਾਹੀਦੈ, ਪਰ ਬਾਪੂ ਜੀ ਕਿਹੜਾ ਜਾਗਰ ਤੋਂ ਘੱਟ ਨੇ, ਉਹਦੇ ਵਾਂਗੂੰ ਬਹੁਤਾ ਘਰ ਵੱਲ ਧਿਆਨ ਨਹੀਂ ਦਿੰਦੇ, ਸਾਰਾ ਕੁੱਝ ਉਨ੍ਹਾਂ ਨੇ ਜਾਗਰ ਤੇ ਛੱਡਿਆ ਹੋਇਐ, 'ਤੇ ਜਾਗਰ ਹਮੇਸ਼ਾ ਆਪਣੇ ਆਪ ਵਿੱਚ ਰਹਿੰਦੈ, ਬੜਾ ਗਵੱਈਆ ਬਣਿਆ ਫਿਰਦੈ, ਜੇ ਬਾਪੂ ਜੀ ਘਰ ਆਉਣਗੇ ਵੀ ਤਾਂ ਬਿਗਾਨਿਆਂ ਵਾਂਗ ਝਾਕੀ ਜਾਣਗੇ, ਜਿਵੇਂ ਓਪਰੀ ਕਸਰ ਹੋਈ ਹੋਵੇ ਉਨ੍ਹਾਂ ਨੂੰ ਕੋਈ, ਬਈ ਇਉਂ ਨਹੀਂ, ਪੋਤਾ ਪੋਤੀ ਉਨ੍ਹਾਂ ਦੀ ਅੰਸ਼ ਵੰਸ਼ ਐ ਘਰ ਵਿੱਚ, ਥੋੜ੍ਹਾ ਬਹੁਤਾ ਚਿਰ ਉਨ੍ਹਾਂ ਨਾਲ ਵੀ ਪਰਚਿਆਂ ਕਰਨ, ਹੁਣ ਤਾਂ ਉਨ੍ਹਾਂ ਦੇ ਦੋ ਹੀ ਟਿਕਾਣੇ ਰਹਿ ਗਏ ਜਾਂ ਤਾਂ ਮੋਟਰ ਉੱਤੇ ਜਾ ਬੈਠਣਗੇ ਜਾਂ ਫਿਰ ਦਰਵਾਜ਼ੇ ਚਲੇ ਜਾਣੈ ਆਪਣੇ ਆੜੀ ਬੇਲੀਆਂ ਕੋਲ ਗੱਪਾਂ ਮਾਰਨ, ਜੇ ਘਰੇ ਆਉਣਗੇ ਵੀ ਤਾਂ ਕਹਿਣਗੇ, ਲਿਆ ਭਾਈ ਰਾਜੇ ਫੜਾ ਰੋਟੀ, ਮੈਂ ਤਾਂ ਛੇਤੀ ਜਾਣੈ, ਜਿਵੇਂ ਘਰੇ ਉਨ੍ਹਾਂ ਨੂੰ ਸੂਲਾਂ ਚੁੱਭ ਰਹੀਆਂ ਹੋਣ ।

ਦੁਪਿਹਰੇ ਰੋਟੀ ਖਾਣ ਆਇਆ ਨੂੰ, ਮੈਂ ਕਹਿ ਹੀ ਦਿੱਤਾ, ਬਾਪੂ ਜੀ ਅੱਜ ਤਾਈ, ਬੂਰੀ ਮੱਝ ਬਾਰੇ ਕਹਿਕੇ ਗਈ ਐ, ਬਈ ਖਿਆਲ ਰੱਖਿਉ, ਮੇਰੇ ਕੋਲੋਂ ਉਨ੍ਹਾਂ ਨੂੰ ਹੋਰ ਕੁੱਝ ਕਹਿਣ ਦੀ ਹਿੰਮਤ ਨਹੀਂ ਸੀ, ਬਈ ਖਿਆਲ ਕਾਹਦਾ ਰੱਖਣੈ, ਉਦੋਂ ਉਨ੍ਹਾਂ ਦਾ ਵੀ ਕੋਈ ਜੁਆਬ ਨਹੀਂ ਸੀ, ਪਰ ਰੋਟੀ ਖਾ ਕੇ ਫਟਾ ਫਟ ਬਾਹਰ ਨਿਕਲਦੇ ਹੋਏ 'ਉਹ' ਮੈਨੂੰ ਕਹਿ ਗਏ, ਆਥਣ ਤੱਕ ਤਾਂ ਤੁਸੀਂ ਧਿਆਨ ਰੱਖਿਉ, ਮੱਝ ਨੂੰ ਬੈਠਣ ਨਾ ਦਿਉ ਭੋਰਾ ਵੀ, ਜੇ ਕੁੱਝ ਨਜ਼ਰ ਆਵੇ ਤਾਂ ਰਾਜੂ ਨੂੰ ਭੇਜ ਕੇ ਮੈਨੂੰ ਬੁਲਾ ਲਿਉ, ਇਸ ਗੱਲ ਤੋਂ ਬਾਅਦ ਮੈਨੂੰ ਫੇਰ ਬਾਹਰਲਾ ਗੇਟ, ਦੂਜੇ ਗੇਟ ਨਾਲ ਭਿੜਦਾ ਸੁਣਿਆ ਤੇ ਠੱਪ ਕਰਦੀ ਕੁੰਡੀ ਫੇਰ ਬੰਦ ਹੋ ਗਈ ਸੀ।

ਰਾਤੀਂ ਰੋਟੀ ਖਾਣ ਤੋਂ ਬਾਅਦ, ਬਾਪੂ ਜੀ ਕਹਿਣ ਲੱਗੇ, ਅੱਜ ਮੈਂ ਆਪਣੀ ਮੰਜੀ ਡੰਗਰਾਂ ਆਲੇ ਹੀ ਡਾਹ ਲੈਨਾ, ਹੁਣ ਖ਼ਿਆਲ ਤਾਂ ਰੱਖਣਾ ਈ ਪੈਣੈ, ਵਿਚਾਰੀ ਮੱਝ ਕਿਤੇ ਜ਼ੋਰ ਈ ਨਾ ਖਾਜੈ ਕੱਲੀ, ਮੈਂ ਕੁਝ ਨਹੀਂ ਬੋਲੀ, ਫੇਰ ਬਾਪੂ ਜੀ, ਰਾਤ ਦੇ ਟਿਕ ਟਿਕਾਅ ਜਿਹਾ ਹੋਏ ਤੇ ਆਪਣੀ ਮੰਜੀ ਡੰਗਰਾਂ ਆਲੇ ਪਾਸੇ ਨੂੰ ਚੁੱਕ ਕੇ ਲੈ ਗਏ, ਮੈਂ ਅਜੇ ਰਾਤ ਦਾ ਦੁੱਧ ਗਰਮ ਕਰ ਰਹੀ ਸਾਂ, ਬਾਪੂ ਜੀ ਨੇ ਦੁੱਧ ਵੀ ਨਹੀਂ ਸੀ ਪੀਤਾ ਹਾਲੇ, ਚੱਲ ਕੋਈ ਨੀ ਮੈਂ ਫੜਾ ਆਉਂਦੀ ਹਾਂ, ਅੱਜ ਤੱਕ ਮੈਂ ਜਦੋਂ ਪਹਿਲਾਂ ਆਪਣੇ ਜੁਆਕਾਂ ਨੂੰ ਦੁੱਧ ਫੜਾਉਣ ਜਾਂਦੀ ਸਾਂ ਤਾਂ ਉਨ੍ਹਾਂ ਨੂੰ ਹੀ ਕਹਿ ਦਿੰਦੀ ਸਾਂ, ਲਉ ਬਈ ਇੱਕ ਜਣਾ ਬੈਠਕ ਵਿੱਚ ਬਾਪੂ ਜੀ ਨੂੰ ਵੀ ਫੜਾ ਆਉ ਭੱਜ ਕੇ, ਪਰ ਅੱਜ ਪਤਾ ਨਹੀਂ ਕਿਉਂ ਮੇਰੀ ਹਿੰਮਤ ਨਹੀਂ ਪਈ ਜੁਆਕਾਂ ਨੂੰ ਕਹਿਣ ਦੀ, ਕਿ ਦੁੱਧ ਫੜਾ ਆਉ, ਉਲਟਾ ਮੈਂ ਉਨ੍ਹਾਂ ਨੂੰ ਕਹਿ ਦਿੱਤਾ, ਕਿ ਦੁੱਧ ਪੀ ਕੇ ਛੇਤੀ ਸੌਂ ਜਾਉ, ਰਾਤੀਂ ਰੱਬ ਨੇ ਆਪਾਂ ਨੂੰ ਇੱਕ ਨਿੱਕਾ ਜਿਹਾ ਕਟਰੂ ਦੇਣੈ, ਇਉਂ ਕਹਿ ਕੇ ਮੈਂ ਆਪਣੀ ਜੀਭ ਦੰਦਾਂ ਥੱਲੇ ਦੇ ਲਈ, ਹਾਏ ਰੱਬਾ ! ਇਹ ਮੈਂ ਕੀ ਕਹਿ ਦਿੱਤੈ ?

ਮੈਂ ਆਪ ਦੁੱਧ ਦਾ ਗਲਾਸ ਚੁੱਕ ਕੇ ਡੰਗਰਾਂ ਆਲੇ ਪਾਸੇ ਨੂੰ ਤੁਰ ਪਈ, ਕਦੇ ਮੈਂ 'ਇਨ੍ਹਾਂ' ਖਾਤਰ ਇਵੇਂ ਗਰਮਾਂ ਗਰਮ ਦੁੱਧ ਲੈ ਕੇ ਚੁਬਾਰੇ ਚੜ੍ਹਿਆ ਕਰਦੀ ਸੀ, ਹੁਣ ਤਾਂ ਚੁਬਾਰੇ ਤੋਂ ਵੀ ਭੈ ਜਿਹਾ ਆਉਣ ਲੱਗ ਪਿਐ, ਉਦੋਂ ਤੋਂ ਰੂਹ ਨਾਲ ਚੁਬਾਰੇ ਵੀ ਨਹੀਂ ਚੜ੍ਹ ਕੇ ਦੇਖਿਆ ਕਦੇ, ਹੁਣ ਜਦੋਂ ਮੈਂ ਬਾਪੂ ਜੀ ਖਾਤਰ ਦੁੱਧ ਲੈ ਕੇ ਜਾ ਰਹੀ ਹਾਂ, ਤਾਂ ਪਤਾ ਨਹੀਂ ਮੈਨੂੰ ਇਉਂ

ਕਿਉਂ ਲੱਗੀ ਜਾਂਦੈ ਕਿ ਮੈਂ ਚੁਬਾਰੇ ਚੜ੍ਹ ਰਹੀ ਹਾਂ, ਪੈਰ ਵੀ ਮੈਂ ਤਾਂ ਇਉਂ ਰੱਖ ਰਹੀ ਹਾਂ ਜਿਵੇਂ ਸੱਚੀਓਂ ਪੌੜੀਆਂ ਚੜ੍ਹ ਰਹੀ ਹੋਵਾਂ, ਛੱਡ ਪਰ੍ਹੇ ਮਨਾਂ ਇਹ ਮੈਂ ਕੀ ਸੋਚਣ ਲੱਗ ਪਈ, ਮੈਂ ਇੱਕ ਹੱਥ ਨਾਲ ਪੱਲੀ ਪਰੇ ਖਿਸਕਾ ਕੇ ਅੰਦਰ ਵੜ ਗਈ, ਮੇਰਾ ਦਿਲ ਕੀਤਾ ਕਿ ਮੈਂ ਦੁੱਧ ਫੜਾਉਣ ਲੱਗੀ ਉਨ੍ਹਾਂ ਨੂੰ ਪੁੱਛੂ ਕਿ ਤੁਸੀਂ "ਭੰਗੂਆਂ ਦੇ ਬੁੜੇ" ਨਾਲੋਂ ਬੜੇ ਓ ਕਿ ਛੋਟੇ...,, ? ਪਰ ਮੈਂ ਅੱਜ ਤੱਕ ਕਦੇ ਵੀ ਇਵੇਂ ਬਾਪੂ ਜੀ ਨੂੰ ਕੱਲ੍ਹਿਆਂ ਬੁਲਾਇਆ ਈ ਨਹੀਂ, ਡੰਗਰਾਂ ਆਲੇ ਹਾਲ ਵਿੱਚ ਮੱਧਮ ਜਿਹੀ ਇੱਕ ਲਾਇਟ ਜਗ ਰਹੀ ਐ, ਮੱਝਾਂ ਦੇ ਸਾਹਾਂ ਨਾਲ ਅੰਦਰ ਨਿੱਘਾ ਨਿੱਘਾ ਹੋਇਆ ਪਿਐ, ਬਾਪੂ ਜੀ ਪਰੇ ਨੂੰ ਮੰਜੀ ਡਾਹੀ ਪਏ ਨੇ, ਮੱਝਾਂ ਤੋਂ ਥੋੜ੍ਹੀ ਹਟਵੀਂ, ਤੂੜੀ ਦੇ ਢੇਰ ਕੋਲ ਨੂੰ, ਜਿਥੋਂ ਉਨ੍ਹਾਂ ਨੂੰ ਸਾਰੀਆਂ ਮੱਝਾਂ ਨਜ਼ਰ ਆ ਰਹੀਆਂ ਨੇ, ਥੋੜ੍ਹਾ ਅੱਗੇ ਹੋ ਕੇ ਮੈਂ ਹਾਕ ਮਾਰ ਦਿੱਤੀ, ਦੁੱਧ ਲੈ ਲਉ, ਮੇਰੇ ਮੂੰਹੋਂ, ਅੱਜ ਉਨ੍ਹਾਂ ਨੂੰ 'ਬਾਪੂ ਜੀ' ਸ਼ਬਦ ਨਿਕਲਿਆ ਹੀ ਨਹੀਂ, ਮੈ ਆਪ ਹੈਰਾਨ ਹੋਈ, ਪਤਾ ਨਹੀਂ ਕਿਉਂ ? ਲਿਆ ਭਾਈ, ਉਨ੍ਹਾਂ ਨੇ ਆਪਣੀ ਮੰਜੀ ਉੱਤੇ ਬੈਠਿਆਂ ਹੀ ਮੈਨੂੰ ਕਿਹਾ ।

ਮੈਂ ਜਦੋਂ ਉਨ੍ਹਾਂ ਨੂੰ ਦੁੱਧ ਦਾ ਗਲਾਸ ਫੜਾਉਣ ਲੱਗੀ ਤਾਂ ਉਹ ਕਹਿਣ ਲੱਗੇ, ਭਾਈ ਜੇ ਮੱਝ ਰਾਤ ਨੂੰ ਸੂਣ ਲੱਗੀ ਤਾਂ ਤੈਨੂੰ ਹਾਕ ਮਾਰ ਲਵਾਂ, ਆ ਜਾਵੇਂਗੀ ? ਹੁਣ ਮੈਂ ਬੁੜਾ ਹੋ ਗਿਆ, ਨਿਰਬਲ ਜਿਹਾ, ਉਨ੍ਹਾਂ ਦੇ ਇਉਂ ਕਹਿਣ ਦੀ ਦੇਰ ਸੀ ਕਿ ਗੋਹੇ ਅਤੇ ਪਿਸ਼ਾਬ ਦਾ ਮਿਲਗੋਭਾ ਜਿਹਾ ਮੁਸ਼ਕ, ਕਿਸੇ ਨਸ਼ੇ ਵਾਂਗ, ਅਜਿਹਾ ਮੇਰੀਆਂ ਨਾਸਾਂ ਨੂੰ ਚੜ੍ਹਿਆ ਜਿਵੇ ਮੈਨੂੰ ਕੋਈ ਸਰੂਰ ਹੋ ਗਿਆ ਹੋਵੇ, ਵਾਪਸ ਮੁੜੀ ਆਉਂਦੀ ਨੂੰ, ਉਹ ਸਰੂਰ ਜਿਹੇ ਨੇ, ਮੈਨੂੰ ਮੇਰੀ ਸੁਹਾਗ ਰਾਤ ਵਾਲੀ ਰਾਤ ਚੇਤੇ ਕਰਵਾ ਦਿੱਤੀ, ਜਦੋਂ ਇਨ੍ਹਾਂ ਨੇ ਮੇਰੇ ਉੱਤੇ ਇੱਕ ਪ੍ਰਫਿਊਮ ਦਾ ਛਿੜਕਾਅ ਕੀਤਾ ਸੀ, ਉਦੋਂ ਮੈਂ ਕਿਵੇਂ ਨਸ਼ਿਆਂ ਗਈ ਸੀ, ਉਹ ਕਿਹੜਾ ਪ੍ਰਫਿਊਮ ਸੀ, ਅੱਜ ਸੋਚਣ ਤੇ ਵੀ, ਉਹਦਾ ਨਾਂ ਨਹੀਂ ਮੈਨੂੰ ਚੇਤੇ ਆ ਰਿਹਾ...। ਮੈਂ ਵਾਪਸ ਮੁੜੀ ਆਉਂਦੀ ਸੋਚ ਰਹੀ ਸੀ ।

ਡਰਾਇੰਗ ਰੂਮ ਅੰਦਰ ਆ ਕੇ ਮੈਂ 'ਆਦਮ-ਕੱਦ' ਸ਼ੀਸ਼ੇ ਦੇ ਅੱਗੇ ਖੜ੍ਹ ਗਈ, ਵੱਡਾ ਬਲਬ ਜਗਾ ਲਿਆ, ਐਨੇ ਸਾਲਾਂ ਬਾਅਦ, ਮੈਂ ਅੱਜ ਪਹਿਲੀ ਵਾਰ ਆਪਣੇ ਚਿਹਰੇ ਨੂੰ ਪਿਆਰ ਨਾਲ ਨਿਹਾਰਿਆ । ਹੈ... ! ਮੈਨੂੰ ਤਾਂ ਥਰੈਡਿੰਗ ਕਰਵਾਈ ਨੂੰ ਵਰ੍ਹੇ ਬੀਤ ਗਏ, ਮੁੱਛਾਂ...ਦਾੜ੍ਹੀ, ਹਾਏ ਰੱਬਾ ਇਹ ਕੀ ? ਮੈਂ ਤਾਂ ਜਮਾਅ ਈ ਬੰਦਾ ਬਣੀ ਪਈ ਆ । ਝੱਟ ਆਲਾ ਦੁਆਲਾ ਦੇਖਿਆਂ 'ਤੇ ਆਪਣੀਆਂ ਗੱਲ੍ਹਾਂ ਉੱਤੇ ਹੱਥ ਰੱਖ ਲਏ, ਤੇ ਫੁਰਤੀ ਨਾਲ ਲਾਇਟ ਬੰਦ ਕਰ ਦਿੱਤੀ, ਫੇਰ ਜਾ ਕੇ ਆਪਣੀ ਰਜਾਈ 'ਚ ਵੜ ਕੇ ਲੁਕ ਗਈ, ਮੇਰੇ ਨੱਕ ਵਿਚ ਹਾਲੇ ਵੀ ਕੋਈ ਸਰੂਰ ਜਿਹੈ, ਮੈਂ ਉਸ ਪ੍ਰਫਿਊਮ ਦਾ ਨਾਂ ਸੋਚਣ ਲੱਗੀ ਤੇ ਕਿੰਨੀ ਦੇਰ

## ਗ਼ਜ਼ਲ / ਰਾਜਦੀਪ ਤੂਰ



ਧੂੜ ਅੱਖਾਂ ਤੋਂ ਲਾਂਭੇ ਜਦੋਂ ਹੋ ਗਈ
ਵੇਖ ਲੈਣਾ ਨਜ਼ਾਰੇ ਬਦਲ ਜਾਣਗੇ
ਜੋਤ ਮੱਥੇ 'ਚ ਜਗਦੀ ਜੇ ਰੱਖੀ ਤੁਸੀਂ
ਇਹ ਹਨੇਰੇ ਵੀ ਚਾਨਣ 'ਚ ਢਲ਼ ਜਾਣਗੇ।

ਅੱਗ ਦਾ ਹੈ ਸੁਭਾ ਸਾੜ ਦੇਣਾ ਇਨ੍ਹੇ
ਬਲ਼ ਪਈ ਜੇ ਕਿਤੇ ਫੇਰ ਬੁਝਣੀ ਨਹੀਂ
ਇਹ ਨਾ ਸੋਚੋ ਕਿ ਸਾੜੇਗੀ ਸਾਡੇ ਹੀ ਘਰ
ਘਰ ਤੁਹਾਡੇ ਵੀ ਵਿੱਚੇ ਹੀ ਜਲ਼ ਜਾਣਗੇ ।

ਮਾਣ ਮਿੱਟੀ ਦਾ ਕੀ ਇਹ ਤਾਂ ਖੁਰ ਜਾਏਗੀ
ਭੁਰਦਿਆਂ ਭੁਰਦਿਆਂ ਅੰਤ ਭੁਰ ਜਾਏਗੀ
ਇਹ ਹਮੇਸ਼ਾ ਨਾ ਐਦਾਂ ਹੀ ਰਹਿਣੇ ਸਜੇ
ਜਿਸਮ ਮਿੱਟੀ ਨੇ ਮਿੱਟੀ 'ਚ ਰਲ਼ ਜਾਣਗੇ ।

ਆਲਣੇ 'ਚੋਂ ਪਰਿੰਦੇ ਜੋ ਉੱਡੇ ਨੇ ਹੁਣ
ਚੋਗ ਚੁਗ ਕੇ ਨਾ ਇਹਨਾਂ ਨੇ ਮੁੜਨਾ ਕਦੇ
ਪੇਟ ਖ਼ਾਤਿਰ ਜੋ ਪਰਵਾਸ ਕੱਟਦੇ ਪਏ
ਇਹ ਪਰਿੰਦੇ ਵੀ ਉਹਨਾ 'ਚ ਰਲ਼ ਜਾਣਗੇ ।

ਵਕਤ ਦੇ ਨਾਲ਼ ਜੇਕਰ ਨਾ ਬਦਲੇ ਤੁਸੀਂ
ਸੇਧ ਇਤਿਹਾਸ ਤੋਂ ਜੇ ਨਾ ਹਾਸਿਲ ਕਰੀ
ਸੋਚ ਜੇਕਰ ਤੁਹਾਡੀ ਜੰਗਾਲੀ ਰਹੀ
ਇਹ ਜ਼ਖ਼ੀਰੇ ਦਿਮਾਗਾਂ ਦੇ ਗਲ਼ ਜਾਣਗੇ।

ਸੋਚਦੀ ਨੂੰ ਅੱਧੀ ਰਾਤ ਬੀਤ ਗਈ, ਨੀਂਦ ਕਾਰਨ ਮੇਰੀਆਂ ਅੱਖਾਂ ਬੰਦ ਹੋ ਰਹੀਆਂ ਨੇ, ਪ੍ਰੰਤੂ ਕੰਨ ਜਾਗ ਰਹੇ ਨੇ, ਕਦੋਂ ਰਾਜੂ ਦੇ ਦਾਦਾ, ਮੈਨੂੰ ਹਾਕ ਮਾਰਨ ਤੇ ਮੈਂ ਭੱਜ ਕੇ ਜਾਵਾਂ ਮੱਝ ਸਵੌਣ, ਕਿਤੇ ਮੱਝ ਜੋਰ ਨਾ ਖਾਜਵੈ... ਕੱਲੀ ।

**93162-88955**

## ਪਰਬਤ ਤੇ ਨਦੀ / ਡਾ. ਸੁਮਨ ਦਿਵੇਦੀ



ਪਰਬਤ ਨੇ ਕਿਹਾ ਨਦੀ ਨੂੰ
ਨਦੀ ਨਦੀ ਹੀ ਹੁੰਦੀ ਹੈ
ਉਹ ਸਿਰਫ਼ ਥੱਲੇ
ਡਿੱਗ ਸਕਦੀ ਹੈ
ਭਾਵੇਂ ਸ੍ਰਿਸ਼ਟੀ ਹੀ
ਕਿਉਂ ਨਾ ਬਦਲ ਜੇ
ਉਹ ਕਦੇ ਉੱਪਰ ਨਹੀਂ
ਚੜ੍ਹ ਸਕਦੀ
ਨਦੀ ਕੇਵਲ ਨਦੀ ਹੁੰਦੀ ਹੈ
ਉਹ ਪਹਾੜ ਤੇ ਨਹੀਂ
ਚੜ੍ਹ ਸਕਦੀ

ਨਦੀ ਬੋਲੀ ਪਹਾੜ ਨੂੰ
ਮੰਨਿਆ ਕਿ ਨਦੀ ਨਦੀ ਹੁੰਦੀ ਹੈ
ਉਹ ਪਹਾੜ ਤੇ ਨਹੀਂ ਚੜ੍ਹ ਸਕਦੀ
ਪਰ ਉਹ ਪਹਾੜ ਦੇ ਮੱਥੇ ਨੂੰ ਚੀਰ ਕੇ
ਜਦੋਂ ਥੱਲੇ ਆਉਂਦੀ ਹੈ ਤਾਂ
ਆਪਣੀ ਹੀ ਨਹੀਂ ਤੇਰੀ ਵੀ
ਦੁਨੀਆਂ ਵਸਾਉਂਦੀ ਹੈ

ਤੈਨੂੰ ਹੰਕਾਰ ਹੈ
ਆਪਣੇ ਹੋਣ ਦਾ
ਦੂਜਿਆਂ ਨੂੰ ਮਿਟਾ ਕੇ
ਖੁਦ ਨੂੰ ਲੱਭਣ ਦਾ
ਮੈਂ ਕਹਿੰਦੀ ਹਾਂ
ਤੂੰ ਕੁਝ ਵੀ ਨਹੀਂ ਹੈਂ
ਜਿੱਥੇ ਖੜ੍ਹਾ ਸੀ ਉੱਥੇ ਖੜ੍ਹਾ ਹੈਂ
ਤੇ ਬੱਸ ਆਪਣੀ
ਜ਼ਿਦ ਤੇ ਅੜਿਆ ਹੈਂ
ਖੜ੍ਹਾ ਹੈਂ
ਅੜਿਆ ਹੈ
ਬਸ ਅੜਿਆ ਹੀ ਰਹੇਂਗਾ
ਤੇਰੇ ਡਿੱਗਦੇ ਹੀ ਤੇਰਾ ਵਜੂਦ
ਖਤਮ ਹੋ ਜਾਏਗਾ
ਪਰ ਤੇਰੇ ਥੱਲੇ
ਦੱਬੇ ਅਵਸ਼ੇਸ਼ਾਂ ਦਾ
ਮਹਤਵ ਵਧ ਜਾਏਗਾ
ਪਰ ਤੂੰ ਮਿੱਟੀ ਦੇ
ਭਾਅ ਵੀ ਨਹੀਂ ਵਿਕੇਂਗਾ
ਸਿਮਟ ਕੇ ਮੇਰੀ ਹੀ
ਦੁਨੀਆਂ ਵਿਚ
ਖੁਦ ਨੂੰ ਲੱਭੇਂਗਾ
ਹਾਂ ਮੈਂ ਨਦੀ ਹਾਂ
ਨਦੀ ਹੀ ਰਹਾਂਗੀ
ਕਦੇ ਉਸ ਪਰਬਤ ਤੇ
ਨਹੀਂ ਚੜ੍ਹਾਂਗੀ
ਜਿਸ ਨੂੰ ਹੰਕਾਰ ਹੈ
ਆਪਣੀ ਹੋਂਦ ਤੇ
ਘੁਮੰਡ ਹੈ ਖੁਦ ਦੇ ਹੋਣ ਤੇ

ਹਾਂ ਮੈਂ ਨਦੀ ਹਾਂ
ਨਦੀ ਹੀ ਰਹਾਂਗੀ
ਨਦੀ ਹੀ ਰਹਾਂਗੀ.......

## ਜੁੱਤੀਆਂ / ਦੀਪਤੀ ਸਾਰਸਵਤ ਪ੍ਰਤਿਮਾ

ਧੋ ਪੂੰਝ ਕੇ
ਰੱਖ ਦਿੱਤਾ ਗਿਆ ਹੈ
ਨੁੱਕਰ ਵਿਚ
ਇਕ ਕੋਨੇ 'ਚ ਪਈਆਂ
ਹੋ ਗਈਆਂ ਨੇ ਉਦਾਸ
ਛੂ ਉਨ੍ਹਾਂ ਨੂੰ
ਕਦੋਂ ਦੀ ਨਹੀਂ ਮਿਲੀ
ਸੜਕ ਨਾਲ ਹੋ ਗਈ ਸੀ ਦੋਸਤੀ
ਪਗਡੰਡੀਆਂ ਨਾਲ ਪਹਿਚਾਣ
ਪੌੜੀਆਂ ਨਾਲ ਦੁਆ ਸਲਾਮ
ਸਭ ਹੋ ਗਈਆਂ
ਗੱਲਾਂ ਭੁੱਲੀਆਂ ਬਿਸਰੀਆਂ
ਉਦਾਸੀ ਬਸ ਉਦਾਸੀ ਹੈ
ਪਸਰੀ ਹੁਈ
ਜੁਰਾਬਾਂ ਜੋ ਰਹਿੰਦੀਆਂ ਸਨ
ਨਾਲ ਨਾਲ
ਹੁਣ ਦਰਸ਼ਨ ਵੀ ਉਨ੍ਹਾਂ ਦੇ
ਨਸੀਬ ਨਹੀਂ
ਜਿਸਮ ਰਹਿਣ ਲੱਗਿਆ ਹੈ
ਸਖਤ ਸਖਤ
ਇਕ ਚੂਹੇ ਨੇ
ਸਮਝ ਰੱਖਿਆ ਹੈ
ਇਨ੍ਹਾਂ ਨੂੰ ਖੁੱਡ ਆਪਣੀ
ਹੈਰਾਨ ਹਨ ਹਾਲਾਤ ਤੇ
ਚੋਰੀ ਚੋਰੀ ਦੇਖ ਲਿਆ
ਕਰਦੀਆਂ ਹਨ
ਰਹਿ ਰਹਿ ਕੇ ਇਕ ਦੂਜੇ ਨੂੰ
ਕਿੰਨੇ ਦਿਨ ਲੰਘ ਗਏ
ਗੁਮਸੁਮ
ਕੋਈ ਪਾਵੇ ਇਨ੍ਹਾਂ ਨੂੰ
ਪੈਰਾਂ ਵਿਚ ਪਾਵੇ
ਤਾਂ ਹੀ ਸ਼ੁਰੂ ਹੋਵੇ
ਕੁਝ ਹਿਲਜੁਲ
ਟੱਕ ਟੱਕ
ਖਟਰ ਖਟਰ
ਕਿੰਨੀਆਂ ਹੀ ਗੱਲਾਂ ਨੇ
ਜੋ ਜਾਣਦੀਆਂ ਨੇ
ਬਿਨਾਂ ਜਮੀਨ ਨਾਲ ਗੱਪਾਂ ਮਾਰੇ
ਕਿਵੇਂ ਦੱਸੀਏ
ਮਨ ਬਿਲਕੁਲ ਵੀ
ਲੱਗਦਾ ਨਹੀਂ।



**ਅਨੁ. ਅ.ਕ.**

# ਕਵਿਤਾਵਾਂ

## ਬਦਲੋ / ਰਮੇਸ਼ ਪ੍ਰਜਾਪਤੀ



ਦਰਖਤ ਨੇ ਬਦਲ ਦਿੱਤੇ ਪੱਤੇ
ਨਦੀ ਨੇ ਬਦਲ ਦਿੱਤਾ ਪਾਣੀ
ਚਿੜੀ ਨੇ ਖੰਭ
ਸੱਪ ਨੇ ਆਪਣੀ ਕੁੰਜ ਉਤਾਰੀ
ਸਾਥੀਓ !
ਵਿਕਾਸ ਰਥ ਦੇ ਘਸ ਚੁੱਕੇ ਪਹੀਏ
ਬਦਲੋ

ਮੌਸਮ ਬਦਲਦਾ ਆਪਣਾ ਮਿਜਾਜ਼
ਸੂਰਜ ਆਪਣੀ ਤਾਸੀਰ
ਧਰਤੀ ਆਪਣੀ ਗਤੀ
ਜੀਵਨ ਆਪਣੇ ਹੋਣ ਦੇ ਅਰਥ
ਬਦਲਦਾ ਪਲ ਪਲ
ਉੱਠੋ ਧੁੱਪ ਤੇ ਲੂ ਦੀ
ਪ੍ਰਵਾਹ ਕੀਤੇ ਬਿਨਾਂ
ਇਸ ਜ਼ਹਰੀਲੀ ਆਬੋ ਹਵਾ ਨੂੰ ਬਦਲੋ

ਤੁਸੀਂ ਪਿੱਛੇ ਕਿਉਂ ਛੁੱਟ ਰਹੇ ਹੋ
ਹਵਾ ਦਾ ਰੁਖ ਦੇਖੋ
ਥੋੜਾ ਅੱਗੇ ਵਧੋ
ਲੋਹਾ ਗਰਮ ਹੋ ਚੁੱਕਿਆ ਹੈ
ਭਾਈਚਾਰੇ ਦੀਆਂ ਜੜ੍ਹਾਂ ਵਿਚ
ਤੇਲ ਪਾ ਰਹੇ
ਰਾਸ਼ਟਰਵਾਦ ਦੇ ਨਾਮ ਤੇ
ਜੰਗਲਰਾਜ ਨੂੰ ਬਦਲੋ
ਫੁੱਲਾਂ ਦੇ ਭਰਮ ਵਿਚ ਨਾ ਭਟਕੋ
ਜੋ ਵਿਚਾਰ ਕੰਨਾਂ ਵਿਚ ਉਬਲਦੇ ਤੇਲ
ਵਾਂਗ ਡਿੱਗਦੇ ਹਨ
ਬਿਲਕੁਲ ਨਾ ਸੁਣੋ
ਉਨ੍ਹਾਂ ਦੀ ਅਵਾਜ਼ ਬਹੁਤ ਮਨਮੋਹਕ ਹੈ
ਉਸਦੇ ਪਿਛੇ ਛੁਪੇ ਸੱਚ ਨੂੰ
ਸਮਝੋ ਤੇ ਬਦਲੋ

ਹੁਣ ਜੇ ਰਹਿ ਗਏ ਤਾਂ ਹੱਥ ਮਲਦੇ
ਰਹਿ ਜਾਉਗੇ
ਬਦਲੋ ਜਿੰਨਾ ਜਲਦੀ ਹੋ ਸਕੇ
ਪ੍ਰਦੂਸ਼ਿਤ ਹੋ ਰਹੀ ਇਸ ਵਿਵਸਥਾ ਨੂੰ
ਬਦਲੋ।

## ਕਵਿਤਾਵਾਂ / ਲਕਸ਼ਮੀਕਾਂਤ ਮੁਕੁਲ

### ਪਹਿਲੀ ਬਰਸਾਤ

ਮੌਨਸੂਨ ਦੀਆਂ ਪਹਿਲੀਆਂ ਬੂੰਦਾਂ ਵਿਚ
ਭਿੱਜ ਰਿਹਾ ਹੈ ਪਿੰਡ
ਭਿੱਜ ਰਹੇ ਨੇ ਬੀਜੇ ਅਧਬੀਜੇ ਖੇਤ



ਭਿੱਜ ਰਹੀ ਹੈ ਨੇੜੇ ਵਹਿੰਦੀ ਨਦੀ
ਭਿੱਜ ਰਿਹਾ ਹੈ ਨਹਿਰ ਕਿਨਾਰੇ ਖੜ੍ਹਾ
ਪਿੱਪਲ ਦਾ ਦਰਖਤ
ਹਵਾ ਦੇ ਬੁੱਲਿਆਂ ਨਾਲ ਹਿੱਲਦਾ
ਭਿੱਜ ਰਹੀਆਂ ਨੇ ਚਰਦੀਆਂ ਹੋਈਆਂ
ਬੱਕਰੀਆਂ
ਭਿੱਜ ਰਿਹਾ ਹੈ ਖੰਡਰਾਂ ਵਿਚ
ਘਿਰਿਆ ਮੇਰਾ ਘਰ
ਬਰਾਂਡੇ ਵਿਚ ਖੜ੍ਹੀ ਹੋਈ ਤੂੰ
ਭਿੱਜ ਰਹੀ ਹੈਂ ਹਵਾ ਦੇ ਨਾਲ
ਟੇਢੀਆਂ ਆਉਂਦੀਆਂ ਬਾਰਿਸ਼ ਦੀਆਂ
ਬੂੰਦਾਂ ਨਾਲ

ਖੇਤਾਂ ਵਿਚੋਂ ਭਿੱਜਿਆ ਭਿੱਜਿਆ
ਪਰਤ ਰਿਹਾ ਹਾਂ ਤੇਰੇ ਕੋਲ
ਮਿਲਣ ਦੀ ਉਸੇ ਲਲਕ ਦੇ ਨਾਲ
ਜਿਵੇਂ ਆਕਾਸ਼ ਤੋਂ ਟਪਕਦੀਆਂ ਬੂੰਦਾਂ
ਬੇਚੈਨ ਹੁੰਦੀਆਂ ਨੇ ਛੂਹਣ ਲਈ
ਸੁੱਕੀ ਮਿੱਟੀ ਵਿਚੋਂ ਉੱਠਦੀ
ਧਰਤੀ ਦੀ ਸੋਂਧੀ ਮਹਿਕ

### ਮੇਰਾ ਮਨ

ਚੁੱਲ੍ਹੇ ਦੀ ਰਾਖ਼ ਵਾਂਗੂੰ
ਨੀਲਾ ਪੈ ਗਿਆ
ਮੇਰੇ ਮਨ ਦਾ ਆਕਾਸ਼
ਉਦੋਂ ਹੀ ਤੂੰ ਆਉਂਦੀ ਹੈਂ
ਜਲਕੁੰਭੀ ਦੇ ਨੀਲੇ ਫੁੱਲਾਂ
ਵਾਂਗ ਖਿੜੀ ਖਿੜੀ
ਤੈਨੂੰ ਦੇਖ ਕੇ ਪਿਘਲਣ ਲਗਦੇ ਨੇ
ਦੁਨੀਆਂ ਦੀ ਕਠੋਰਤਾ ਨਾਲ
ਸੁੰਘੜੇ ਮੇਰੇ ਸੁਪਨਿਆਂ ਦੇ
ਪਹਾੜ।

### ਬਰਸਾਤ ਦੀ ਝੜੀ ਵਿੱਚ

ਇੰਦਰ ਧਨੁਸ਼ ਦੇ
ਰੰਗਾਂ ਵਾਂਗ
ਘੁਲ ਗਈ ਹੈਂ
ਤੂੰ ਮੇਰੇ ਅੰਦਰ
ਆਂਚਲ ਦੇ ਕਿਨਾਰੇ ਨਾਲ
ਸਹਿਲਾਉਂਦੀ ਹੈਂ ਜਦੋਂ
ਮੇਰੇ ਸਿੰਮਦੇ ਜ਼ਖ਼ਮਾਂ ਨੂੰ
ਤਾਂ ਘਿਰ ਜਾਂਦਾ ਹਾਂ ਮੈਂ
ਮਿੱਠੇ ਸੁਪਨਿਆਂ ਦੀ
ਬਰਸਾਤ ਦੀ ਝੜੀ ਵਿੱਚ।

**ਅਨੁ. ਅ.ਕ.**

## ਕਹਾਣੀ / ਸ਼ਰੀਕ / ਮੁਹੰਮਦ ਇਮਤਿਆਜ਼

"ਕੀ ਕਹਾਂਗੇ ਪੁਲਸ ਨੂੰ?" ਅੱਛੂ ਨੇ ਰਹਿਮੇ ਵੱਲ ਝਾਕਦਿਆਂ ਲੂੰਗੀ ਦਾ ਫੜਿਆ ਲੜ ਛੱਡਿਆ। ਕੋਲ ਖੜ੍ਹਾ ਰਹਿਮਾ ਕੁਰਸੀਆਂ 'ਤੇ ਬੈਠੇ ਲੋਕਾਂ ਵੱਲ ਵੇਖਦਾ ਰਿਹਾ।



ਹਸਪਤਾਲ ਦੀਆਂ ਕੰਧਾਂ ਤੋਂ ਲੈ ਕੇ ਛੱਤ ਤੱਕ ਸਫੈਦੀ ਹੀ ਸਫੈਦੀ ਨਜ਼ਰ ਆ ਰਹੀ ਸੀ। ਤੁਰੀਆਂ-ਫਿਰਦੀਆਂ ਨਰਸਾਂ ਦੇ ਚਿੱਟੇ ਕੋਟ ਵੀ ਇਸ ਸਫੈਦੀ ਵਿੱਚ ਘੁਲ-ਮਿਲ ਰਹੇ ਸਨ। ਕੁਰਸੀਆਂ 'ਤੇ ਵਾਰੀ ਦੀ ਉਡੀਕ ਕਰ ਰਹੇ ਮਰੀਜ਼ਾਂ ਦੇ ਰੰਗ-ਬਰੰਗੇ ਕੱਪੜੇ ਸਫੈਦ ਕਾਗ਼ਜ਼ 'ਤੇ ਡੁੱਲ੍ਹੇ ਰੰਗਾਂ ਵਾਂਗ ਨਜ਼ਰ ਆ ਰਹੇ ਸਨ। 'ਚੁੱਪ ਦਾ ਦਾਨ ਬਖ਼ਸ਼ੋ' ਵਾਲੇ ਬੋਰਡ ਹੇਠ ਲੰਮੇ ਬੈਂਚ ਦੇ ਇੱਕ ਕੋਨੇ 'ਤੇ ਬੈਠੀਆਂ ਦੋ ਬੁੱਢੀਆਂ ਗੱਲਾਂ ਕਰ ਰਹੀਆਂ ਸਨ। ਦੂਜੇ ਕੋਨੇ 'ਤੇ ਬੈਠਾ ਅੱਛੂ ਆਪਣੀ ਲੂੰਗੀ ਦੇ ਲੜ ਨੂੰ ਬੇਮਕਸਦ ਛੇੜ ਰਿਹਾ ਸੀ।

ਉਸ ਨੇ ਸਵਾਲ ਦੁਹਰਾਇਆ।

"ਡਰੀ ਕਿਉਂ ਜਾਨੈਂ!... ਜੇ ਤੂੰ ਜਾਣੈ, ਤਾਂ ਜਾਹ!" ਰਹਿਮੇ ਨੇ ਉਸ ਵੱਲ ਮੂੰਹ ਘੁਮਾਇਆ।

"ਡਰਨ ਦੀ ਗੱਲ ਨ੍ਹੀਂ!... ਜੇ ਪੁਲਸ ਨੂੰ ਪਤਾ ਲੱਗ ਗਿਆ... ਮੁੰਡਾ ਤਾਂ ਜੇਲ੍ਹ ਜਾਊ, ਫੇਰ!"

ਅੱਛੂ ਦੀ ਉੱਚੀ ਅਵਾਜ਼ ਸੁਣ ਲੰਮੇ ਕੱਦ ਵਾਲੀ ਨਰਸ ਉਸ ਵੱਲ ਝਾਕੀ, ਅਤੇ ਕਾਹਲੀ ਨਾਲ 'ਐਮਰਜੈਂਸੀ' ਵਿੱਚ ਵੜ ਗਈ। ਕੁੱਝ ਸਮਾਂ ਪਹਿਲਾਂ ਇਸੇ ਨਰਸ ਨੇ ਕਾਗ਼ਜ਼ 'ਤੇ ਲਿਖਣਾ ਸ਼ੁਰੂ ਕੀਤਾ ਸੀ, "ਪੇਸ਼ੈਂਟ ਦਾ ਨਾਮ?"

"ਜੀ, ਬਿਪਨ ਕੁਮਾਰ।"

ਨਰਸ ਨੇ ਵਰਕਾ ਹਥਲੇ ਗੱਤੇ ਹੇਠ ਕੀਤਾ ਸੀ ਤੇ ਨਵੇਂ ਕਾਗ਼ਜ਼ 'ਤੇ ਪੈੱਨ ਟਿਕਾਇਆ ਸੀ, "ਤੁਹਾਡਾ ਨਾਮ?"

"ਜੀ, ਰਹਿਮ ਦੀਨ।"

"ਤੁਸੀਂ ਕੀ ਲੱਗਦੇ ਓਂ ਪੇਸ਼ੈਂਟ ਦੇ?"

"ਜੀ, ਭਰਾ ਐ ਮੇਰਾ!"

ਨਰਸ ਨੇ ਕਾਗ਼ਜ਼ ਤੋਂ ਨਜ਼ਰਾਂ ਚੁੱਕੀਆਂ ਸਨ। ਅੱਖਾਂ ਦੇ ਕੋਨਿਆਂ 'ਚੋਂ ਰਹਿਮੇ ਨੂੰ ਘੂਰਿਆ ਸੀ, "ਪੇਸ਼ੈਂਟ ਨੂੰ ਤੁਸੀਂ ਲੈ ਕੇ ਆਏ ਸੀ?"

"ਹਾਂ, ਜੀ।" ਰਹਿਮੇ ਨੇ ਪੈਂਟ ਦੇ ਬਾਹਰ ਲਟਕ ਰਹੀ ਕਮੀਜ਼ ਦੇ ਕੋਨੇ ਨੂੰ ਫੜਿਆ ਸੀ।

"ਇੱਕ ਮਿੰਟ," ਕਹਿ ਕੇ ਨਰਸ ਡਾਕਟਰ ਦੇ ਕੈਬਿਨ ਵਿੱਚ ਵੜ ਗਈ ਸੀ।

ਡਾਕਟਰ ਦੇ ਕੈਬਿਨ 'ਚੋਂ ਨਿੱਕਲਦਿਆਂ ਉਸ ਨੇ ਰਹਿਮੇ ਨੂੰ ਸੰਬੋਧਨ ਕੀਤਾ ਸੀ, "ਦੇਖੋ! ਸਾਨੂੰ ਪੁਲਸ ਨੂੰ ਇਨਫਾਰਮ ਕਰਨਾ ਪਊ!... ਤੁਸੀਂ ਵੇਟ ਕਰ ਲਓ।"......

ਦਰਵਾਜ਼ੇ ਦੀ ਸਫੈਦੀ ਵਿੱਚੋਂ ਖ਼ਾਕੀ ਰੰਗ ਪ੍ਰਗਟ ਹੋਇਆ। ਦੋ ਪੁਲਿਸ ਅਫ਼ਸਰ ਡਾਕਟਰ ਦੇ ਕੈਬਿਨ ਵਿੱਚ ਦਾਖ਼ਲ ਹੋਏ।

ਕੁੱਝ ਦੇਰ ਬਾਅਦ ਰਹਿਮਾ ਤੇ ਅੱਛੂ ਡਾਕਟਰ ਦੇ ਖੱਬੇ ਹੱਥ ਪਈਆਂ ਕੁਰਸੀਆਂ 'ਤੇ ਬੈਠੇ ਸਨ। ਡਾਕਟਰ ਦੇ ਸਾਹਮਣੇ ਬੈਠੇ ਅਫ਼ਸਰ ਮੇਜ਼ 'ਤੇ ਪਏ ਕਾਗ਼ਜ਼ਾਂ ਵੱਲ ਝਾਕ ਰਹੇ ਸਨ।

"ਕੀ ਕੰਮ ਕਰਦੇ ਓਂ ਤੁਸੀਂ?" ਮੋਢਿਆਂ 'ਤੇ ਤਿੰਨ ਤਾਰਿਆਂ ਵਾਲੇ ਅਫ਼ਸਰ ਨੇ ਪੁੱਛਿਆ।

"ਜੀ, ਮੰਡੀ 'ਚ ਆੜ੍ਹਤ ਐ ਮੇਰੀ।" ਰਹਿਮਾ ਬੋਲਿਆ। ਇੱਕ-ਤਾਰੇ ਵਾਲੇ ਅਫ਼ਸਰ ਨੇ ਕਾਗ਼ਜ਼ 'ਤੇ ਲਿਖ ਲਿਆ।

"ਮੈਂ ਕਸਾਨ ਆਂ।" ਜਦੋਂ ਅੱਛੂ ਬੋਲਿਆ ਤਾਂ ਇੰਸਪੈਕਟਰ ਨੇ ਉਸ ਵੱਲ ਗਰਦਨ ਘੁਮਾ ਕੇ ਵੇਖਿਆ।

"ਤੇਨੂੰ ਬਿਪਨ ਕੁਮਾਰ ਦੇ ਡਿੱਗਣ ਦਾ ਕਿਵੇਂ ਪਤਾ ਲੱਗਿਆ?"

ਆਪਣੀਆਂ ਅੱਖਾਂ ਵਿੱਚ ਇੰਸਪੈਕਟਰ ਦੀਆਂ ਨਜ਼ਰ ਚੁਭਣ ਨਾਲ ਰਹਿਮੇ ਦੀਆਂ ਪਲਕਾਂ ਝੁਕ ਗਈਆਂ। ਅੱਛੂ ਬੋਲਿਆ, "ਮੰਡੀ 'ਚ ਅੱਜ ਛੁੱਟੀ ਐ, ਜੀ!... ਏਹ ਸਫਾਈ ਕਰੀ ਜਾਂਦਾ ਸੀ।... ਜਦੋਂ ਬਿਪਨ ਦੀ ਦੁਕਾਨ ਮੂਹਰੋਂ ਲੰਘਿਆ, ਤਾਂ ਏਹਨੇ ਫੂਨ ਕੀਤਾ ਮੇਨੂੰ, ਅਖੇ- ਗਿਰਿਆ ਪਿਐ, ਅਸਪਤਾਲ ਲਜਾਣੈ... !"

ਇੰਸਪੈਕਟਰ ਨੇ ਅੱਛੂ ਵੱਲ ਘੂਰੀ ਵੱਟੀ।

ਥੋੜ੍ਹੀ ਦੇਰ ਬਾਅਦ ਉਸ ਨੇ ਮੋਬਾਇਲ 'ਤੇ ਨੰਬਰ ਡਾਇਲ ਕੀਤਾ, ਤੇ ਕੈਬਿਨ 'ਚੋਂ ਬਾਹਰ ਨਿੱਕਲ ਗਿਆ।

ਵਾਪਸ ਆ ਕੇ ਉਸ ਨੇ ਡਾਕਟਰ ਨੂੰ ਸੰਬੋਧਨ ਕੀਤਾ, "ਐਸ. ਪੀ. ਸਾਹਬ ਖੁਦ ਆ ਰਹੇ ਨੇ।" ਫਿਰ ਉਸ ਨੇ ਅੱਛੂ ਤੇ ਰਹਿਮੇ ਵੱਲ ਵੇਖਿਆ, "ਤੁਸੀਂ ਜਾਣਾ ਨ੍ਹੀਂ ਹਾਲੀਂ।... ਏ. ਐਸ. ਆਈ. ਸਾਹਬ ਐਥੇ ਈ ਬੈਠੇ ਨੇ।"

ਜਦੋਂ ਦਾ ਹਿੰਦੂ ਬੱਚੇ ਦਾ ਕਤਲ ਹੋਇਆ ਸੀ, ਪੁਲਿਸ ਪੂਰੀ ਮੁਸਤੈਦ ਸੀ। ਰਾਤ ਨੂੰ ਵੀ ਗਸ਼ਤ ਜਾਰੀ ਸੀ। ਜਿਥੇ ਇੰਨੀ ਕੁ ਅਬਾਦੀ ਵਾਲੇ ਸ਼ਹਿਰ ਡੀ. ਐਸ. ਪੀ. ਦੇ ਅਧੀਨ ਸਨ, ਉਥੇ ਮਲੇਰਕੋਟਲੇ ਵਿੱਚ ਖ਼ਾਸ ਤੌਰ 'ਤੇ ਐਸ. ਪੀ. ਨੂੰ ਤੈਨਾਤ ਕੀਤਾ ਗਿਆ ਸੀ।

ਹਿੰਦੂ ਜਥੇਬੰਦੀ ਦਾ ਇਲਜ਼ਾਮ ਸੀ- "ਬੱਚੇ ਦਾ ਕਤਲ ਉਸ ਦੇ ਮੁਸਲਮਾਨ ਦੋਸਤ ਨੇ ਕੀਤਾ ਹੈ। ਮੁਸਲਮਾਨ ਹਿੰਦੂਆਂ ਨੂੰ ਸ਼ਹਿਰ ਵਿੱਚੋਂ ਕੱਢਣਾ ਚਾਹੁੰਦੇ ਹਨ।"

ਮੁਸਲਿਮ ਜਥੇਬੰਦੀ ਨੇ ਪ੍ਰੈਸ ਕਾਨਫਰੰਸ ਕਰ ਕੇ ਇਸ ਨੂੰ ਨਕਾਰਿਆ ਸੀ।

ਹਿੰਦੂ ਜਥੇਬੰਦੀ ਨੇ ਥਾਣੇ ਅੱਗੇ ਧਰਨਾ ਲਾਇਆ ਸੀ, ''ਪੁਲਸ ਦੀ ਜਾਂਚ ਸ਼ੱਕੀ ਹੈ।''

ਚਾਹ ਦੀਆਂ ਦੁਕਾਨਾਂ 'ਤੇ ਗੱਲਾਂ ਹੁੰਦੀਆਂ ਸਨ ਕਿ ਕਿਸੇ ਰਾਤ ਸ਼ਹਿਰੋਂ ਬਾਹਰਲੇ ਹਿੰਦੂ ਮੁਸਲਮਾਨਾਂ 'ਤੇ ਹਮਲਾ ਕਰਨਗੇ। ਸ਼ਹਿਰ ਵਿੱਚ ਬਹੁਗਿਣਤੀ ਹੋਣ ਦੇ ਬਾਵਜੂਦ ਮੁਸਲਮਾਨ ਡਰੇ ਹੋਏ ਸਨ।......

ਕੈਬਿਨ ਵਿੱਚ ਇੱਕ ਹੋਰ ਪੁਲਿਸ ਅਫ਼ਸਰ ਦਾਖ਼ਲ ਹੋਇਆ। ਉਸ ਦੇ ਪਿੱਛੇ-ਪਿੱਛੇ ਪਹਿਲਾਂ ਵਾਲਾ ਇੰਸਪੈਕਟਰ ਵੀ ਸੀ।

ਨਵੇਂ ਅਫ਼ਸਰ ਦੇ ਮੋਢੇ 'ਤੇ ਰਾਸ਼ਟਰੀ ਚਿੰਨ੍ਹ ਸੀ। ਵਰਦੀ ਵਿੱਚ ਕੋਈ ਬਲ ਨਹੀਂ ਸੀ ਦਿਸ ਰਿਹਾ। ਪਰ ਪੱਗ ਦੇ ਪੇਚ ਇੰਸਪੈਕਟਰ ਨਾਲੋਂ ਢਿੱਲੇ ਸਨ। ਏ. ਐਸ. ਆਈ. ਨੇ ਉੱਠ ਕੇ ਸਲੂਟ ਮਾਰਿਆ। ਉਸ ਨੂੰ ਵੇਖ ਡਾਕਟਰ ਤੇ ਰਹਿਮੇ ਹੁਰੀਂ ਵੀ ਖੜ੍ਹੇ ਹੋ ਗਏ।

ਐਸ. ਪੀ. ਨੇ ਡਾਕਟਰ ਨਾਲ ਹੱਥ ਮਿਲਾਇਆ। ''ਡਾਕਟਰ ਸਾਹਬ! ਕਦੋਂ ਤੋਂ ਪ੍ਰੈਕਟਿਸ ਕਰ ਰਹੇ ਓਂ ਮਲੇਰਕੋਟਲੇ 'ਚ?''

''ਜੀ! ਕੋਈ ਪੰਦਰਾਂ-ਵੀਹ ਸਾਲ ਤੋਂ! ਪਹਿਲਾਂ ਮੈਂ ਸਿਵਲ ਹਾਸਪੀਟਲ 'ਚ ਰਿਹਾਂ। ਫੇਰ ਏਥੇ ਈ ਪ੍ਰਾਈਵੇਟ ਪ੍ਰੈਕਟਿਸ ਸ਼ੁਰੂ ਕਰ-'ਤੀ।''

ਐਸ. ਪੀ. ਨੇ ਭਰਵੱਟੇ ਉਤਾਂਹ ਚੁੱਕੇ, ''ਏਨਾ ਚੰਗਾ ਲੱਗਿਆ ਤੁਹਾਨੂੰ ਏਹ ਸ਼ਹਿਰ!''

ਡਾਕਟਰ ਮੁਸਕੁਰਾਇਆ।

''ਮੇਰੀ ਤਾਂ ਜਦੋਂ ਦੀ ਏਥੇ ਪੋਸਟਿੰਗ ਹੋਈ ਐ, ਰਾਤਾਂ ਦੀ ਨੀਂਦ ਉੱਡੀ ਪਈ ਐ!... ਮੇਰੇ ਤਾਂ ਬੈਚਮੇਟ ਵੀ ਕਹਿੰਦੇ ਨੇ- ਕਿੱਥੇ ਫਸ ਗਿਆ!... ਰਿਟਾਰਿਮੈਂਟ ਨੇੜੇ ਐ। ਡਰ ਐ ਕਿਤੇ ਕੀਤੀ-ਕਰਾਈ ਸਰਵਿਸ 'ਤੇ ਦਾਗ ਨਾ ਲੱਗ-ਜੇ!'' ਆਖਦਿਆਂ ਐਸ. ਪੀ. ਨੇ ਏ. ਐਸ. ਆਈ. ਤੋਂ ਕਾਗ਼ਜ਼ ਫੜੇ।

ਕੋਲ ਖੜ੍ਹੇ ਇੰਸਪੈਟਰ ਨੇ ਵੀ ਹਥਲੇ ਕਾਗ਼ਜ਼ ਉਸ ਅੱਗੇ ਕਰ ਦਿੱਤੇ।

''ਬਿਪਨ ਕੁਮਾਰ ਨਾਲ ਤੇਰੀ ਲੜਾਈ ਵੀ ਹੋਈ ਸੀ?''

ਐਸ. ਪੀ. ਦੇ ਸ਼ਬਦ ਸੁਣਦਿਆਂ ਹੀ ਰਹਿਮੇ ਦੇ ਚਿਹਰੇ ਦਾ ਰੰਗ ਉੱਡ ਗਿਆ।

ਅੱਛੂ ਬੋਲਿਆ, ''ਉਹ ਤਾਂ, ਜੀ,... ਜਿਥੇ ਏਹ ਕਹਿੰਦਾ ਸੀ, ਉਹਨੇ ਗੁੱਡੀ ਦਾ ਰਿਸ਼ਤਾ ਨ੍ਹੀਂ ਕੀਤਾ!... !''

ਐਸ. ਪੀ. ਨੇ ਘੂਰੀ ਵੱਟੀ, ''ਤੂੰ ਵਿੱਚ ਨ੍ਹੀਂ ਬੋਲਣਾ!''

''ਹਾਂ, ਜੀ! ਗੁੱਡੀ ਦੇ ਰਿਸ਼ਤੇ ਕਰਕੇ ਅਣ-ਬਣ



ਹੋ-ਗੀ ਸੀ!'' ਰਹਿਮੇ ਨੇ ਜਵਾਬ ਦਿੱਤਾ। ਐਸ. ਪੀ. ਦੇ ਚਿਹਰੇ ਦੀਆਂ ਕਸੀਆਂ ਨਸਾਂ ਢਿੱਲੀਆਂ ਪੈ ਗਈਆਂ।

''ਮਰੀਜ਼ ਦਾ ਬਿਆਨ ਲੈ ਸਕਦੇ ਆਂ?'' ਉਸ ਨੇ ਡਾਕਟਰ ਵੱਲ ਵੇਖਿਆ।

''ਹਾਂ, ਜੀ! ਹੁਣ ਤਾਂ ਠੀਕ ਐ! ਲੈ-ਲੋ ਬਿਆਨ।''

ਐਮਰਜੈਂਸੀ 'ਚੋਂ ਬਾਹਰ ਨਿੱਕਲਦਿਆ ਐਸ. ਪੀ. ਰਹਿਮੇ ਤੇ ਅੱਛੂ ਨੂੰ ਸੰਬੋਧਿਤ ਹੋਇਆ, ''ਅਸੀਂ ਪੜਤਾਲ ਕਰ ਲਈ ਐ! ਤੁਸੀਂ ਜਾ ਸਕਦੇ ਓਂ!''

ਥੋੜ੍ਹੀ ਦੇਰ ਬਾਅਦ ਰਹਿਮਾ ਤੇ ਅੱਛੂ ਐਮਰਜੈਂਸੀ ਅੰਦਰ ਕੋਨੇ ਵਾਲੇ ਬੈੱਡ ਦੁਆਲੇ ਬੈਠੇ ਸਨ। ''ਤੂੰ ਕੀ ਕਿਹਾ ਪੁਲਸ ਨੂੰ?'' ਰਹਿਮੇ ਨੇ ਪੁੱਛਿਆ।

ਸਿਰ 'ਤੇ ਪੱਟੀ ਬੰਨ੍ਹੀਂ ਪਏ ਬਿਪਨ ਨੇ ਜਵਾਬ ਦਿੱਤਾ, ''ਕਹਿ'ਤਾ- ਪੋਚੇ ਆਲੇ ਪਾਣੀ 'ਚ ਪੈਰ ਤਿਲਕ ਗਿਆ! .... ਤੁਸੀਂ ਤਾਂ ਨ੍ਹੀ ਪੁਲਸ ਨੂੰ ਦੱਸਿਆ ਕੁਸ਼?''

ਰਹਿਮੇ ਨੇ ਜਵਾਬ ਦਿੱਤਾ, ''ਜੇ ਉਹ ਅੰਦਰ ਹੋ ਜਾਂਦਾ, ਤਾਂ ਬਿਪਤਾ ਵੀ ਤਾਂ ਸਾਨੂੰ ਈ ਪੈਣੀ ਸੀ! ਕੁੜੀ ਦੀ ਮਾੜੀ ਕਿਸਮਤ!...!''

''ਕੀ ਪਤਾ ਸੀ- ਉਹ ਨਸ਼ੇ ਕਰਦੈ!... ਅੱਜ ਵੀ ਪੈਸੇ ਮੰਗਦਾ ਸੀ! ਮੈਂ ਨਾਂਹ ਕਰ-'ਤੀ ਤਾਂ ਧੱਕਾ ਮਾਰ ਗਿਆ ਗੁੱਸੇ 'ਚ!''

''ਦੇਖਿਆ! ਇਹ ਉਹੀ ਜਮਾਈ ਐ, ਜਿਹਦੇ ਪਿੱਛੇ ਤੂੰ ਭਾਈਆਂ ਨਾਲ ਵਗਾੜ-ਲੀ!'' ਅੱਛੂ ਨੇ ਲੂੰਗੀ ਦਾ ਲੜ ਫੜ ਕੇ ਛੱਡਿਆ।

ਬਿਪਨ ਨੇ ਕਸੀਸ ਵੱਟੀ, ''ਓ,ਚਲ! ਹੁਣ ਛੱਡ ਵੀ ਦੇ ਸ਼ਰੀਕਾਂ ਆਲੀਆਂ ਗੱਲਾਂ! ...!''

**ਮੋ: 89680-62521**

## ਪਰਲੋ ਤੋਂ ਬਾਅਦ / ਪਰਮਿੰਦਰ ਸਿੰਘ



ਪਰਲੋ ਤੋਂ ਬਾਅਦ ਵੀ
ਬਚੇ ਰਹਿਣਗੇ ਕੁਝ ਲੋਕ
ਅਸੀਮ ਲਹਿਰਾਂ ਨੂੰ
ਆਪਣੇ ਹੱਥਾਂ ਨਾਲ ਕੱਟਦੇ ਹੋਏ
ਕਿ ਕੋਈ ਵੀ ਅੰਤ
ਅੰਤਿਮ ਨਹੀ

ਇਕ ਸੂਰਜ ਬੁਝ ਜਾਣ ਤੋਂ ਪਹਿਲਾਂ
ਟੰਗ ਦਿੱਤਾ ਜਾਵੇਗਾ
ਨਵਾਂ ਸੂਰਜ ਅਸਮਾਨ ਤੇ
ਕਿ ਸਿਰਫ਼ ਇੱਕ ਨਖਰੇ ਕਰਦੇ
ਸੂਰਜ ਤੇ
ਹੀ ਨਹੀਂ ਟਿਕੀ ਦੁਨੀਆਂ

ਖੇਤਾਂ ਵਿੱਚ ਉੱਠੇਗੀ ਖੁਸ਼ਬੋ
ਰੰਗ ਛਿੜਕਣਗੀਆਂ
ਰੰਗੀਨ ਤਿਤਲੀਆਂ
ਗਾਉਣਗੀਆਂ ਅਮਰਤਵ
ਫੇਰ
ਫੇਰ ਫੇਰ
ਮਾਣਮੱਤੀ ਥਕਾਨ
ਤੇ ਚਿੱਥੀਆਂ ਹੋਈਆਂ ਉਂਗਲਾਂ
ਵਿਚਕਾਰ
ਉੱਗਣਗੇ ਕਈ ਸੂਰਜ।

## ਮੇਰਾ ਪਤਾ / ਡਿੰਪਲ ਰਾਠੌੜ


ਪੁੱਛਣਾ ਹੈ ਤਾਂ ਮੇਰਾ ਪਤਾ
ਫੁੱਲਾਂ ਤੋਂ ਪੁੱਛਣਾ
ਉਥੇ ਰੰਗ ਤੇ ਖੁਸ਼ਬੂ ਮਿਲਣਗੇ
ਉਨ੍ਹਾਂ ਵਿਚ ਘੁਲੀ ਹੋਈ
ਮੈਂ ਵੀ ਮਿਲ ਜਾਵਾਂਗੀ ਥੋੜੀ ਜਿਹੀ

ਪਹਾੜਾਂ ਤੇ ਦਰਿਆਵਾਂ ਤੋਂ ਵੀ
ਪੁੱਛ ਸਕਦੇ ਹੋ ਮੇਰਾ ਪਤਾ
ਉਨ੍ਹਾਂ ਦੇ ਸੰਘਣੇਪਣ ਤੇ
ਤਰਲਤਾ ਵਿਚ
ਘੁਲੀ ਹੋਵਾਂਗੀ ਮੈਂ
ਬੱਦਲਾਂ ਤੇ ਘਟਾਵਾਂ ਤੋਂ ਵੀ ਪੁੱਛ
ਸਕਦੇ ਹੋ ਮੇਰਾ ਪਤਾ
ਹਨ੍ਹੇਰੀਆਂ ਦੇ
ਸੰਨਾਟੇ ਵਿਚ ਗੂੰਜਦੀ
ਜਾਂ ਬੂੰਦਾਂ ਵਿੱਚੋਂ
ਝਰਦੀ ਮਿਲ ਜਾਵਾਂ
ਤੁਹਾਨੂੰ ਕੀਤੇ

ਹਰ ਕਿਤੇ ਥੋੜਾ ਥੋੜਾ
ਵੰਡੀ ਹਾਂ ਮੈਂ
ਜੇ ਪਾਉਣਾ ਚਾਹੁੰਦੇ ਹੋ ਥਾਹ ਮੇਰੀ
ਤਾਂ ਮੇਰੀਆਂ ਕਵਿਤਾਵਾਂ ਵਿਚ
ਲੱਭਣਾ ਮੈਨੂੰ
ਉੱਥੇ ਮਿਲਾਂਗੀ ਮੁਕੰਮਲ ਤੁਹਾਨੂੰ।



## ਜੋ ਡੁੱਬਿਆ / ਅੰਜਨਾ ਚੱਢਾ



ਮੈਂ ਜਦੋਂ ਪਿਆਰ ਕੀਤਾ
ਅੱਖਾਂ ਬੰਦ ਕਰ ਲਈਆਂ
ਕੰਨ ਬੰਦ ਕਰ ਲਏ
ਤੇ ਦਿਮਾਗ ਨੂੰ ਪਰ੍ਹੇ
ਤਾਕ ਤੇ ਰੱਖ ਦਿੱਤਾ

ਨਾ ਦੇਖਿਆ ਕੌਣ ਮੈਨੂੰ ਦੇਖ ਰਿਹਾ ਹੈ
ਨਾ ਸੁਣਿਆ ਕੌਣ ਕੀ ਕਹਿ ਰਿਹਾ ਹੈ
ਨਾ ਤਵੱਜੋ ਦਿੱਤੀ
ਦਿਮਾਗ ਦੀ ਸਲਾਹ ਤੇ
ਪਿਆਰ ਵਿੱਚ
ਮੈਂ ਰੋਮ ਰੋਮ ਪ੍ਰੇਮ ਹੋ ਗਈ
ਗਲੇ ਤੱਕ ਡੁੱਬ ਗਈ
ਜਿਵੇਂ ਦਰਿਆ ਵਿੱਚ
ਮਰ ਹੀ ਜਾਂਦੀ ਤਾਂ ਚੰਗਾ ਹੁੰਦਾ

ਚੰਗਾ ਲੱਗਿਆ ਮੈਨੂੰ ਮੇਰਾ ਡੁੱਬਣਾ
ਮੇਰਾ ਅੰਨ੍ਹਾ ਹੋਣਾ ਤੇ ਬੋਲਾ ਹੋਣਾ
ਦਿਮਾਗ ਤੋਂ ਖਾਲੀ ਹੋਣਾ
ਇਹ ਜ਼ਰੂਰੀ ਵੀ ਸੀ ਪਿਆਰ ਦੇ ਲਈ

ਤੁਸੀਂ ਵੀ ਜਦੋਂ ਪਿਆਰ ਵਿਚ ਹੋਵੋ
ਤਾਂ ਡੁੱਬਣ ਦਾ ਖ਼ਿਆਲ ਨਾ ਕਰਨਾ
ਇਕ ਵਾਰ ਅੱਖ ਬੰਦ ਕਰ ਕੇ
ਛਾਲ ਜ਼ਰੂਰ ਮਾਰਨਾ
ਪਾਰ ਲੱਗ ਹੀ ਜਾਓਗੇ
ਕਿਉਂਕਿ ਪਿਆਰ ਦੇ ਦਰਿਆ ਵਿਚ
ਜੋ ਡੁੱਬਿਆ ਉਹੀ ਪਾਰ ਲੱਗਦਾ।

**ਅਨੁ. ਅ.ਕ.**

## ਦਰਦ ਦਾ ਰਿਸ਼ਤਾ

ਕੁਦਰਤੀ ਹੀ ਦੋਵਾਂ ਦੀਆਂ ਸੀਟਾਂ ਆਹਮੋ ਸਾਹਮਣੇ ਸਨ। ਇੱਕ ਨੇ ਸਿਆਹ ਬੁਰਕਾ ਪਾਇਆ ਸੀ ਤੇ ਦੂਸਰੀ ਨੇ ਸਲਵਾਰ ਕਮੀਜ਼। ਬੁਰਕੇ ਵਾਲੀ ਔਰਤ ਨੇ ਚਿਹਰੇ ਤੋਂ ਬੁਰਕਾ ਪਰ੍ਹਾਂ ਕਰਦਿਆ ਸਾਮ੍ਹਣੇ ਵਾਲੀ ਔਰਤ ਨੂੰ ਪੁੱਛਿਆ ,''ਤੁਸੀਂ ਕਿੱਥੇ ਤੱਕ ਜਾ ਰਹੇ ਹੋ?''

ਦੂਜੀ ਔਰਤ ਨੇ ਸਿਰ ਤੇ ਚੁੰਨੀ ਨੂੰ ਠੀਕ ਕਰਦਿਆਂ ਕਿਹਾ, ''ਜੀ ਮੈਂ ਦਿੱਲੀ ਜਾ ਰਹੀ ਹਾਂ।''

ਬੁਰਕੇ ਵਾਲੀ ਔਰਤ ਦੀਆਂ ਅੱਖਾਂ ਵਿਚ ਚਮਕ ਆ ਗਈ ਅਤੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਕਹਿਣ ਲੱਗੀ, ''ਫੇਰ ਤਾਂ ਦੋਵਾਂ ਦਾ ਸਫ਼ਰ ਬਹੁਤ ਹੀ ਇਤਮਿਨਾਨ ਨਾਲ ਕਟ ਜਾਵੇਗਾ।'' ਦੂਜੀ ਔਰਤ ਨੇ ਵੀ ਸਹਿਮਤੀ ਵਿਚ ਸਿਰ ਹਿਲਾ ਦਿੱਤਾ।

ਟਰੇਨ ਤੇਜ਼ ਗਤੀ ਨਾਲ ਚਲ ਰਹੀ ਸੀ।ਸੂਰਜ ਡੁੱਬ ਚੁੱਕਿਆ ਸੀ ਤੇ ਹਨੇਰਾ ਆਪਣੇ ਪੈਰ ਪਸਾਰਨ ਲੱਗਿਆ ਸੀ।ਬੁਰਕੇ ਵਾਲੀ ਔਰਤ ਨੇ ਵਜ਼ੂ ਕੀਤਾ ਅਤੇ ਨਮਾਜ਼ ਪੜ੍ਹਨ ਲੱਗੀ।ਦੂਜੀ ਔਰਤ ਜੋ ਸਿੱਖ ਸੀ, ਉਹਨੇ ਰਹਿਰਾਸ ਦਾ ਪਾਠ ਸ਼ੁਰੂ ਕਰ ਦਿੱਤਾ। ਨਮਾਜ਼ ਅਤੇ ਪਾਠ ਖ਼ਤਮ ਹੁੰਦੇ ਹੀ ਦੋਵਾਂ ਨੇ ਆਪਣੇ-ਆਪਣੇ ਖਾਣੇ ਦੇ ਟਿਫ਼ਿਨ ਖੋਲ੍ਹੇ ਅਤੇ ਭੋਜਨ ਸਮੱਗਰੀ ਦਾ ਇੱਕ ਦੂਜੇ ਨਾਲ ਆਦਾਨ-ਪ੍ਰਦਾਨ ਕਰਕੇ ਖਾਣਾ ਸ਼ੁਰੂ ਕਰ ਦਿੱਤਾ। ਖਾਣਾ ਖਾਣ ਮਗਰੋਂ ਬੁਰਕੇ ਵਾਲੀ ਔਰਤ ਨੇ ਚਾਂਦੀ ਦੇ ਪਾਨ ਦਾਨ ਤੋਂ ਪਾਨ ਦਾ ਬੀੜਾ ਕੱਢ ਕੇ ਮੂੰਹ 'ਚ ਪਾਇਆ ਅਤੇ ਦੂਜੀ ਔਰਤ ਨੂੰ ਪੁੱਛਿਆ, ''ਤੁਸੀਂ ਪਾਨ ਖਾਓਗੇ?''

ਉੱਤਰ ਮਿਲਿਆ ''ਮੈਂ ਪਾਨ ਨਹੀਂ ਖਾਂਦੀ।''

ਪੀਕਦਾਨ ਵਿਚ ਪਾਨ ਥੁੱਕਦੇ ਹੋਏ ਬੁਰਕੇ ਵਾਲੀ ਔਰਤ ਨੇ ਸਵਾਲ ਕੀਤਾ ''ਇੰਦੌਰ ਕਿਵੇਂ ਆਏ ਸੀ ਤੁਸੀਂ।''

''ਮੇਰਾ ਬੇਟਾ ਏਥੇ ਪ੍ਰਸ਼ਾਸਨਿਕ ਸੇਵਾ ਵਿਚ ਹੈ। ਉਹਨੂੰ ਹੀ ਮਿਲਣ ਆਈ ਸੀ, ਅਤੇ ਤੁਹਾਡੇ ਆਉਣ ਦੀ ਵਜਾ!'' ''ਮੈਂ ਪਾਕਿਸਤਾਨ ਦੀ ਰਹਿਣ ਵਾਲੀ ਹਾਂ। ਕਰੀਬੀ ਰਿਸ਼ਤੇਦਾਰ ਦੇ ਵਿਆਹ ਵਿਚ ਦਿੱਲੀ ਆਈ ਸੀ, ਸੋਚਿਆ ਇੰਦੋਰ ਵਿਚ ਰਹਿਣ ਵਾਲੀ ਆਪਣੀ ਖਾਲਾ ਨੂੰ ਵੀ ਮਿਲ ਆਵਾ।'' ''ਕਿਵੇਂ ਲੱਗਿਆ ਤੁਹਾਨੂੰ ਹਿੰਦੋਸਤਾਨ।''

ਬੁਰਕੇ ਵਾਲੀ ਔਰਤ ਖਾਮੋਸ਼ ਕੰਪਾਰਟਮੈਂਟ ਵਿਚ ਲਟਕਦੇ ਪੱਖੇ ਨੂੰ ਦੇਖਦੀ ਰਹੀ ਅਤੇ ਫੇਰ ਚੀਸ ਭਰਦੀ ਹੋਈ ਕਹਿਣ ਲੱਗੀ ''ਬੁਰਾ ਨਾ ਮੰਨੀ ਭੈਣ, ਮੈਂ ਤੇਰੇ ਮੁਲਕ ਦੀ ਬੁਰਾਈ ਨਹੀਂ ਕਰ ਰਹੀ, ਪਰ ਮੈਨੂੰ ਏਥੇ ਆ ਕੇ ਚੰਗਾ ਨਹੀਂ ਲੱਗਿਆ।'' ''ਚੰਗਾ ਨਾ ਲੱਗਣ ਦਾ ਕਾਰਨ!''

ਅੱਖਾਂ ਵਿਚ ਆਏ ਹੰਝੂਆਂ ਨੂੰ ਸੰਭਾਲਦੇ ਹੋਏ ਉਹਨੇ ਕਿਹਾ, ''ਮੇਰੇ ਖਾਵੰਦ ਪਾਕਿਸਤਾਨ ਸੈਨਾ ਵਿਚ ਸਨ। ਸੰਨ 1965 ਵਿਚ ਹਿੰਦੋਸਤਾਨ ਪਾਕਿਸਤਾਨ ਦੇ ਵਿਚਾਲੇ ਹੋਈ ਜੰਗ ਵਿਚ ਸ਼ਹੀਦ ਹੋ ਗਏ। ਇਸ ਕਰਕੇ ਹਿੰਦੋਸਤਾਨ ਮੈਨੂੰ ....।''

ਉਹਦੇ ਬੋਲ ਰੁਕ ਗਏ।

ਦੂਜੀ ਔਰਤ ਬੀਤ ਗਏ ਜ਼ਮਾਨੇ ਦੇ ਦਰਦਨਾਕ ਹਾਦਸਿਆਂ ਨੂੰ ਯਾਦ ਕਰਦਿਆਂ ਬੇਸੁੱਧ ਉਹਨੂੰ ਗੌਰ ਨਾਲ ਦੇਖਦੀ ਰਹੀ। ਉਹਨੂੰ ਲੱਗਿਆ ਸਾਡੇ ਦੋਵਾਂ ਦਾ ਦੁਖਾਂਤ ਅਤੇ ਉਸ ਤੋਂ ਉਪਜਿਆ ਦਰਦ ਇਕੋ ਜਿਹਾ ਹੈ। ਖੁਦ ਨੂੰ ਸੰਭਾਲਦਿਆਂ ਉਹ ਬੋਲੀ ''ਭੈਣ ਮੈਂ ਵੀ ਤੇਰੇ ਵਾਂਗੂੰ ਦੁਖੀਆਂ ਦੀ ਕਤਾਰ ਵਿਚ ਲੰਬੇ ਸਮੇਂ ਤੋਂ ਖੜੀ ਹਾਂ। ਸੰਨ 65 ਦੀ ਵਾਰ ਵਿਚ ਮੈਂ ਆਪਣੇ ਪਤੀ ਨੂੰ ਗੁਆਇਆ ਅਤੇ ਸੰਨ 71 ਦੇ ਯੁੱਧ ਵਿਚ ਆਪਣਾ ਜਵਾਨ ਬੇਟੇ ਨੂੰ।'' ਆਪਣੇ ਦਰਦ ਨੂੰ ਬਿਆਨ ਕਰਦਿਆਂ ਉਹ ਰੋ ਪਈ।

ਬੁਰਕੇ ਵਾਲੀ ਔਰਤ ਨੇ ਮਹਿਸੂਸ ਕੀਤਾ ਕਿ ਮੇਰਾ ਦੁਖ ਤਾਂ ਇਕ ਟਿੱਲੇ ਵਾਂਗ ਹੈ ਅਤੇ ਉਹਦਾ ਇਕ ਪਹਾੜ ਦੇ ਵਾਂਗ।

ਆਪਣੀ ਸੀਟ ਤੋਂ ਉਹ ਉਹਦੇ ਕੋਲ ਗਈ। ਦੋਵੇਂ ਔਰਤਾਂ ਬਹੁਤ ਦੇਰ ਤੱਕ ਇਕ ਦੂਜੇ ਨੂੰ ਦੇਖਦੀਆਂ ਰਹੀਆਂ, ਅੱਖਾਂ ਨਮ ਹੋ ਗਈਆਂ, ਮਨ ਭਾਰੀ ਹੋ ਗਿਆ ਅਤੇ ਦੋਵਾਂ ਨੇ ਇਕ ਦੂਜੀ ਨੂੰ ਗਲਵਕੜੀ ਪਾ ਲਈ ਅਤੇ ਇਕੋ ਸਮੇਂ ਦੋਵਾਂ ਦੇ ਮੂੰਹੋਂ ਨਿਕਲਿਆ, ''ਕਦੋਂ ਬੰਦ ਹੋਵੇਗੀ ਇਹ ਜੰਗ।''

## ਗੁੱਲਕ

ਹਨੇਰਾ ਸੰਘਣਾ ਹੁੰਦੇ ਹੀ ਸ਼ਰਾਬ ਦੀ ਤਲਬ ਨੇ ਉਹਨੂੰ ਬੇਚੈਨ ਕਰ ਦਿੱਤਾ। ਉਹਨੂੰ ਸਰੀਰ ਟੁੱਟਿਆ ਤੇ ਭਾਰੀ ਲੱਗਣ ਲੱਗਿਆ। ਉਹਨੇ ਕਮੀਜ ਅਤੇ ਪੈਂਟ ਦੀਆਂ ਜੇਬਾਂ ਨੂੰ ਫਰੋਲਿਆ ਅਤੇ ਫੇਰ ਅਲਮਾਰੀ ਖੋਲ੍ਹ ਕੇ ਬਹੁਤ ਦੇਰ ਤਕ ਪੈਸੇ ਲੱਭਦੇ ਰਿਹਾ ਪ੍ਰੰਤੂ ਨਿਰਾਸ਼ਾ ਹੀ ਹੱਥ ਲੱਗੀ। ਅਚਾਨਕ ਉਹਦੀ ਨਿਗ੍ਹਾਂ ਰਾਧਾ ਕ੍ਰਿਸ਼ਨ ਦੀ ਮੂਰਤੀ ਦੇ ਕੋਲ ਰੱਖੀ ਗੁੱਲਕ ਤੇ ਪਈ। ਉਹ ਕੁਝ ਕਦਮ ਅੱਗੇ ਵਧਿਆ ਤੇ ਫੇਰ ਪਿੱਛੇ ਹਟ ਗਿਆ। ਹਿੰਮਤ 'ਕੱਠੀ ਕਰਕੇ ਉਹ ਫੇਰ ਅੱਗੇ ਵਧਿਆ ਅਤੇ ਕੰਬਦੇ ਹੱਥਾਂ ਨਾਲ ਗੁੱਲਕ ਚੁੱਕਣ ਹੀ ਜਾ ਰਿਹਾ ਸੀ ਕਿ ਉਹਨੂੰ ਆਪਣੀ ਭਤੀਜੀ ਦੀ ਆਵਾਜ਼ ਸੁਣਾਈ ਦਿੱਤੀ, ''ਚਾਚੂ, ਤੁਸੀਂ ਮੇਰੀ ਗੁੱਲਕ ਦੇਖ ਰਹੇ ਹੋ ਨਾ, ਬਹੁਤ ਭਾਰੀ ਹੈ।''

ਏਨਾ ਕਹਿੰਦੇ ਹੋਏ ਉਹਨੇ ਆਪਣੀ ਗੁੱਲਕ ਚਾਚੇ ਦੇ ਹੱਥਾਂ ਵਿਚ ਫੜ੍ਹਾ ਦਿੱਤੀ। ਗੁੱਲਕ ਨੂੰ ਫੜ੍ਹ ਵਿਸ਼ਵਨਾਥ ਕਦੇ ਗੁੱਲਕ ਵੱਲ ਅਤੇ ਕਦੇ ਆਪਣੀ ਮਾਸੂਮ ਭਤੀਜੀ ਦੇ ਚਿਹਰੇ ਤੇ ਖੁਸ਼ੀ ਦੇ ਭਾਵਾਂ ਨੂੰ ਤੱਕ ਰਿਹਾ ਸੀ। ਉਹ ਡੂੰਘਾ ਦਰਦ ਮਹਿਸੂਸ ਕਰ ਰਿਹਾ ਸੀ। ਉਹਨੂੰ ਲੱਗਿਆ ਕਿ ਜਿਵੇਂ ਗੁੱਲਕ ਤੋਂ ਹਜ਼ਾਰ ਗੁਣਾ ਭਾਰੀ ਉਹਦਾ ਮਨ ਹੋ ਗਿਆ ਹੈ।

## ਚਾਹਤ / ਨਰਿੰਦਰਪਾਲ ਕੌਰ



ਮਨ ਦੀ ਭੂਮੀ ਅਤਿ-ਉਪਜਾਊ
ਉਸ ਨੇ ਕਲਮਾਂ ਦੱਬ ਦਿੱਤੀਆਂ
ਸਾਰੇ ਪੀਲੇ ਗੁਲਾਬ
ਰਿਸ਼ਤਿਆਂ ਨੂੰ ਭੇਟ ਕਰ ਦਿੱਤੇ
ਸਫੇਦ ਗੁਲਾਬ ਧਰ ਆਈ
ਰੱਬ ਦੇ ਦਰ 'ਤੇ
ਸੂਹੇ ਗੁਲਾਬ ਚਾਹੁੰਦੀ ਰਹੀ
ਪ੍ਰੇਮੀ ਦੇ ਮੁੱਖ ਤੋਂ
ਵਿਹੜੇ 'ਚ ਵੱਜਦੀਆਂ
ਕਿਲਕਾਰੀਆਂ ਤੋਂ
ਸਾਰੇ ਗੁਲਾਬੀ ਗੁਲਾਬ ਵਾਰ ਦਿੱਤੇ
ਚਾਹੇ ਅਣਚਾਹੇ ਮਨ ਨਾਲ
ਕਾਲਾ ਗੁਲਾਬ ਧਰਦੀ ਰਹੀ
ਪਤੀ ਦੀ ਸੇਜ 'ਤੇ
ਉਸ ਸੋਚਿਆ
ਫੁੱਲਾਂ ਦੀ ਫਸਲ ਤਾਂ
ਉਸ ਨੇ ਆਪਣੇ ਲਈ ਵੀ ਪਾਲੀ ਸੀ
ਮਨ ਦੀ ਮਿੱਟੀ ਤੜਪੀ
ਅੱਖਾਂ ਨੇ ਫੇਰ ਦੇਖੇ
ਫੁੱਟਦੀਆਂ ਕਲਮਾਂ ਦੇ ਸੁਪਨੇ।

## ਚੋਪੜੀ / ਪ੍ਰੋ. ਜਗਜੀਤ ਜੱਗੀ

ਹੱਡ-ਭੰਨਵੀਂ ਮਿਹਨਤ
ਨੁੱਚੜਦਾ ਪਸੀਨਾ
ਕਰ ਨਾ ਸਕੇ ਰਵਾਂ
ਬਾਪੂ ਦੀ ਕਬੀਲਦਾਰੀ

ਦਿਨ ਢਲੇ
ਪਸੀਨੇ ਨਾਲ ਗੜੁੱਚ ਬਾਪੂ
ਮੰਜੇ 'ਤੇ ਆਣ ਡਿੱਗਦਾ

ਖਾਲੀ ਭਾਂਡਿਆ ਦਾ ਖੜਾਕ
ਕੰਨਾ ਦੇ ਪਰਦੇ ਪਾੜ੍ਹਨ ਤੀਕ ਜਾਂਦਾ
ਲਾਣੇਦਾਰੀ ਸਾਂਭਦੇ ਝੁਕੇ ਮੋਢਿਆਂ ਦਾ
ਮੂੰਹ ਚਿੜਾਉਂਦਾ

ਹੱਡੀਂ ਚੁੱਭਦੀ
ਘਰ 'ਚੋਂ ਰਾਸ਼ਨ ਖ਼ਤਮ ਹੋਣ ਬਾਰੇ
ਮਾਂ ਦੀ ਰਟਣ

ਫਿਕਰਾਂ 'ਚ ਡੁੱਬਿਆ ਬਾਪੂ
ਕਿਣਕਾ-ਕਿਣਕਾ ਕਰ ਹੌਂਸਲਾ ਜੋੜਦੈ
ਆਪਣਾ ਅੰਦਰ ਲੁਕਾਉਂਦੈ
ਤੇ ਖੌਰ੍ਹੇ ਕਿਹੜੇ ਅੰਤਰ ਧਿਆਨੋ ਬੋਲਦੈ

ਭਲੀਏ!
ਬਾਬੇ ਨੇ ਕਿਹੈ
"ਰੁੱਖੀ-ਸੁਖੀ ਖਾਇ ਕੈ,
ਠੰਡਾ ਪਾਣੀ ਪੀਉ।"



"ਫਰੀਦਾ ਦੇਖਿ ਪਰਾਈ ਚੋਪੜੀ ਨਾ
ਤਰਸਾਏ ਜੀਉ।।"

ਮੈਂ ਅੱਗ-ਬਬੂਲਾ ਹੋ ਉਠਦਾਂ
ਬਾਪੂ ਦੇ ਬੋਲ ਸੁਣ
ਰੋਂ ਰੋਂ ਕੰਬ ਉੱਠਦੈ

ਆਖਰ ਕਦੋਂ ਤਾਈਂ?
ਹੱਡ-ਤੋੜਵੀਂ ਮਿਹਨਤ ਕਰਦੇ
ਬਾਪੂ ਵਰਗੇ ਕਿਰਤੀ
ਰੁੱਖੀ-ਸੁੱਖੀ 'ਤੇ
ਕਰਦੇ ਰਹਿਣ ਸਬਰ-ਸਬੂਰੀ ?
ਤੇ ਲੋਟੂ ਗੋਗੜਾਂ
ਕਦੋਂ ਤਾਈਂ?
ਖਾਂਦੀਆਂ ਰਹਿਣਗੀਆਂ
ਸਾਡੇ ਹੱਕਾਂ ਦੀ ਚੋਪੜੀ?.

## ਮੇਰੀ ਹਸਤੀ / ਮਨਿੰਦਰ ਕੌਰ ਬੱਸੀ

ਮੇਰੀ ਹਸਤੀ ਕੱਚ ਦਾ ਬਾਣਾ,
ਸ਼ੀਸ਼ੇ ਸੰਗ ਪੱਥਰ ਟਕਰਾਣਾ।

ਦੀਵੇ ਵਰਗੀ ਰੱਖਣੀ ਹਸਤੀ,
ਬਣਕੇ ਜੁਗਨੂੰ ਤੈਨੂੰ ਚਾਹੁਣਾ।

ਅੰਬਰ ਵਿੱਚ ਬਣ ਪੰਖੀ ਉੱਡਣਾ,
ਬਦਲਾਂ ਨੂੰ ਗਲਵਕੜੀ ਪਾਉਣਾ।

ਰੇਸ਼ਮ ਦੇ ਕੀੜੇ ਦੇ ਵਾਂਗੂ,
ਰੇਸ਼ਮ ਵਿੱਚ ਉਲਝਦੇ ਜਾਣਾ।

ਮੋਹ ਦੀਆਂ ਪੱਕੀਆਂ ਪੀਡੀਆਂ ਤੰਦਾਂ,
ਹਿਜ਼ਰਾਂ ਦੇ ਵਸਤਰ ਹੰਢਾਉਣਾ।

ਦਿਲ ਦੀ ਬਸਤੀ ਉਜੜੀ ਉਜੜੀ,
ਤੇਰਿਆਂ ਬੋਲਾਂ ਮਰਹਮ ਲਾਉਣਾ।

ਤੇਰੇ ਝੂਠ ਨੂੰ ਸੱਚ ਸਮਝਣਾ,
ਹਰ ਵਾਰੀ ਫਿਰ ਧੋਖਾ ਖਾਣਾ।



# ਬਰਤਾਨਵੀ ਮਰਦ ਅਤੇ ਇਸਤਰੀ ਨਾਵਲਕਾਰਾਂ ਦੇ ਮਰਦ ਪਾਤਰ : ਤੁਲਨਾਤਮਕ ਅਧਿਐਨ / ਸੰਦੀਪ ਕੌਰ

ਤੁਲਨਾ ਕਰਨਾ ਮਨੁੱਖੀ ਮਨ ਦੀ ਫ਼ਿਤਰਤ ਹੈ। ਮਨੁੱਖ ਪ੍ਰਚੀਨ ਕਾਲ ਤੋਂ ਹੀ ਤੁਲਨਾ ਦੀ ਪ੍ਰਵਿਰਤੀ ਅਧੀਨ ਵਿਚਰਦਾ ਰਿਹਾ ਹੈ। ਤੁਲਨਾਤਮਕ ਵਰਤਾਰਾ ਮਨੁੱਖ ਲਈ ਇਕ ਪ੍ਰੇਰਨਾ ਸਰੋਤ ਵਜੋਂ ਵੀ ਸਾਬਿਤ ਹੋਇਆ ਹੈ। ਤੁਲਨਾਤਮਕ ਆਲੋਚਨਾ ਸ਼ਾਬਦਿਕ ਪੱਖ ਤੋਂ ਤੁਲਨਾ ਅਤੇ ਆਲੋਚਨਾ ਦੇ ਦੋ ਸ਼ਬਦਾਂ ਦੇ ਮੇਲ ਤੋਂ ਬਣਿਆ ਹੈ। "ਤੁਲਨਾ ਸ਼ਬਦ ਦੀ ਉਤਪੱਤੀ 'ਤੁਲਾ' ਤੋਂ ਹੋਈ ਜਿਸਦਾ ਭਾਵਰਥ 'ਤੋਲ' ਭਾਵ ਮੁਕਾਬਲਾ ਜਾਂ ਬਰਾਬਰੀ ਕਰਨਾ ਬਣਦਾ ਹੈ। ਤੁਲਨਾ ਕਿਸੇ ਦੋ ਜਾਂ ਦੋ ਤੋਂ ਵੱਧ ਵਸਤੂਆਂ ਦੀਆਂ ਸਮਾਨਤਾਵਾਂ ਅਤੇ ਵੱਖਰਤਾਵਾਂ ਨੂੰ ਘੋਖਣ ਜਾਂ ਤੋਲਣ ਦੀ ਪਰਕਿਰਿਆ ਹੁੰਦੀ ਹੈ। ਜਿਸਦੇ ਅਧੀਨ ਕਿਸੇ ਵੀ ਦੋ ਵਿਅਕਤੀਆਂ ਸਾਹਿਤਕ ਰਚਨਾਵਾਂ ਅਤੇ ਵਸਤੂਆਂ ਆਦਿ ਦੇ ਸਾਂਝੇ ਅਤੇ ਵੱਖਰੇ ਗੁਣਾਂ ਦੀ ਪਰਖ ਕੀਤੀ ਜਾਂਦੀ ਹੈ। 'ਆਲੋਚਨਾ' ਦਾ ਅਰਥ ਹੈ ਘੋਖਣਾ, ਪੜਤਾਲ ਕਰਨੀ ਅਤੇ ਪਰਖਣਾ ਆਦਿ। ਇਨ੍ਹਾਂ ਦਾ ਸਮੂਹਿਕ ਅਰਥ ਕਿਸੇ ਵੀ ਦੋ ਵਸਤੂਆਂ ਜਾਂ ਵਿਅਕਤੀਆਂ ਨੂੰ ਸਮਾਨ ਗੁਣਾਂ ਦੇ ਅਧਾਰ 'ਤੇ ਸੰਪੂਰਨ ਜਾਣਕਾਰੀ ਦੇਣ ਲਈ ਪਰਖਣਾ ਜਾਂ ਤੁਲਨਾ ਕਰਨਾ ਜਾਂ ਮੁਕਾਬਲਾ ਕਰਨਾ ਜਾਂ ਪੜਚੋਲ ਕਰਨਾ ਬਣਦਾ ਹੈ।"1 ਸਾਹਿਤ ਵਿਚ ਤੁਲਨਾ ਦੋ ਲੇਖਕਾਂ, ਦੋ ਰਚਨਾਵਾਂ, ਦੋ ਪ੍ਰਵਿਰਤੀਆਂ ਜਾਂ ਫਿਰ ਇਕ ਭਾਸ਼ਾ ਦੇ ਸਾਹਿਤਕ ਰੂਪ ਦੀ ਕਿਸੇ ਦੂਜੀ ਭਾਸ਼ਾ ਦੇ ਸਾਹਿਤਕ ਰੂਪ ਨਾਲ ਕੀਤੀ ਜਾ ਸਕਦੀ ਹੈ। ਜਿਸ ਵਿਚ ਉਸ ਰਚਨਾ ਦੀ ਵਿਚਾਰਧਾਰਾ, ਭਾਸ਼ਾ ਸ਼ੈਲੀ, ਰੂਪ ਵਿਧਾਨ, ਦੇਸ਼ਕਾਲ ਆਦਿ ਦੇ ਆਧਾਰ 'ਤੇ ਵਿਸ਼ਲੇਸ਼ਣ ਕੀਤਾ ਜਾਂਦਾ ਹੈ।

ਮੈਂ ਆਪਣੇ ਖੋਜਪੱਤਰ ਦੀ ਸੀਮਾ ਨੂੰ ਧਿਆਨ ਵਿਚ ਰੱਖਦੇ ਹੋਏ, ਬਰਤਾਨਵੀ ਨਾਵਲਕਾਰਾਂ ਦੇ ਚੁਣਵੇ ਨਾਵਲਾਂ ਨੂੰ ਆਪਣੇ ਅਧਿਐਨ ਦਾ ਵਿਸ਼ਾ ਬਣਾਇਆ ਹੈ। ਇਸ ਵਿਚ ਕੈਲਾਸ਼ਪੁਰੀ, ਸਵਰਨ ਚੰਦਨ, ਦਰਸ਼ਨ ਧੀਰ ਅਤੇ ਹਰਜੀਤ ਅਟਵਾਲ ਦੇ ਨਾਵਲਾਂ ਨੂੰ ਆਧਾਰ ਬਣਾਉਂਦੇ ਹੋਇਆ ਇਨ੍ਹਾਂ ਨਾਵਲਾਂ ਦਾ ਤੁਲਨਾਤਮਕ ਅਧਿਐਨ ਕੀਤਾ ਹੈ। ਇਨ੍ਹਾਂ ਦੇ ਨਾਵਲ ਗਿਣਾਤਮਕ ਅਤੇ ਗੁਣਾਤਮਕ ਪੱਖ ਤੋਂ ਜ਼ਿਆਦਾ ਮਹੱਤਤਾ ਰੱਖਦੇ ਹਨ। ਇਸ ਤੁਲਨਾਤਮਕ ਅਧਿਐਨ ਦੇ ਦੌਰਾਨ ਜੋ ਸਮਾਨਤਾਵਾਂ 'ਤੇ ਵਿਭਿੰਨਤਾਵਾਂ ਪੇਸ਼ ਹੋਈਆਂ ਹਨ ਉਹ ਇਸ ਪ੍ਰਕਾਰ ਹਨ।

ਸਮਾਨਤਾਵਾਂ: ਕੈਲਾਸ਼ਪੁਰੀ ਇਕ ਨਾਰੀ ਦੇ ਨਾਤੇ ਆਪਣੇ ਨਾਵਲੀ ਬਿਰਤਾਂਤਾਂ ਵਿਚ ਨਾਰੀ ਨੂੰ ਕੇਂਦਰਿਤ ਸਥਿਤੀ ਵਿਚ ਰੱਖਦੀ ਹੋਈ ਨਾਰੀਵਾਦੀ ਪਰਿਪੇਖ ਤੋਂ ਰਚਨਾ ਰਚਦੀ ਹੈ। ਕੈਲਾਸ਼ਪੁਰੀ ਦੇ ਨਾਵਲਾਂ ਵਿਚਲੇ ਵਿਸ਼ਿਆਂ ਅਨੁਸਾਰ ਹੀ ਸਿਰਲੇਖ ਵੀ ਨਾਰੀ 'ਤੇ ਆਧਾਰਿਤ ਹਨ। ਜਿਸ ਤਰ੍ਹਾਂ ਕਿ ਮੈਂ ਇਕ ਔਰਤ, ਸੂਜ਼ੀ ਰੋਂਦੀ ਰਹੀ, ਉਮੀਂ ਉਧਲ ਗਈ, ਕਟਹਿਰੇ ਵਿਚ ਖੜੀ ਔਰਤ ਅਤੇ ਇਕ ਸੀ ਸ਼ੈਨਨ। ਇਸਦੇ ਸਮਾਂਤਰ ਹੀ ਸਵਰਨ ਚੰਦਨ ਆਪਣੇ ਬਹੁਚਰਚਿਤ ਨਾਵਲ 'ਕੰਜਕਾਂ', ਹਰਜੀਤ ਅਟਵਾਲ 'ਰੇਤ' ਨਾਵਲ, ਦਰਸ਼ਨ ਧੀਰ 'ਪੈੜਾਂ ਦੇ ਆਰ-ਪਾਰ' ਨਾਵਲ ਵਿਚ ਨਾਰੀਵਾਦੀ ਪਰਿਪੇਖ ਤੋਂ ਨਾਰੀ ਨੂੰ ਪਰਵਾਸ ਦੌਰਾਨ ਦਰਪੇਸ਼ ਸਮੱਸਿਆਵਾਂ ਦੀ ਪੇਸ਼ਕਾਰੀ ਕਰਦੇ ਹਨ। ਮਰਦ ਸਾਹਿਤਕਾਰਾਂ ਨੇ ਮਰਦ ਹੋਣ ਦੇ ਬਾਵਜੂਦ ਨਾਰੀ ਦੀ ਤ੍ਰਾਸਦਿਕ ਸਥਿਤੀ ਦੀ ਪੇਸ਼ਕਾਰੀ ਦੇ ਨਾਲ ਆਪਣੀ ਸਮਝ 'ਤੇ ਅਨੁਭਵ ਮੁਤਾਬਿਕ ਸੁਝਾ ਵੀ ਪੇਸ਼ ਕੀਤੇ ਹਨ। ਜੋ ਕਿ ਇਸ ਪ੍ਰਕਾਰ ਹਨ:

1. ਨਾਰੀ ਨੂੰ ਵਿਆਹ ਸੰਸਥਾ ਦੇ ਵਿਰੋਧ ਵਿਚ ਖੜੀ ਪੇਸ਼ ਕੀਤਾ ਹੈ। 'ਪੈੜਾਂ ਦੇ ਆਰਪਾਰ' ਨਾਵਲ ਦੀ ਪਾਤਰ ਨਵਜੋਤ ਵਿਆਹ ਸੰਸਥਾ ਦੀ ਵਿਰੋਧੀ ਹੋਣ ਕਾਰਨ ਵਿਆਹ ਦੀ ਬਜਾਏ ਲੀਵ ਇਨ ਰਿਲੇਸ਼ਨਸ਼ਿਪ ਅਧੀਨ ਵਿਚਰਦੀ ਹੋਈ ਇਕ ਧੀ ਨੂੰ ਜਨਮ ਦਿੰਦੀ ਹੈ।

2. ਨਾਰੀ ਦੁਆਰਾ ਨਾਰੀ ਮੁਕਤੀ ਅੰਦੋਲਨਾਂ ਦੀ ਸ਼ੁਰੂਆਤ ਕਰਨ ਤੇ ਇਨ੍ਹਾਂ ਅੰਦੋਲਨਾਂ ਵਿਚ ਭਰਵੀਂ ਸ਼ਮੂਲੀਅਤ ਕਰਨ ਨੂੰ ਪੇਸ਼ ਕੀਤਾ ਹੈ ਜਿਵੇਂ ਕਿ 'ਕੰਜਕਾਂ' ਨਾਵਲ ਵਿਚ ਔਰਤਾਂ ਦੁਆਰਾ ਆਪਣੀ ਤਨਖਾਹ ਵਧਾਉਣ ਲਈ ਹੜਤਾਲ ਕਰਨਾ।

3. ਭਾਰਤੀ ਸਮਾਜ ਵਿਚ ਤਲਾਕ ਔਰਤ ਲਈ ਨਾਮੋਸ਼ੀ ਵਾਲਾ ਪੱਖ ਮੰਨਿਆ ਜਾਂਦਾ ਹੈ। ਮਰਦ ਸਾਹਿਤਕਾਰਾਂ ਨੇ ਔਰਤ ਦੁਆਰਾ ਸਾਰੀ ਉਮਰ ਦੁਖਾਂਤ ਸਹਿਣ ਦੀ ਬਜਾਏ ਤਲਾਕ ਲੈਣ ਨੂੰ ਸਹੀ ਠਹਿਰਾਇਆ ਹੈ ਅਤੇ ਤਲਾਕ ਤੋਂ ਬਾਅਦ ਹੋਰ ਸਾਥੀ ਮਿਲਣ 'ਤੇ ਉਸ ਨਾਲ ਬੱਝਣ ਨੂੰ ਵੀ ਜਾਇਜ਼ ਮੰਨਿਆ ਹੈ।

ਹਰਜੀਤ ਅਟਵਾਲ ਨੇ ਆਪਣੇ ਨਾਵਲ 'ਬ੍ਰਿਟਿਸ਼ ਬੌਰਨ ਦੇਸੀ' ਵਿਚ ਗੋਰੇ ਮਰਦ ਦੀ ਮਾਨਸਿਕਤਾ ਪੇਸ਼ ਕੀਤੀ ਹੈ ਕਿ ਜਿਸ ਪ੍ਰਕਾਰ ਭਾਰਤੀ ਮਰਦ ਪੱਛਮ ਵਿਚ ਵਿਚਰਨ ਦੇ ਬਾਵਜੂਦ ਆਪਣੀ ਮਾਨਸਿਕਤਾ ਨਹੀਂ ਤਿਆਗਦਾ ਉਸੇ ਪ੍ਰਕਾਰ ਗੋਰੇ ਮਰਦ ਵੀ ਭਾਰਤੀ ਔਰਤ ਨਾਲ ਵਿਆਹ ਕਰਵਾਉਣ ਤੋਂ ਬਾਅਦ ਜਲਦੀ ਹੀ ਉਕਤਾ ਜਾਂਦੇ ਹਨ ਕਿਉਂਕਿ ਉਹ 'ਸੀਰੀਅਲ ਮੋਨੋਗੈਮੀ' ਵਿਚ ਯਕੀਨ ਰੱਖਦੇ ਹਨ। "ਸਾਡੀ ਮੈਰਿਡ ਲਾਈਫ਼ ਠੀਕ ਐ, ਸੱਤੀ ਚੰਗੀ ਵਾਈਫ਼ ਹੈ ਪਰ ਮੈਂ ਬੋਰ ਹੋਣ ਲੱਗਿਆਂ। ਮੈਂ ਦੇਖਿਆ ਕਿ ਜੋ ਕੁਝ ਇੰਗਲਿਸ਼ ਔਰਤ ਵਿਚ ਐ ਉਹ ਇੰਡੀਅਨ ਵਿਚ ਨਹੀਂ।"2 ਪਿੰਕੀ ਗਰੇਵਾਲ ਆਪਣੇ ਨਾਵਲ 'ਵਚਨੋਂ ਵਲੈਤ ਆਈ' ਵਿਚ ਇਕ ਅੰਗਰੇਜ਼ ਔਰਤ ਦੁਆਰਾ ਗੋਰੇ ਮਰਦ ਦੀ ਮਾਨਸਿਕਤਾ ਦੀ ਪੇਸ਼ਕਾਰੀ

ਕਰਵਾਉਂਦੀ ਹੋਈ ਦੱਸਦੀ ਹੈ ਕਿ ਗੋਰੇ ਮਰਦ ਪੰਜਾਬਣ ਕੁੜੀਆਂ ਨਾਲ ਦੋਸਤੀ ਗੰਢਣ ਲਈ ਹਮੇਸ਼ਾ ਤੱਤਪਰ ਰਹਿੰਦੇ ਹਨ। "ਜੇ ਪੰਜਾਬਣ ਕੁੜੀ ਕਲੀ ਮਿਲ ਜਾਵੇ ਤਾਂ ਕੋਈ ਅੰਗਰੇਜ਼ ਸ਼ਰੀਫ ਆਦਮੀ ਨਹੀਂ ਰਹਿੰਦਾ ਮੈਂ ਇਕ ਅੰਗਰੇਜ਼ ਔਰਤ ਹਾਂ ਤੇ ਮੈਂ ਅੰਗਰੇਜ਼ ਮਰਦਾਂ ਨੂੰ ਤੈਥੋਂ ਵੱਧ ਜਾਣਦੀ ਹਾਂ।"3 ਇਥੇ ਇਹੀ ਪੇਸ਼ਕਾਰੀ ਹੋ ਰਹੀ ਹੈ ਕਿ ਗੋਰਾ ਮਰਦ ਵੀ ਔਰਤ ਦੇ ਸੰਬੰਧ ਵਿਚ ਆਪਣੀ ਮਾਨਸਿਕਤਾ ਨੂੰ ਬਦਲ ਨਹੀਂ ਪਾਉਂਦਾ। ਉਹ ਇਕ ਤੋਂ ਬਾਅਦ ਦੂਜੀ, ਦੂਜੀ ਤੋਂ ਬਾਅਦ ਤੀਜੀ ਔਰਤ ਦੇ ਸੰਪਰਕ ਵਿਚ ਆਉਣ ਲਈ ਤਤਪਰ ਰਹਿੰਦਾ ਹੈ।

ਹਰਜੀਤ ਅਟਵਾਲ ਦੇ ਨਾਵਲ 'ਵਨ ਵੇਅ' ਦਾ ਮਰਦ ਪਾਤਰ ਪੈਮੀ ਆਪਣੀ ਪ੍ਰੇਮਿਕਾ ਰਣਜੀਤ ਦੇ ਬਲਾਤਕਾਰ ਤੋਂ ਬਾਅਦ ਵੀ ਉਸਨੂੰ ਅਪਣਾਉਣ ਲਈ ਤਿਆਰ ਹੈ। "ਰਣਜੀਤ ਤੇ ਪੈਮ ਦੇ ਰਿਸ਼ਤੇ ਵਿਚ ਇਕ ਗੱਲ ਵਿਸ਼ੇਸ਼ ਰੂਪ ਵਿਚ ਉਭਰਦੀ ਹੈ। ਬਲਾਤਕਾਰ ਤੋਂ ਬਾਅਦ ਵੀ ਉਹ ਰਣਜੀਤ ਨੂੰ ਨਾ ਕੇਵਲ ਸਵੀਕਾਰ ਕਰਦਾ ਸਗੋਂ ਉਸਦੀ ਸਥਿਤੀ ਨੂੰ ਸਮਕਾਲੀ ਸਮਾਜਿਕ ਖੁੱਲ੍ਹ ਦੇ ਪ੍ਰਸੰਗ ਵਿਚ ਸਵੀਕਾਰ ਕਰਦਾ ਹੈ ਅਤੇ ਉਸਦੇ ਇਸ ਅਪਮਾਨ ਨੂੰ ਉਸਦੀ ਲਾਚਾਰੀ ਸਮਝ ਕੇ ਉਸਦੀ ਸ਼ਰੇਆਮ ਵਜ਼ਾਰਤ ਕਰਦਾ ਹੈ।"4 ਇਸਦੇ ਉਲਟ ਭਾਰਤੀ ਜੰਮਪਲ ਤੇ ਪੜ੍ਹਿਆ ਲਿਖਿਆ ਗੁਰਜੰਟ ਜੋ ਕਿ ਰਣਜੀਤ ਦਾ ਰਿਸ਼ਤੇ ਵਿਚ ਜੀਜਾ ਲੱਗਦਾ ਹੈ, ਆਪਣੇ ਭਰਾ ਪਰਤਾਪ ਨੂੰ ਆਪਣੀ ਸਾਲ਼ੀ ਦਾ ਸਾਕ ਕਰਵਾ ਕੇ ਬਾਹਰ ਸੱਦ ਕੇ ਪੱਕਾ ਕਰਵਾਉਣ ਦੇ ਲਾਲਚ ਵਿਚ ਅੰਨ੍ਹਾ ਹੋਇਆ ਉਸਦੀ ਪੱਤ ਖੇਰੂ-ਖੇਰੂ ਕਰਦਾ ਹੈ ਤੇ ਆਖਦਾ ਹੈ ਕਿ ਸਾਡੇ ਜੱਟਾਂ ਵਿਚ ਭਰਾ ਦੀ ਪਤਨੀ ਨੂੰ ਵਰਤਣ ਦੀ ਪੂਰੀ ਖੁੱਲ੍ਹ ਹੈ। ਜਿਸ ਪਿੱਛੇ ਛੁਪਿਆ ਕਾਰਨ ਇਹ ਹੈ ਕਿ ਹੋਰ ਕੋਈ ਉਸਨੂੰ ਨਾ ਆਪਣਾਵੇ "ਗੁਰਜੰਟ ਦਾ ਜੀਵਨ ਅੱਧਖੜ, ਅਨਪੜ੍ਹ, ਪੰਜਾਬੀ ਮਰਦ ਹਉਂ ਦੇ ਉਸ ਉਲਾਰ ਵਿਰਾਸਤੀ ਅਵਚੇਤਨ ਦਾ ਪ੍ਰਤੀਕ ਹੈ ਜਿਸ ਲਈ ਜੀਵਨ ਦੇ ਨਵੇਂ ਅਰਥ ਨਵੇਂ ਮੁੱਲ ਮੂਲੋਂ ਹੀ ਗੈਰਹਾਜ਼ਰ ਹਨ। ਉਹ ਇੰਗਲੈਂਡ ਜਾ ਕੇ ਵੀ ਉਸੇ ਜਰਖਾਧੀ ਮਾਨਸਿਕਤਾ ਦਾ ਸ਼ਿਕਾਰ ਬਣਿਆ ਰਹਿੰਦਾ ਹੈ।"5 ਇਹ ਪਾਤਰ ਫ਼ੀਰੋਜ਼ ਪਾਤਰ ਨਾਲ ਸਮਾਨਤਾ ਰੱਖਦਾ ਹੈ ਜੋ ਕਿ ਆਪਣੀ ਪਤਨੀ ਦੀ ਹਾਲਤ ਨੂੰ ਧਰਮ ਦੀ ਆੜ ਵਿਚ ਤ੍ਰਾਸਦਿਕ ਬਣਾ ਦਿੰਦਾ ਹੈ ਕਿ ਉਸਦਾ ਮਜ਼੍ਹਬ ਉਸਨੂੰ ਇਕ ਸਮੇਂ ਤੇ ਤਿੰਨ ਸ਼ਾਦੀਆਂ ਕਰਨ ਭਾਵ ਤਿੰਨ ਪਤਨੀਆਂ ਰੱਖਣ ਦੀ ਮਨਜ਼ੂਰੀ ਦਿੰਦਾ ਹੈ। ਇਹਨਾਂ ਮਰਦਾਂ ਦੇ ਅਧਾਰ 'ਤੇ ਅੱਗੇ ਲਿਖੇ ਤੱਥ ਉਭਰ ਕੇ ਸਾਹਮਣੇ ਆਉਂਦੇ ਹਨ:

1. ਫ਼ੀਰੋਜ਼ ਤੇ ਗੁਰਜੰਟ ਅਜਿਹੇ ਮਰਦ ਹਨ ਜੋ ਕਿ ਧਰਮ ਤੇ ਜਾਤ ਨੂੰ ਹਥਿਆਰ ਵਜੋਂ ਵਰਤਦੇ ਹਨ ਜਿਸ ਦੀ ਸਹਾਇਤਾ ਨਾਲ ਉਹ ਔਰਤ ਨੂੰ ਆਪਣੀ ਗ਼ੁਲਾਮ ਬਣਾ ਕੇ ਰੱਖਣਾ ਚਾਹੁੰਦੇ ਹਨ।

2. ਪਰਮਜੀਤ ਸਿੰਘ ਪੈਮ ਦਾ ਬਲਾਤਕਾਰ ਤੋਂ ਬਾਅਦ ਵੀ ਰਣਜੀਤ ਨੂੰ ਅਪਣਾ ਲੈਣ ਪਿੱਛੇ ਕਾਰਜਸ਼ੀਲ ਪੱਖ ਉਸਦਾ ਪੱਛਮੀ ਰਹਿਤਲ ਵਿਚ ਪਲਿਆ ਤੇ ਪੜ੍ਹਿਆ ਹੋਣਾ ਹੈ।

3. ਗੁਰਜੰਟ ਦੇ ਸੰਬੰਧ ਵਿਚ ਇਹ ਗੱਲ ਖ਼ਾਸ ਤੌਰ ਤੇ ਵਰਣਨਯੋਗ ਹੈ ਕਿ ਸਾਡੇ ਭਾਰਤੀ ਸਮਾਜ ਵਿਚ ਜੁਆਈ ਦਾ ਹੱਕ ਤੇ ਉਸਦਾ ਮਾਣ ਸਨਮਾਨ ਬਹੁਤ ਜ਼ਿਆਦਾ ਹੈ। ਇਸ ਗੱਲ ਦਾ ਜੁਆਈ ਪੂਰਾ ਫ਼ਾਇਦਾ ਉਠਾਉਂਦੇ ਹਨ।

'ਕੰਜਕਾਂ' ਨਾਵਲ ਵਿਚ ਸਵਰਣ ਚੰਦਨ ਅਜਿਹੇ ਮਰਦ ਪਾਤਰਾਂ ਦਾ ਜ਼ਿਕਰ ਕਰਦਾ ਹੈ ਜੋ ਕਿ ਆਪਣੇ ਲਾਲਚ ਵਿਚ ਅੰਨ੍ਹੇ ਹੋਏ ਆਪਣੀਆਂ ਧੀਆਂ ਦੀ ਜ਼ਿੰਦਗੀ ਨਾਲ ਖਿਲਵਾੜ ਕਰਦੇ ਹਨ। ਇਨ੍ਹਾਂ ਵਿਚੋਂ ਮੱਖਣ ਵੀ ਇਕ ਅਜਿਹਾ ਪਾਤਰ ਹੈ ਜੋ ਇਹੋ ਜਿਹੇ ਲੋਕਾਂ ਦੀ ਤਰਜ਼ਮਾਨੀ ਕਰਦਾ ਹੈ ਉਹ ਚਾਹੁੰਦਾ ਹੈ ਕਿਸੇ ਨਾ ਕਿਸੇ ਢੰਗ ਨਾਲ ਉਸ ਦੇ ਦੋ ਨੌਜਵਾਨ ਪੁੱਤਰ ਵੀ ਇੰਗਲੈਂਡ ਪਹੁੰਚ ਜਾਣ। ਅਜੋੜ ਹੋਏ ਇਸ ਸੌਦੇ ਦੇ ਵਿਆਹ ਤੋਂ ਤੁਰੰਤ ਬਾਅਦ ਮੁੰਡਾ ਆਤਮ ਹੱਤਿਆ ਕਰ ਲੈਂਦਾ ਹੈ। ਮੱਖਣ ਨੂੰ ਇਸ ਸਭ ਨਾਲ ਕੋਈ ਮਤਲਬ ਨਹੀਂ "ਮੱਖਣ ਇੰਗਲੈਂਡ ਆਉਂਦਾ ਹੈ, ਮੁਸੀਬਤਾਂ ਦੇ ਪਹਾੜ ਟੁੱਟ ਪੈਣ ਦੇ ਬਹਾਨੇ ਘੜਦਾ ਹੈ ਅਤੇ ਆਪਣੀ ਲੜਕੀ ਨੂੰ ਇਥੋਂ ਤਕ ਕਹਿ ਦਿੰਦਾ ਹੈ ਕਿ ਤੂੰ ਵਕੀਲ ਨੂੰ ਇਹ ਕਿਉਂ ਆਖਿਆ ਕਿ ਮੁੰਡੇ ਨਾਲ ਹਮਬਿਸਤਰ ਨਹੀਂ ਕੀਤੀ। ਕਿਸੇ ਨਾ ਕਿਸੇ ਢੰਗ ਨਾਲ ਉਹ ਡਾਕਟਰ ਦਾ ਪੈਸਾ, ਮਕਾਨ ਅਤੇ ਪੈਨਸ਼ਨ ਆਦਿ ਲੈ ਕੇ ਚਿੰਕੀ ਨਾਲ ਇੰਡੀਆ ਚਲਾ ਜਾਂਦਾ ਹੈ। ਇਹ ਇਕ ਅਜੇਹੇ ਬਾਪ ਦੀ ਕਹਾਣੀ ਹੈ ਜਿਸ ਨੇ ਆਪਣੀ ਕੰਜਕ ਨੂੰ ਆਪ ਹੀ ਕੰਜਰੀ ਬਣਾ ਕੇ ਰੱਖ ਦਿੱਤਾ।"6 ਕੈਲਾਸ਼ਪੁਰੀ ਨੇ 'ਮੈਂ ਇਕ ਔਰਤ' ਨਾਵਲ ਵਿਚ ਸ਼ਿਨੋ ਦੀ ਗਮਨੀ ਨਸੀਬਾਂ ਦੇ ਪਤੀ ਦੇ ਦਿਮਾਗ ਉੱਪਰ ਕਾਮ ਭਾਰੂ ਹੋਣ 'ਤੇ ਆਪਣੀ ਹੀ ਧੀ ਨਾਲ ਸਰੀਰਕ ਸੰਬੰਧ ਬਣਾਉਣ ਦੀ ਪੇਸ਼ਕਾਰੀ ਕੀਤੀ ਹੈ। "ਨਸੀਬਾਂ ਆਪਣੇ ਕੰਮ ਤੋਂ ਵਾਪਿਸ ਆਈ ਤਾਂ ਵੇਖਿਆ ਨਿੱਕੇ-ਨਿੱਕੇ ਜਾਤਕ, ਕੁੜੀਆਂ ਪਾਰਕ ਵਿਚ ਖੇਡ ਰਹੇ ਸਨ ਤੇ ਉਪਰ ਕਮਰੇ ਵਿਚ ਸੀਬੋ ਦੇ ਮੰਜੇ 'ਤੇ ਉਹਦਾ ਖਾਵੰਦ ਤੇ ਜਵਾਨ ਚੌਦਾਂ ਵਰ੍ਹਿਆਂ ਦੀ ਧੀ ਸ਼ਬਨਮ।"7 ਇਸ ਤੋਂ ਇਹੀ ਦ੍ਰਿਸ਼ਟੀਗੋਚਰ ਹੁੰਦਾ ਹੈ ਕਿ ਔਰਤ ਆਪਣੇ ਹੀ ਘਰ ਦੀ ਛੱਤ ਹੇਠ ਆਪਣੇ ਸਭ ਤੋਂ ਕਰੀਬੀ ਰਿਸ਼ਤੇ ਪਿਤਾ ਤੋਂ ਵੀ ਮਹਿਫੂਜ਼ ਨਹੀਂ ਹੈ। ਇਨ੍ਹਾਂ ਮਰਦਾਂ ਸੰਬੰਧੀ ਇਸ ਤੱਥ ਉਭਰ ਕੇ ਸਾਹਮਣੇ ਆਉਂਦੇ ਹਨ:

1. ਮੱਖਣ ਵੀ ਰਵਾਇਤੀ ਭਾਰਤੀ ਬਾਪ ਵਰਗਾ ਹੈ ਜੋ ਕਿ ਆਪਣੇ ਲਾਲਚ ਦੀ ਪੂਰਤੀ ਲਈ ਅਪਣੀ ਧੀ ਦਾ ਧੱਕੇ ਨਾਲ ਵਿਆਹ ਕਰਦਾ ਹੈ। ਸੌਦੇ ਦੇ ਵਿਆਹ ਦੀ ਰਵਾਇਤ ਸਾਡੇ ਭਾਰਤੀ ਸਮਾਜ ਵਿਚ ਬਹੁਤ ਪ੍ਰਾਚੀਨ ਸਮੇਂ ਤੋਂ ਚਲੀ ਆ ਰਹੀ ਹੈ।

2. ਨਸੀਬਾਂ ਦੇ ਪਤੀ ਦੇ ਸੰਬੰਧ ਵਿਚ ਅਸੀਂ ਕਹਿ ਸਕਦੇ ਹਾਂ ਕਿ ਆਏ ਦਿਨ ਅਖ਼ਬਾਰਾਂ ਵਿਚ ਇਸ ਪ੍ਰਕਾਰ

ਦੀਆਂ ਖ਼ਬਰਾਂ ਆਮ ਵੇਖਣ ਨੂੰ ਮਿਲਦੀਆਂ ਹਨ। ਜੋ ਕਿ ਕੁੜੀਆਂ ਦੀ ਸੁਰੱਖਿਆ ਸੰਬੰਧੀ ਵੱਡਾ ਮਸਲਾ ਹੈ।

ਹਰਜੀਤ ਅਟਵਾਲ ਦੇ ਨਾਵਲ 'ਸਾਊਥਾਲ' ਵਿਚ ਸਾਧੂ ਸਿੰਘ ਆਪਣੀ ਕੁੜੀ ਸੁਖੀ ਦਾ ਹੁਸੈਨ ਨਾਂ ਦੇ ਮੁੰਡੇ ਨਾਲ ਦੋਸਤੀ ਕਾਰਨ ਕਤਲ ਕਰ ਦਿੰਦਾ ਹੈ। ਪਾਲਾ ਸਿੰਘ ਵੀ ਆਪਣੀ ਕੁੜੀ ਮਨਿੰਦਰ ਦੀ ਦੋਸਤੀ ਮੁਸਲਮਾਨ ਮੁੰਡੇ ਨਾਲ ਹੋਣ ਕਾਰਨ ਮਾਰਨ ਦੀ ਕੋਸ਼ਿਸ ਕਰਦਾ ਹੈ। ਕੈਲਾਸ਼ਪੁਰੀ ਨੇ ਆਪਣੇ ਨਾਵਲ 'ਇਕ ਸੀ ਸ਼ੈਨਨ' ਵਿਚ ਯੋਰਕਸ਼ਾਇਰ ਦੇ ਇਕ ਅਜਿਹੇ ਪਰਿਵਾਰ ਦੀ ਬਿਰਤਾਂਤਕ ਪੇਸ਼ਕਾਰੀ ਕੀਤੀ ਹੈ ਜਿਸਦੇ ਮਰਦ ਪਾਤਰ ਨੇ ਆਪਣੀ ਧੀ ਨੂੰ ਕਿਸੇ ਮੁੰਡੇ ਦੀ ਬਾਂਹ ਵਿਚ ਬਾਂਹ ਪਾਈ ਜਾਂਦੇ ਵੇਖ ਲਿਆ ਘਰ ਆਉਣ 'ਤੇ ਬਾਪ ਧੀ ਉਪਰ ਬਹੁਤ ਗੁੱਸਾ ਹੋਇਆ। "ਬਾਂਹ ਵਿਚ ਬਾਂਹ ਪਾਈ ਸੀ ਹੋਰ ਕੁਝ ਵੀ ਨਹੀਂ-ਕੁੜੀ ਸੁੱਚੀ ਸਾਦੀ। ਘਰ ਆਈ ਤਾਂ ਪਿਉ ਨੇ ਗੁੱਤ ਫੜ ਲਈ।। ਤੇਰੀ ਇਹ ਹਿੰਮਤ ਤੇ ਸਵਾਲ ਕਰ ਰਿਹਾ ਕਿ ਸਾਡੇ ਜਿਊਂਦਿਆਂ ਦਾ ਜਨਾਜ਼ਾ ਕੱਢ ਰਹੀ ਏਂ...।"8

ਇਸ ਪ੍ਰਕਾਰ ਕੈਲਾਸ਼ਪੁਰੀ ਨੇ ਵੀ ਆਪਣੇ ਨਾਵਲ ਵਿਚ ਔਨਰ ਕਿਲਿੰਗ ਵਰਗੇ ਅਪਰਾਧ ਦੀ ਪੇਸ਼ਕਾਰੀ ਕੀਤੀ ਹੈ। "ਪਰਵਾਸੀ ਪੰਜਾਬੀ ਭਾਈਚਾਰੇ ਦੀ ਤ੍ਰਾਸਦੀ ਇਹ ਹੈ ਕਿ ਉਹ ਬਰਤਾਨੀਆਂ ਦੇ ਪੱਕੇ ਵਸਨੀਕ ਬਣਨ ਤੋਂ ਬਾਅਦ ਵੀ ਮਾਨਸਿਕ ਪੱਧਰ 'ਤੇ ਦੋ ਧਰਾਤਲਾਂ ਉੱਤੇ ਜੀਵਨ ਬਸਰ ਕਰ ਰਹੇ ਹਨ। ਆਰਥਿਕ ਪਦਾਰਥਕ ਪੱਖ ਤੋਂ ਤਾਂ ਪੱਛਮੀ ਸਮਾਜ ਉਨ੍ਹਾਂ ਨੂੰ ਬੇਹੱਦ ਰਾਸ ਆਇਆ ਹੈ ਪਰ ਨੈਤਿਕ ਕਦਰਾਂ-ਕੀਮਤਾਂ ਦੇ ਪੱਖ ਤੋਂ ਬੇਮੇਚ। ਇਹ ਦਵੰਦ ਹੀ ਉਨ੍ਹਾਂ ਲਈ ਸੰਕਟ ਪੈਦਾ ਕਰਦਾ ਹੈ।"9 ਆਨਰ ਕਿਲਿੰਗ ਵਰਗੇ ਅਪਰਾਧ ਸੰਬੰਧੀ ਇਨ੍ਹਾਂ ਪਿਤਾ ਤੇ ਭਰਾ ਦੀ ਮਾਨਸਿਕਤਾ ਸੰਬੰਧੀ ਜੋ ਤੱਥ ਦ੍ਰਿਸ਼ਟੀਗੋਚਰ ਹੁੰਦੇ ਹਨ ਉਹ ਇਸ ਪ੍ਰਕਾਰ ਹਨ:

1. ਪ੍ਰਦੁਮਣ ਸਿੰਘ ਦੁਆਰਾ ਆਪਣੀ ਧੀ ਨੂੰ ਕਤਲ ਕਰਨ ਦੀ ਧਮਕੀ ਦੇਣਾ ਨਾਜਾਇਜ਼ ਹੈ ਕਿਉਂਕਿ ਉਹ ਖ਼ੁਦ ਆਪ ਆਪਣੀ ਧੀ ਦੀ ਉਮਰ ਦੀਆਂ ਕੁੜੀਆਂ ਨਾਲ ਇਸ਼ਕ ਖੇਡ ਰਚਾਉਂਦਾ ਹੈ ਤੇ ਇਕ ਕੁੜੀ ਉਸਦੇ ਬੱਚੇ ਦੀ ਮਾਂ ਬਣਨ ਵਾਲੀ ਹੈ।

2. ਬਾਂਹ ਵਿਚ ਬਾਂਹ ਪਾਈ ਵੇਖਣ 'ਤੇ ਹੀ ਕਤਲ ਕਰਨ ਦੀ ਤਜਵੀਜ਼ ਵੀ ਸਰਾਸਰ ਗ਼ਲਤ ਹੈ। ਇਥੇ ਵੀ ਮਰਦ ਦੀ ਜਗੀਰੂ ਸੋਚ ਹੀ ਕਾਰਜਸ਼ੀਲ ਹੈ। ਬੱਚੇ ਜਿਸ ਤਰ੍ਹਾਂ ਦੇ ਮਾਹੌਲ ਵਿਚ ਵਿਚਰਣਗੇ ਉਸਦਾ ਉਨ੍ਹਾਂ ਉਪਰ ਪ੍ਰਭਾਵ ਪੈਣਾ ਬਿਲਕੁਲ ਜਾਇਜ਼ ਹੈ ਇਸ ਲਈ ਮਾਪਿਆਂ ਨੂੰ ਵੀ ਆਪਣੇ ਆਪ ਨੂੰ ਸਮੇਂ ਦੇ ਮੁਤਾਬਿਕ ਬਦਲਣ ਦੀ ਲੋੜ ਹੈ।

ਹਰਜੀਤ ਅਟਵਾਲ ਦੇ ਨਾਵਲ 'ਵਨ ਵੇਅ' ਨਾਵਲ ਦਾ ਪਾਤਰ ਸੁਰਜਨ ਸਿੰਘ ਇਕ ਬਾਪ ਦੇ ਨਾਤੇ ਆਪਣੀਆਂ ਧੀਆਂ ਦੇ ਸੁੱਖ ਦੀ ਚਾਹਤ ਰੱਖਦਾ ਹੈ ਤੇ ਉਨ੍ਹਾਂ ਲਈ ਪਤੀ ਇਸ ਤਰ੍ਹਾਂ ਦੇ ਚਾਹੁੰਦਾ ਹੈ ਜੋ ਉਸਦੀਆਂ ਧੀਆਂ ਨਾਲ ਹਰ ਗੱਲ ਸ਼ੇਅਰ ਕਰਨ ਭਾਵੇਂ ਕਿ ਉਹ ਆਪਣੀ ਪਤਨੀ ਤੋਂ ਕਈ ਗੱਲਾਂ ਦੇ ਉਹਲੇ ਰੱਖਦਾ ਹੈ। "ਹੁਣ ਅਸੀਂ ਕੁੜੀ ਏਦਾਂ ਨਹੀਂ ਵਿਆਹੁਣੀ, ਫਿਊਡਲ ਵੈਲਯੂ ਦੇ ਅਗੇਨਸਟ ਖੜਨੈ, ਏਦਾਂ ਦਾ ਮੁੰਡਾ ਲਭਣੈਂ ਜਿਹੜਾ ਕੁੜੀ ਨੂੰ ਓਨ ਨਾ ਕਰੇ, ਉਹਦੇ ਨਾਲ ਜ਼ਿੰਦਗੀ ਸ਼ੇਅਰ ਕਰੇ। ਹਰ ਫ਼ੈਸਲੇ ਵਿਚ ਕੁੜੀ ਬਰਾਬਰ ਦੀ ਹਿੱਸੇਦਾਰ ਹੋਵੇ।"10 ਹਰਜੀਤ ਅਟਵਾਲ ਦੇ ਨਾਵਲ 'ਰੇਤ' ਦਾ ਪਿਤਾ ਪਾਤਰ ਅਮਰੀਕ ਸਿੰਘ ਗਿੱਲ ਪਾਰਕਿਨਸਨ ਡਜ਼ੀਜ਼ ਦਾ ਮਰੀਜ਼ ਹੋ ਜਾਂਦਾ ਹੈ ਤਾਂ ਉਸਦੀ ਧੀ ਆਪਣੇ ਪਿਤਾ ਦੀ ਦੇਖਭਾਲ ਲਈ ਆਪਣਾ ਘਰ ਛੱਡ ਕੇ ਪੇਕੇ ਮਾਤਾ-ਪਿਤਾ ਕੋਲ ਰਹਿਣ ਲੱਗਦੀ ਹੈ ਜਿਸ ਕਾਰਨ ਉਸਦੇ ਵਿਆਹੁਤਾ ਜੀਵਨ ਵਿਚ ਖਲਲ ਪੈਦਾ ਹੋ ਜਾਂਦਾ ਹੈ "ਅਮਰੀਕ ਸਿੰਘ ਗਿੱਲ ਪਾਰਕਿਨਸਨ ਡਜ਼ੀਜ਼ ਕਾਰਨ ਹੋਰ ਵੀ ਅਸੁਰੱਖਿਆ ਹੋ ਜਾਂਦਾ ਹੈ। ਉਹ ਆਪਣੀ ਜੱਟ ਹਊਮੈਂ ਅਤੇ ਕਬਜ਼ੇ ਦੀ ਭਾਵਨਾ ਦੀ ਪੂਰਤੀ ਲਈ ਧੀ ਦਾ ਘਰ ਤਬਾਹ ਕਰ ਦੇਂਦਾ ਹੈ। ਇਹ ਪਾਤਰ ਔਰਤ ਪੱਖੀ ਪੱਛਮੀ ਵਿਵਸਥਾ ਨੂੰ ਧੀ ਦਾ ਘਰ ਵਸਾਉਣ ਲਈ ਘੱਟ ਵਰਤਦਾ, ਜੁਆਈ ਨੂੰ ਗ਼ੁਲਾਮ ਬਣਾਉਣ ਲਈ ਜ਼ਿਆਦਾ।"11

ਵਿਭਿੰਨਤਾਵਾਂ: ਪਰਵਾਸ ਵਿਚ ਵਿਚਰ ਰਿਹਾ ਦੂਜੀ ਪੀੜ੍ਹੀ ਦਾ ਮਰਦ ਜੋ ਕਿ ਪਰਵਾਸੀ ਭਾਰਤੀ ਪਰਿਵਾਰ ਵਿਚ ਪਲਿਆ ਪੜ੍ਹਿਆ ਹੈ ਉਹ ਆਪਣੀਆਂ ਕਦਰਾਂ-ਕੀਮਤਾਂ ਨੂੰ ਪੂਰੀ ਤਰ੍ਹਾਂ ਨਕਾਰ ਕੇ ਜਾਂ ਪਿੱਛੇ ਛੱਡ ਕੇ ਨਹੀਂ ਚਲਦਾ ਉਸ ਵਿਚ ਸਕਰਾਤਮਕ ਪੱਖ ਤੋਂ ਪੂਰਬੀ ਕਦਰਾਂ-ਕੀਮਤਾਂ ਦੇ ਅੰਸ਼ ਰਹਿ ਜਾਂਦੇ ਹਨ। ਹਰਜੀਤ ਅਟਵਾਲ ਦੇ ਨਾਵਲ 'ਬ੍ਰਿਟਿਸ਼ ਬੌਰਨ ਦੇਸੀ' ਦਾ ਪਾਤਰ ਅਮਰ ਜੋ ਕਿ ਸਾਂਡਰਾ ਨਾਲ ਪਿਆਰ ਸੰਬੰਧਾਂ ਅਧੀਨ ਵਿਚਰਦਾ ਹੈ। ਸਾਂਡਰਾ ਪੱਛਮੀਂ ਸਮਾਜ ਦੇ ਖੁੱਲ੍ਹੇ ਮਾਹੌਲ ਤੇ ਯੂਰਪੀ ਤਹਿਜ਼ੀਬ ਦੀ ਜੰਮਪਲ ਪੱਛਮੀਂ ਔਰਤ ਹੈ। ਅਮਰ ਆਪਣੀ ਬੌਸ ਆਈਰੀਨ ਕਲੋਵਲੀ ਨਾਲ ਤਰੱਕੀ ਦੇ ਲਾਲਚ ਵਿਚ ਸਰੀਰਕ ਸੰਬੰਧ ਬਣਾ ਲੈਂਦਾ ਹੈ। ਪਰੰਤੂ ਬਾਅਦ ਵਿਚ ਉਹ ਗੁਨਾਹ ਦੀ ਭਾਵਨਾ ਨਾਲ ਭਰ ਜਾਂਦਾ ਹੈ ਉਹ ਆਪਣੇ ਆਪ ਨੂੰ ਸਾਂਡਰਾ ਦਾ ਗੁਨਾਹਗਾਰ ਸਮਝਦਾ ਹੈ ਉਹ ਮਹਿਸੂਸ ਕਰਦਾ ਹੈ ਕਿ ਉਸਨੇ ਸਾਂਡਰਾ ਨਾਲ ਵਿਸ਼ਵਾਸਘਾਤ ਕੀਤਾ ਹੈ ਜਿਸ ਕਾਰਨ ਉਹ ਕਾਫ਼ੀ ਦਿਨ ਤਨਾਅ ਵਿਚ ਰਹਿੰਦਾ ਹੈ। ਜਦੋਂ ਸਾਂਡਰਾ ਉਸਦੇ ਗੁੰਮਸੁੰਮ ਰਹਿਣ ਦਾ ਕਾਰਨ ਪੁੱਛਦੀ ਹੈ ਤਾਂ ਉਹ ਉਸ ਤੋਂ ਮਾਫ਼ੀ ਮੰਗਦਾ ਹੋਇਆ ਕਹਿੰਦਾ ਹੈ "-ਮੈਂ ਤੇਰਾ ਗੁਨਾਹਗਾਰ ਆਂ, ਮੈਨੂੰ ਮੁਆਫ਼ ਕਰ ਦੇ ਸਾਂਡਰਾ, ਜਿਸ ਦਿਨ ਤੂੰ ਲੀਅ ਗਈ ਸੀ ਮੈਂ ਆਈਰੀਨ ਕੋਲ ਚਲਾ ਗਿਆ ਸਾਂ, ਇਸੇ ਲਈ ਮੇਰੇ ਕੋਲ ਤੇਰਾ ਸਾਹਮਣਾ ਕਰਨ ਦੀ ਹਿੰਮਤ ਨਹੀਂ, ਆਏ 'ਮ ਸੌਰੀ, ਮੈਨੂੰ ਮੁਆਫ਼ ਕਰ ਦੇ ਸਾਂਡਰਾ। ... ਪਰ ਅਮਰ ਤੂੰ ਵੀ ਮੈਨੂੰ ਮੁਆਫ਼ ਕਰ ਦੇਹ, ਮੈਂ ਵੀ ਉਸ ਦਿਨ ਲੀਹ ਨਹੀਂ ਸੀ

ਗਈ, ਮੈਂ ਆਪਣੇ ਬੌਸ ਡੈਨੀਅਲ ਹੀਲੇ ਨਾਲ ਕਿਸੇ ਹੋਟਲ ਵਿਚ ਸਾਂ।"12

ਸਵਰਨ ਚੰਦਨ ਦੇ ਨਾਵਲ 'ਕੱਚੇ ਘਰ' ਦਾ ਪਾਤਰ ਬਲਦੇਵ ਆਪਣੀ ਪਤਨੀ ਮਨਜੀਤ ਨੂੰ ਘਰ ਦੀ ਆਰਥਿਕ ਸਥਿਤੀ ਕਮਜ਼ੋਰ ਹੋਣ ਕਾਰਨ ਪਹਿਲਾਂ ਆਪਣੀ ਸਹਿਮਤੀ ਨਾਲ ਨੌਕਰੀ ਕਰਨ ਦੀ ਮਨਜ਼ੂਰੀ ਦਿੰਦਾ ਹੈ। ਇਕ ਦਿਨ ਕ੍ਰਿਸ਼ਮਿਸ਼ ਪਾਰਟੀ ਦੌਰਾਨ ਮਨਜੀਤ ਦੀਆਂ ਸਾਥਣਾਂ ਉਸਦੇ ਵਾਰ-ਵਾਰ ਮਨ੍ਹਾਂ ਕਰਨ 'ਤੇ ਜ਼ਬਰਦਸਤੀ ਉਸਨੂੰ ਡਰਿੰਕ ਕਰਾ ਦਿੰਦੀਆਂ ਹਨ। ਉਸਦੇ ਦਿਮਾਗ ਵਿਚ ਇਕ ਗੱਲ ਹੀ ਅਟਕ ਜਾਂਦੀ ਹੈ ਕਿ ਅੱਜ ਉਸਦੀ ਪਤਨੀ ਨੇ ਡਰਿੰਕ ਕੀਤੀ ਹੈ ਕੱਲ੍ਹ ਉਹ ਕਿਸੇ ਗੋਰੇ ਜਾਂ ਕਾਲੇ ਨਾਲ ਸੰਬੰਧ ਵੀ ਬਣਾ ਸਕਦੀ ਹੈ। "ਰਾਤ ਭਰ ਬਲਦੇਵ ਭੰਬਲ ਭੂਸਿਆਂ ਵਿਚ ਪਿਆ ਰਿਹਾ ਕਿ ਮਨਜੀਤ ਨੇ ਸ਼ਰਾਬ ਕਿਉਂ ਪੀਤੀ ਅੱਗੇ ਤਾਂ ਕਦੇ ਉਹਨੇ ਸ਼ਰਾਬ ਨੂੰ ਸੁੰਘਿਆ ਤੱਕ ਵੀ ਨਹੀਂ ਸੀ। ਸ਼ਰਾਬ ਪੀਣ ਤੋਂ ਪਿਛੋਂ ਕੀ ਹੋਇਆ ਹੋ ਸਕਦਾ ਹੈ।"13 ਕੈਲਾਸ਼ਪੁਰੀ ਦੇ ਨਾਵਲ 'ਇਕ ਸੀ ਸ਼ੈਨਨ' ਦਾ ਪਾਤਰ ਮੇਜਰ ਸਿੰਘ ਭਾਰਤੀ ਪਤਨੀ ਤੋਂ ਦੋ ਧੀਆਂ ਹੋਣ ਦੇ ਬਾਵਜੂਦ ਇੰਗਲੈਂਡ ਜਾ ਕੇ ਆਲਡਾ ਨਾਂ ਦੀ ਆਸਟਰੇਲੀਅਨ ਗੋਰੀ ਨਾਲ ਵਿਆਹ ਕਰਵਾ ਲੈਂਦਾ ਹੈ। ਉਹ ਆਲਡਾ ਤੇ ਭਾਰਤੀ ਪਤਨੀ ਨੂੰ ਆਪਣੇ ਦੁਸਰੇ ਵਿਆਹ ਬਾਰੇ ਸਾਰੀ ਉਮਰ ਨਹੀਂ ਦੱਸਦਾ। ਇਸ ਪ੍ਰਕਾਰ ਮੇਜਰ ਸਿੰਘ ਤੇ ਬਲਦੇਵ ਪਰੰਪਰਿਕ ਮਰਦ ਹਨ ਜਦੋਂਕਿ ਅਮਰ ਪੱਛਮੀ ਜੀਵਨ ਜਾਂਚ ਨਾਲ ਸੰਬੰਧਿਤ ਹੈ ਜਿਸ ਕਾਰਨ ਇਨ੍ਹਾਂ ਸੰਬੰਧੀ ਇਹ ਤੱਥ ਪੇਸ਼ ਹੁੰਦੇ ਹਨ

1. ਮੇਜਰ ਸਿੰਘ ਅਜਿਹਾ ਭਾਰਤੀ ਮਰਦ ਪਾਤਰ ਹੈ ਜੋ ਕਿ ਭਾਰਤੀ ਤੇ ਪੱਛਮੀ ਜੀਵਨ ਜਾਂਚ ਨਾਲ ਸੰਬੰਧਿਤ ਪਤਨੀਆਂ ਤੇ ਧੀਆਂ ਨਾਲ ਧੋਖਾ ਕਰਦਾ ਹੈ ਕਿਉਂਕਿ ਉਹ ਆਪਣੇ ਦੂਜੇ ਵਿਆਹ ਦਾ ਸੱਚ ਦੋਵਾਂ ਪਤਨੀਆਂ ਤੋਂ ਛੁਪਾ ਕੇ ਰੱਖਦਾ ਹੈ।

2. ਸਾਂਡਰਾ ਦਾ ਸੱਚ ਜਾਣਨ ਤੋਂ ਬਾਅਦ ਵੀ ਉਸਨੂੰ ਮਾਫ਼ ਕਰਕੇ ਉਸ ਨਾਲ ਰਹਿਣ ਵਰਗਾ ਫ਼ੈਸਲਾ ਪੱਛਮੀ ਰਹਿਤਲ ਵਿਚ ਪਲਿਆ ਪੜ੍ਹਿਆ ਮਰਦ ਹੀ ਕਰ ਸਕਦਾ ਹੈ ਬਲਕਿ ਅਮਰ ਦੀ ਥਾਂ ਕੋਈ ਭਾਰਤੀ ਜੰਮਪਲ ਮਰਦ ਹੁੰਦਾ ਤਾਂ ਉਹ ਸਾਂਡਰਾ ਨੂੰ ਕਦੇ ਵੀ ਮਾਫ਼ ਨਾ ਕਰਦਾ।

3. ਬਲਦੇਵ ਇਹ ਬਰਦਾਸ਼ਤ ਨਹੀਂ ਕਰ ਪਾਉਂਦਾ ਕਿਉਂਕਿ ਭਾਰਤੀ ਮਾਨਸਿਕਤਾ ਵਿਚ ਡਰਿੰਕ ਕਰਨ ਦਾ ਹੱਕ ਵੀ ਮਰਦ ਨੂੰ ਹੀ ਹਾਸਿਲ ਹੈ ਔਰਤ ਦੁਆਰਾ ਡਰਿੰਕ ਕਰਨ ਨੂੰ ਬੇਸ਼ਰਮੀ ਤੇ ਬੇਹੁਦਾ ਹਰਕਤ ਮੰਨਿਆ ਜਾਂਦਾ ਹੈ ਜਦੋਂ ਕਿ ਮਰਦ ਦੁਆਰਾ ਡਰਿੰਕ ਕਰਨਾ ਮਰਦਾਨਗੀ ਦੀ ਨਿਸ਼ਾਨੀ ਮੰਨਿਆ ਜਾਂਦਾ ਹੈ।

ਦਰਸ਼ਨ ਧੀਰ ਦੇ ਨਾਵਲ 'ਸੰਘਰਸ਼' ਅਤੇ ਹਰਜੀਤ ਅਟਵਲ ਦੇ ਨਾਵਲ 'ਬ੍ਰਿਟਿਸ਼ ਬੌਰਨ ਦੇਸੀ ' ਵਿਚ ਅੰਤਰ-ਨਸਲੀ ਵਿਆਹ ਦਾ ਜ਼ਿਕਰ ਮਿਲਦਾ ਹੈ। 'ਸੰਘਰਸ਼' ਵਿਚ ਮਾਰਗਰੇਟ ਅਤੇ ਰਾਜਪਾਲ ਦੇ ਵਿਆਹ ਪ੍ਰਬੰਧ ਦੇ ਟੁੱਟਣ ਦਾ ਕਾਰਨ ਭਾਰਤੀ ਅਤੇ ਪੱਛਮੀ ਦੋਵਾਂ ਕਮਿਊਨਿਟੀਆਂ ਨੂੰ ਵਿਰੋਧੀ ਦਰਸਾਇਆ ਗਿਆ ਹੈ। ਦੋਵੇਂ ਹੀ ਇਕ-ਦੂਜੇ ਦੇ ਸਭਿਆਚਾਰ ਨੂੰ ਨਿੰਦਦੇ ਤੇ ਕਮੀਆਂ ਕੱਢਦੇ ਦ੍ਰਿਸ਼ਟੀਗੋਚਰ ਹੁੰਦੇ ਹਨ। ਮਾਰਗਰੇਟ ਰਾਜਪਾਲ ਦੇ ਭਾਰਤੀ ਪਰਿਵਾਰ ਦੇ ਰਹਿਣ-ਸਹਿਣ 'ਤੇ ਵਿਅੰਗ ਕਰਦੀ ਰਹਿੰਦੀ ਹੈ। "ਜੰਗਲੀ ਨੀ ਤਾਂ ਹੋਰ ਕੀ ਨੇ, ਇਹ ਲੋਕ ਚਪਾਟੀਆਂ ਖਾਂਦੇ ਨੇ, ਕਰੀ ਨਾਲ ਉਹ ਵੀ ਹੱਥਾਂ ਨਾਲ। ... ਇਹ ਲੋਕ ਤੀਮੀਂ ਨੂੰ ਦੂਜੇ ਦਰਜੇ ਦੀ ਸਮਝਦੇ ਨੇ।"14 'ਬ੍ਰਿਟਿਸ਼ ਬੌਰਨ ਦੇਸੀ' ਨਾਵਲ ਦੇ ਪਾਤਰ ਸੱਤੀ ਤੇ ਮਾਇਕ ਦੇ ਵਿਆਹ-ਸੰਬੰਧਾਂ ਦੇ ਟੁੱਟਣ ਦਾ ਕਾਰਨ ਵੀ ਸਭਿਆਚਾਰਕ ਵਖਰੇਵਾ ਹੈ। ਨਾਵਲੀ ਬਿਰਤਾਂਤ ਵਿਚ ਜਦੋਂ ਗੁਰਮੁਖ ਸਿੰਘ ਦੀ ਪਤਨੀ ਹਰਨਾਮ ਕੌਰ ਦੀ ਮੌਤ ਹੋ ਜਾਂਦੀ ਹੈ ਤਾਂ ਮਾਈਕ ਸੋਚਦਾ ਹੈ ਕਿ ਇਹ ਲੋਕ ਸੈਟੀਆਂ 'ਤੇ ਬੈਠਣ ਦੀ ਬਜਾਏ ਥੱਲੇ ਜ਼ਮੀਨ 'ਤੇ ਕਿਉਂ ਬੈਠਦੇ ਨੇ। ਜਦੋਂ ਉਹ ਘਰ ਆ ਕੇ ਟੀ.ਵੀ. ਚਲਾ ਲੈਂਦਾ ਹੈ ਤਾਂ ਉਸਦੀ ਸੱਸ ਉਸਨੂੰ ਰੋਕਦੀ ਹੋਈ ਕਹਿੰਦੀ ਹੈ ਕਿ ਮੌਤ ਵਾਲੇ ਘਰ ਟੀ.ਵੀ. ਨਹੀਂ ਚਲਾਈਦਾ। "-ਮਾਈਕ, ਮਰਨ ਵਾਲੇ ਦੇ ਘਰ ਟੈਲੀ ਨਹੀਂ ਲਾਇਆ ਜਾਂਦਾ। ਮਾਈਕ ਗੁੱਸੇ ਵਿਚ ਆ ਕੇ ਰਿਮੋਟ ਕੰਟਰੋਲ ਵਗਾਹ ਮਾਰਦਾ ਹੈ।"15

ਬਰਤਾਨਵੀ ਮਰਦ ਅਤੇ ਇਸਤਰੀ ਨਾਵਲਕਾਰਾਂ ਦੇ ਨਾਵਲਾਂ ਦਾ ਤੁਲਨਾਤਮਕ ਅਧਿਐਨ ਕਰਨ ਤੋਂ ਬਾਅਦ ਜੋ ਸਮਾਨਤਾਵਾਂ ਅਤੇ ਵਿਭਿੰਨਤਾਵਾਂ ਸਾਨੂੰ ਦ੍ਰਿਸ਼ਟੀਗੋਚਰ ਹੋਈਆਂ ਹਨ ਉਹਨਾਂ ਦੇ ਆਧਾਰ 'ਤੇ ਅਸੀਂ ਕਹਿ ਸਕਦੇ ਹਾਂ ਕਿ ਕੈਲਾਸ਼ਪੁਰੀ ਨੇ ਭਾਵੇਂ ਔਰਤ ਹੋਣ ਦੇ ਨਾਤੇ ਔਰਤ ਦੀਆਂ ਤਕਲੀਫ਼ਾਂ ਦੀ ਪੇਸ਼ਕਾਰੀ ਆਪਣੇ ਨਾਵਲਾਂ ਵਿਚ ਕੀਤੀ ਹੈ ਪਰੰਤੂ ਮਰਦ ਸਾਹਿਤਕਾਰਾਂ ਨੇ ਆਪਣੇ ਨਾਵਲਾਂ ਵਿਚ ਔਰਤ ਦੀ ਤ੍ਰਾਸਦੀ ਪਿੱਛੇ ਕਾਰਜਸ਼ੀਲ ਕਾਰਨਾਂ 'ਤੇ ਰੋਸ਼ਨੀ ਪਾਉਂਦੇ ਹੋਏ ਬਣਦੇ ਸੁਝਾਅ ਵੀ ਪੇਸ਼ ਕੀਤੇ ਹਨ। ਇਸ ਪ੍ਰਕਾਰ ਉਨ੍ਹਾਂ ਦੇ ਵਿਚਾਰਾਂ ਵਿਚ ਕਈ ਥਾਂ 'ਤੇ ਸਮਾਨਤਾ ਹੈ ਅਤੇ ਕਈ ਥਾਂਵਾਂ 'ਤੇ ਉਹ ਇਕ੍ਦੂਜੇ ਦੇ ਵਿਰੋਧ ਵਿਚ ਖੜ੍ਹੇ ਨਜ਼ਰ ਆਉਂਦੇ ਹਨ। ਇਸ ਦੇ ਨਾਲ ਹੀ ਇਸ ਅਧਿਐਨ ਤੋਂ ਇਹ ਵੀ ਦ੍ਰਿਸ਼ਟੀਗੋਚਰ ਹੋਇਆ ਹੈ ਕਿ ਮਰਦ ਸਾਹਿਤਕਾਰਾਂ ਦੀ ਤੁਲਨਾ ਵਿਚ ਔਰਤ ਸਾਹਿਤਕਾਰਾਂ ਦੀ ਗਿਣਤੀ ਆਟੇ ਵਿਚ ਲੂਣ ਸਮਾਨ ਹੈ।

**ਪੁਸਤਕ ਸੂਚੀ**

1. ਮੋਨਿਕਾ ਰਾਣੀ, ਦਰਸ਼ਨ ਧੀਰ ਅਤੇ ਹਰਜੀਤ ਅਟਵਾਲ ਦੇ ਨਾਵਲਾਂ ਵਿਚ ਪੰਜਾਬੀ ਅਤੇ ਗੈਰ-ਪੰਜਾਬੀ ਪਾਤਰਾਂ ਦਾ ਅੰਤਰ-ਸਬੰਧ, ਅਣਪ੍ਰਕਾਸ਼ਿਤ ਖੋਜ-ਪ੍ਰਬੰਧ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2019, ਪੰਨਾ-217.
2. ਹਰਜੀਤ ਅਟਵਾਲ, ਸਾਊਥਾਲ, ਲੋਕਗੀਤ ਪ੍ਰਕਾਸ਼ਨ,

## ਦੋ ਗੀਤ / ਪ੍ਰਭਜੋਤ ਸੋਹੀ



ਨਾ ਪਹਿਲਾਂ ਵਰਗੇ ਪਿਆਰ ਰਹੇ
ਨਾ ਉਹ ਅਪਣੱਤ ਨਾ ਯਾਰ ਰਹੇ।
ਹੁਣ ਹਰ ਥਾਂ ਨੇਰ੍ਹਾ ਮੋਹਰੀ ਐ
ਕੋਈ ਕਦਰ ਨਾ ਚਾਨਣ ਰਿਸ਼ਮਾਂ ਦੀ।
ਉਥੇ ਕੌਣ ਰੂਹਾਂ ਨੂੰ ਪੁੱਛਦਾ ਏ
ਜਿਥੇ ਮੰਡੀ ਲੱਗਦੀ ਜਿਸਮਾਂ ਦੀ।

ਕੋਈ ਪੱਟ ਦਾ ਮਾਸ ਖੁਆਵੇ ਕਿਉਂ
ਕੋਈ ਥਲਾਂ 'ਚ ਸੜ੍ਹ ਮਰ ਜਾਵੇ ਕਿਉਂ।
ਮੱਥਾ ਨਾਲ ਪਹਾੜਾਂ ਲਾਵੇ ਕਿਉਂ
ਕਹਿੰਦੇ ਅੱਜ ਕੱਲ੍ਹ ਐਸੀ ਲੋੜ ਨਹੀਂ।
ਹੁਣ ਮਾਸ ਦੀ ਬੋਲੀ ਲੱਗਦੀ ਐ
ਜਿਥੇ ਗਿਰਝਾਂ ਦੀ ਥੋੜ ਨਹੀਂ।

ਅੰਦਰ ਚੂਹੇ ਬਾਹਰ ਕਾਂ ਪੈਂਦੇ
ਉਂਝ ਭੈਣ ਕਦੇ, ਕਦੇ ਮਾਂ ਕਹਿੰਦੇ।
ਕਹਿਣ ਮਨ ਸਾਡੇ ਸਤਿਕਾਰ ਬੜਾ
ਪਰ 'ਗਾਂਹ ਨਾ ਜਾਣ ਸਰੀਰਾਂ ਤੋਂ।
ਗ਼ੈਰਾਂ ਦੀ ਗੱਲ ਹੁਣ ਕੀ ਕਰਨੀ
ਡਰ ਲੱਗਦੈ ਸਕਿਆਂ ਵੀਰਾਂ ਤੋਂ।

ਅਸੀਂ ਭੁੱਲ ਗਏ ਮਾਂ ਪੰਜਾਬੀ ਨੂੰ
ਉਸ ਸ਼ਾਇਰ ਅਤੇ ਰੱਬਾਬੀ ਨੂੰ।
ਜੋ ਇਕ ਦਾ ਹੋਕਾ ਦਿੰਦਾ ਸੀ
ਸੀ ਦੂਰ ਜੋ ਜਾਤਾਂ ਪਾਤਾਂ ਤੋਂ।
'ਸੋਹੀ' ਸੋਚ ਬਦਲਣੀ ਪੈਣੀ ਐ
ਜੇ ਬੱਚਣਾਂ ਬੁਰੇ ਹਾਲਾਤਾਂ ਤੋਂ।

**2.**

ਸਾਹਾਂ ਦੇ ਆਉਣ ਜਾਣ ਨੂੰ
ਕਿਵੇਂ ਜ਼ਿੰਦਗੀ ਕਹਾਂ।
ਸੱਜਣਾਂ ਦੇ ਰੁੱਸ ਕੇ ਜਾਣ ਦੀ
ਕਿੰਝ ਪੀੜ ਮੈਂ ਸਹਾਂ।।

ਜਿਸ ਮੋੜ ਤੇ ਤੂੰ ਮਹਿਰਮਾਂ
ਕਿਰਿਆ ਸੀ ਰੇਤ ਵਾਂਗ
ਹੁਣ ਵੀ ਮੈਂ ਉਸੇ ਮੋੜ ਤੇ
ਚੁੱਪਚਾਪ ਜਾ ਬਹਾਂ,
ਸਾਹਾਂ ਦੇ ਆਉਣ ਜਾਣ ਨੂੰ

ਤੂੰ ਤਾਂ ਬੜੇ ਆਰਾਮ ਨਾਂ
ਕਹਿ ਗਿਆ ਸੀ ਅਲਵਿਦਾ
ਕੀਕਣ ਮੈਂ ਤੇਰੀ ਪੈੜ ਨੂੰ
ਦੱਸ ਅਲਵਿਦਾ ਕਹਾਂ,
ਸਾਹਾਂ ਦੇ ਆਉਣ ਜਾਣ ਨੂੰ


ਤੂੰ ਬਣ ਕੇ ਦਿਲ ਸੀ ਧੜਕਦਾ
ਕਈ ਸੀਨਿਆਂ 'ਚ ਯਾਰ
ਬਿਨ ਤੇਰੇ ਸੁੰਨਾਂ ਹੋ ਗਿਐ ਸਾਰਾ
ਹੀ ਇਹ ਜਹਾਂ,
ਸਾਹਾਂ ਦੇ ਆਉਣ ਜਾਣ ਨੂੰ


ਚੰਡੀਗੜ੍ਹ, 2009, ਪੰਨਾ-236.
3. ਪਿੰਕੀ ਗਰੇਵਾਲ, ਵਚਨੋਂ ਵਲੈਤ ਆਈ, ਰੂਪ ਪਬਲਿਸ਼ਰਜ਼, ਮਿਤੀਹੀਨ, ਪੰਨਾ-30.
4. ਡਾ. ਗੁਰਪਾਲ ਸਿੰਘ ਸੰਧੂ, ਪਹਿਚਾਣ, ਸਭਿਆਚਾਰ ਅਤੇ ਪੂੰਜੀ: ਵਨ ਵੇਅ, ਪ੍ਰੋ. ਜੇ. ਬੀ. ਸੇਖੋ (ਸੰਪਾ.) ਹਰਜੀਤ ਅਟਵਾਲ ਦਾ ਨਾਵਲ ਸੰਸਾਰ, ਸੰਗਮ ਪਬਲੀਕੇਸ਼ਨ, ਸਮਾਣਾ, 2012, ਪੰਨਾ-29.
5. ਡਾ. ਜਸਵਿੰਦਰ ਸਿੰਘ, ਵਨ ਵੇਅ: ਸਾਕਾਦਾਰੀ ਦਾ ਸ਼ਤਰੰਜ, ਪ੍ਰੋ. ਜੇ. ਬੀ. ਸੇਖੋ (ਸੰਪਾ.) ਹਰਜੀਤ ਅਟਵਾਲ ਦਾ ਨਾਵਲ ਸੰਸਾਰ, ਪੰਨਾ-14.
6. ਸ਼ੇਰ ਜੰਗ ਜਾਂਗਲੀ, ਕੱਦਾਵਰ ਨਾਵਲ ਕੰਜਕਾਂ, ਪਰਮਜੀਤ ਕੌਰ ਸਿੱਧੂ (ਸੰਪਾ.), ਸਵਰਨ ਚੰਦਨ ਦਾ ਗਲਪ-ਬੋਧ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2012, ਪੰਨਾ-51.
7. ਕੈਲਾਸ਼ਪੁਰੀ, ਮੈਂ ਇਕ ਔਰਤ, ਪੰਜਾਬੀ ਰਾਈਟਰਜ਼ ਕੋਆਪਰੇਟਿਵ, ਦਿੱਲੀ, 1986, ਪੰਨਾ-202.
8. ਉਹੀ, ਇਕ ਸੀ ਸ਼ੈਨਨ, ਆਰਸੀ ਪਬਲੀਸ਼ਰਜ਼, ਦਿੱਲੀ, 2009, ਪੰਨਾ-44.
9. ਰਵਿੰਦਰ ਕੌਰ, ਪਰਵਾਸੀ ਪੰਜਾਬੀ ਯਥਾਰਥ ਦੀ ਪਰਤ ਦਰ ਪਰਤ ਪੇਸ਼ਕਾਰੀ ਕਰਦਾ ਨਾਵਲ: ਸਾਊਥਾਲ, ਪ੍ਰੋ. ਜੇ. ਬੀ. ਸੇਖੋਂ (ਸੰਪਾ.), ਹਰਜੀਤ ਅਟਵਾਲ ਦਾ ਨਾਵਲ ਸੰਸਾਰ, ਪੰਨਾ-156.
10. ਹਰਜੀਤ ਅਟਵਾਲ, ਵਨ ਵੇਅ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ,1999, ਪੰਨਾ-127.
11. ਮਾਨ ਸਿੰਘ ਢੀਂਡਸਾ, ਸੰਸਥਾਵਾਂ ਅਤੇ ਮਨੁੱਖੀ ਰਿਸ਼ਤਿਆਂ ਦੀ ਗੁੰਝਲ ਦਾ ਬਿਰਤਾਂਤ; ਰੇਤ, ਪ੍ਰੋ. ਜੇ. ਬੀ. ਸੇਖੋਂ (ਸੰਪਾ.), ਹਰਜੀਤ ਅਟਵਾਲ ਦਾ ਨਾਵਲ ਸੰਸਾਰ, ਪੰਨਾ-58.
12. ਹਰਜੀਤ ਅਟਵਾਲ, ਬ੍ਰਿਟਿਸ ਬੌਰਨ ਦੇਸੀ, ਸੰਗਮ ਪਬਲੀਕੇਸ਼ਜ਼, ਸਮਾਣਾ, 2011, ਪੰਨਾ-80-81.
13. ਸਵਰਣ ਚੰਦਨ, ਕੱਚੇ ਘਰ, ਨਿਊ ਏਜ ਬੁਕ ਸੈਂਟਰ, ਅੰਮ੍ਰਿਤਸਰ,1981, ਪੰਨਾ-169.
14. ਦਰਸ਼ਨ ਧੀਰ, ਸੰਘਰਸ਼, ਨਾਨਕ ਸਿੰਘ ਪੁਸਤਕ ਮਾਲਾ, ਅੰਮ੍ਰਿਤਸਰ,1984, ਪੰਨਾ-98.
15. ਹਰਜੀਤ ਅਟਵਾਲ, ਬ੍ਰਿਟਿਸ਼ ਬੌਰਨ ਦੇਸੀ, ਪੰਨਾ-155.



**ਰਿਸਰਚ ਸਕਾਲਰ**
**ਪੰਜਾਬੀ ਸਾਹਿਤ ਅਧਿਐਨ ਵਿਭਾਗ,**
**ਪੰਜਾਬੀ ਯੂਨੀਵਰਸਿਟੀ, ਪਟਿਆਲਾ**

## ਸੰਭਾਵਨਾਵਾਂ / ਸ਼੍ਰੀਬਿਲਾਸ ਸਿੰਘ




ਇੱਕ ਟੁਕੜਾ ਧਰਤੀ
ਬਚੀ ਰਹੇਗੀ ਮੇਰੇ ਵਿੱਚ
ਮੇਰੀਆਂ ਹੱਡੀਆਂ ਵਿੱਚ
ਮੇਰੀਆਂ ਯਾਦਾਂ ਵਿਚ
ਮੇਰੀਆਂ ਕਵਿਤਾਵਾਂ ਵਿਚ
ਉਵੇਂ ਹੀ ਜਿਵੇਂ
ਤ੍ਰੇਲ ਦੀਆਂ ਬੂੰਦਾਂ ਵਿਚ
ਬਚੀ ਰਹਿੰਦੀ ਹੈ ਨਮੀ
ਨਦੀ ਤਲਾਅ ਤੇ
ਸਾਰਿਆਂ ਜਲ ਸੋਮਿਆਂ ਵਿੱਚ
ਖੁਸ਼ਕ ਹੋ ਜਾਣ ਦੇ
ਬਾਵਜੂਦ ਵੀ
ਮੈਂ ਬਚਿਆ ਰਹਾਂਗਾ
ਇਸ ਧਰਤੀ ਵਿੱਚ
ਇੱਕ ਚੁਟਕੀ ਮਿੱਟੀ ਬਣ ਕੇ
ਚਲੇ ਜਾਣ ਤੋਂ
ਹਜ਼ਾਰ ਸਾਲ ਬਾਅਦ ਵੀ
ਤੇ ਫੁੱਲ ਬਣਕੇ
ਖਿੜਦਾ ਰਹਾਂਗਾ
ਤੇਰੀਆਂ ਅੱਖਾਂ ਦੀਆਂ
ਕਿਆਰੀਆਂ ਵਿੱਚ
ਮੈਂ ਬਚਿਆ ਰਹਾਂਗਾ
ਤੇ ਇੱਕ ਟੁਕੜਾ ਧਰਤੀ
ਬਚੀ ਰਹੇਗੀ ਮੇਰੇ ਵਿਚ
ਤੇ ਇਸੇ ਤਰਾਂ
ਬਚੀਆਂ ਰਹਿਣਗੀਆਂ
ਸੰਭਾਵਨਾਵਾਂ ਜੀਵਨ ਦੀਆਂ
ਧਰਤੀ ਤੇ...

## ਦੁਨੀਆਂ ਰੁਕਦੀ ਨਹੀਂ / ਦੇਵਿੰਦਰ ਆਰੀਆ

ਅਸੀਂ ਤੁਰਦੇ ਹਾਂ ਤਾਂ ਸਾਰੇ ਤੁਰਦੇ ਨੇ
ਅਸੀਂ ਰੁਕਦੇ ਹਾਂ
ਪਰ ਦੁਨੀਆਂ ਨਹੀਂ ਰੁਕਦੀ

ਅਸੀਂ ਲੜਦੇ ਹਾਂ ਤਾਂ ਸਾਰੇ ਲੜਦੇ ਨੇ
ਅਸੀਂ ਨਹੀਂ ਲੜਦੇ
ਤਾਂ ਵੀ ਦੁਨੀਆਂ ਰਣ ਨਹੀਂ ਛੱਡਦੀ

ਅਸੀਂ ਇਕੱਲੇ ਹੁੰਦੇ ਹਾਂ
ਇਕੱਲਤਾ ਕਦੇ ਇਕੱਲੀ ਨਹੀਂ ਹੁੰਦੀ



ਸ਼ਾਂਤ ਅਸੀਂ ਹੁੰਦੇ ਹਾਂ ਸੁਰ ਨਹੀਂ
ਸ਼ਬਦਾਂ ਦਾ ਲਾਵਾ ਸਾਡੀ ਚੁੱਪ ਨਾਲ
ਬੁਝਦਾ ਨਹੀਂ
ਸੁੰਗੜਦੇ ਨੇ ਫੇਫੜੇ ਤਾਂ ਫੈਲਦੇ ਨੇ ਸਾਹ

ਜ਼ਿੰਦਗੀ ਮੁਕਰ ਜਾਵੇ ਤਾਂ
ਲਾਸ਼ਾਂ ਗਵਾਹੀ ਦਿੰਦੀਆਂ ਨੇ
ਜਦੋਂ ਕਦੇ ਰੁਕਦੀ ਹੈ ਜ਼ਿੰਦਗੀ
ਮੌਤ ਰੁਕ ਕੇ ਪੁੱਛਦੀ ਹੈ
ਕੀ ਹੋਇਆ ਪਾਰਟਨਰ ?
ਬੁਝੇ ਚੁੱਲ੍ਹੇ ਦੀ ਆਂਚ ਤੇ
ਹੱਥ ਸੇਕੇ ਜਾ ਸਕਦੇ ਹਨ
ਰੋਟੀ ਨਹੀਂ
ਭੰਵਰ ਨਾਲ ਹੱਥ ਮਿਲਾਓ
ਉਭਰ ਜਾਓਗੇ।

................

**ਅਨੁ. ਅ.ਕ.**

## ਦੋ ਕਵਿਤਾਵਾਂ / ਆਸ਼ੀਸ਼ ਮੋਹਨ

### ਜੇ ਅਸੀਂ ਯੁੱਧ ਨਾ ਰੋਕ ਸਕੇ

ਘਰ ਟੁੱਟਿਆ ਗੁਆਂਢੀ ਦਾ
ਧਮਕ ਮੇਰੇ ਘਰ ਤਕ
ਆਪਣੇ ਆਪ ਚੱਲ ਕੇ ਆਈ
ਮੇਰੇ ਵਿਹੜੇ ਵਿਚ
ਜਦੋਂ ਖਿੜੇ ਮੋਗਰੇ ਦੇ ਫੁੱਲ
ਮਹਿਕ ਆਪਣੇ ਆਪ ਫੈਲ ਗਈ
ਪੂਰੇ ਮੁਹੱਲੇ ਵਿਚ
ਮੈਂ ਰੋਕ ਨਾ ਸਕਿਆ ਉਸ ਨੂੰ

ਅੱਜ ਗੁਆਂਢ ਹੁੰਦਾ ਯੁੱਧ
ਰੋਕ ਨਾ ਸਕੇ ਅਸੀਂ
ਤਾਂ ਕੱਲ ਇਨ੍ਹਾਂ ਹੀ ਮਸਤ ਹਵਾਵਾਂ ਵਿਚ
ਲਿਪਟ ਕੇ ਆਉਣਗੀਆਂ
ਮੁਰਦਿਆਂ ਦੀਆਂ ਬਦਦੁਆਵਾਂ
ਜਿਨ੍ਹਾਂ ਨੂੰ ਰੋਕ ਨਹੀਂ ਸਕਾਂਗੇ ਅਸੀਂ।

### ਕਾਰੀਗਰ ਤੇ ਤਲਵਾਰ

ਕਾਰੀਗਰ ਤਲਵਾਰ ਬਣਾਉਂਦਾ ਹੈ
ਰੋਟੀ ਕਮਾਉਣ ਦੇ ਲਈ
ਜਦੋਂ ਕਿ ਉਹ ਕਮਾ ਸਕਦਾ ਹੈ ਰੋਟੀ
ਬਣਾ ਕੇ ਖੁਰਪਾ ਤੇ ਦਾਤੀ

ਖ਼ੂਨ ਦੀ ਪਿਆਸੀ ਤਲਵਾਰ
ਜਿਸਨੂੰ ਆਉਂਦਾ ਨਹੀਂ
ਖ਼ੂਨ ਪੀਣ ਤੋਂ ਸਿਵਾ
ਹੋਰ ਕੋਈ ਵੀ ਕੰਮ।



## ਚੰਗੀ ਬਹੂ / ਡਾ. ਪਦਮਜਾ ਸ਼ਰਮਾ



ਚੰਗੀ ਬਹੂ ਸਿਰ ਤੇ
ਪੱਲਾ ਰੱਖਦੀ ਹੈ
ਅੱਖਾਂ ਥੋੜੀਆਂ
ਝੁਕਾ ਕੇ ਰੱਖਦੀ ਹੈ
ਪੈਰਾਂ ਵਿਚ ਝਾਂਜਰ
ਬਿਛੂਏ ਹੱਥਾਂ ਵਿਚ ਚੂੜੀਆਂ
ਮਾਂਗ ਵਿਚ ਹਰ ਰੋਜ਼
ਸੰਧੂਰ ਭਰਦੀ ਹੈ
ਨਣਦ ਦੇ ਤਾਨੇ ਤੇ ਸੱਸ ਦੀ
ਜ਼ਿਆਦਤੀ ਸਹਿੰਦੀ ਹੈ
ਜੇਠ ਦੇ ਊਟਪਟਾਂਗ
ਬੋਲਣ ਤੇ ਵੀ ਚੁੱਪ ਰਹਿੰਦੀ ਹੈ
ਆਪਣੇ ਤੇ ਲੱਗੇ
ਇਲਜ਼ਾਮ ਤੇ ਪ੍ਰਸ਼ਨ ਨਹੀਂ ਕਰਦੀ
ਸਾਰਿਆਂ ਨੂੰ ਰਹਿੰਦੀ ਹੈ
ਉਸ ਨਾਲ ਸ਼ਿਕਾਇਤਾਂ
ਪਰ ਸਾਰਿਆਂ ਨਾਲ
ਉਸਦੀ ਬਣਦੀ ਹੈ
ਘਰ ਵਿਚ ਸਭ ਤੋਂ
ਜਿਆਦਾ ਉਹੀ ਮਰਦੀ ਹੈ
ਸਾਰਿਆਂ ਦਾ ਕਿਹਾ ਕਰਦੀ ਹੈ
ਅੱਖਾਂ ਵਿਚ ਅਥਰੂ ਭਰਦੀ ਹੈ ਤੇ
ਪਿਆਸੀ ਰਹਿੰਦੀ ਹੈ
ਮਨ ਖਾਲੀ ਰਹਿੰਦਾ ਹੈ ਫੇਰ ਵੀ
ਢਿੱਡ ਭਰਦੀ ਹੈ ਚੰਗੀ ਬਹੂ
ਧੀ ਭਾਵੇਂ ਇੱਕ ਵੀ ਨਾ ਜੰਮੇ ਪੁੱਤਰ
ਦੋ ਜੰਮਦੀ ਹੈ
ਸ਼ਾਮ ਢਲੇ ਪਤੀ ਦਾ ਪਿਆਰ ਪਾਉਣ
ਲਈ ਸਜਦੀ ਸੰਵਰਦੀ ਹੈ
ਸਾਰਿਆਂ ਦੇ ਸੌਣ ਤੋਂ
ਬਾਅਦ ਸੌਂਦੀ ਹੈ
ਉਹ ਮੂੰਹ ਹਨ੍ਹੇਰੇ ਕੰਮ ਤੇ
ਜੁਟ ਜਾਂਦੀ ਹੈ
ਉਸਦੀ ਪ੍ਰਵਾਹ ਕੋਈ ਨਹੀਂ ਕਰਦਾ
ਪਰ ਥੱਕੀ ਹੋਣ ਤੇ ਵੀ
ਸਾਰਿਆਂ ਦੀ ਪ੍ਰਵਾਹ ਕਰਦੀ ਹੈ ਚੰਗੀ
ਬਹੂ
ਕੋਈ ਨਹੀਂ ਜਾਣ ਸਕਦਾ
ਕਿ ਇਸ ਸਭ ਕਾਸੇ ਦਰਮਿਆਨ ਉਹ
ਕਿੰਨੀ ਵਾਰ ਮਰਦੀ ਹੈ
ਕਿੰਨੀ ਵਾਰ ਰੋਂਦੀ ਹੈ ਤੇ
ਕਿਹੋ ਜਿਹੇ ਦੁੱਖਾਂ ਵਿਚ ਵੀ
ਕਿਸ ਕਿਸ ਤਰਾਂ
ਹੱਸਦੀ ਹੈ ਚੰਗੀ ਬਹੂ....

## ਘਰ ਤੇ ਲੇਖ / ਦੀਨ ਦਿਆਲ ਸ਼ਰਮਾ



ਗੁਰੂ ਜੀ ਨੇ ਕਿਹਾ ਬੱਚਿਆਂ ਨੂੰ
ਕਿਸੇ ਗਰੀਬ ਦੇ ਘਰ ਤੇ
ਲੇਖ ਲਿਖ ਕੇ ਲਿਆਉਣ ਲਈ

ਕਈ ਬੱਚਿਆਂ ਨੇ
ਲਿਖੇ ਲੇਖ ਤੇ ਕਈਆਂ ਨੇ
ਲੇਖ ਨਾ ਲਿਖਣ ਦੇ ਬਣਾਏ
ਅੱਡ ਅੱਡ ਬਹਾਨੇ
ਵਿਕਾਸ ਨੇ ਲਿਖਿਆ
ਗਰੀਬ ਦੇ ਘਰ
ਫਰਿਜ ਨਹੀਂ ਹੁੰਦਾ
ਗਰੀਬ ਦੇ ਘਰ
ਕਾਰ ਨਹੀਂ ਹੁੰਦੀ
ਗਰੀਬ ਦੇ ਘਰ
ਏ ਸੀ ਨਹੀਂ ਹੁੰਦਾ

ਅਭਿਮੰਨਿਊ ਨੇ ਲਿਖਿਆ
ਗਰੀਬ ਦੇ ਘਰ
ਕੁਝ ਨਹੀਂ ਹੰਦਾ
ਗਰੀਬ ਦੇ ਘਰ ਸਿਰਫ
ਪਿਆਰ ਹੁੰਦਾ ਹੈ

ਮੋਹਨ ਨੇ ਲਿਖਿਆ
ਗਰੀਬ ਦਾ ਘਰ ਹੀ ਨਹੀਂ ਹੁੰਦਾ...।

**ਅਨੁ. ਅ.ਕ.**

## ਉਮਰ ਦਾ ਪੜਾਅ / ਚਰਨਜੀਤ ਸਮਾਲਸਰ

ਉਮਰ ਦੇ ਜਿਸ ਪੜਾਅ ਤੋਂ
ਤੂੰ ਮੇਰੇ ਲਈ ਸੁਪਨੇ ਸਜਾਏ

ਉਥੋਂ ਹੀ
ਤੇਰੇ ਸੁਪਨਿਆਂ ਦਾ
ਮੈਂ ਬਣ ਗਿਆ ਨਾਇਕ

ਉਤਰ ਆਈ ਤੂੰ
ਮੇਰੀਆਂ ਨਜ਼ਮਾਂ ਵਿਚ

ਇਹ ਨਜ਼ਮਾਂ
ਕੁਝ ਹੋਰ ਥੋੜੈ
ਤੇਰੀਆਂ ਯਾਦਾਂ ਦਾ
ਖਜ਼ਾਨਾ ਈ ਤਾਂ ਹੈ



## ਕਹਾਣੀ ਤੇ ਨਿੱਕੀ ਕਹਾਣੀ ਨਾਲ ਸੰਬੰਧਿਤ ਮਨੁੱਖੀ ਅਨੁਭਵ / ਦਲਵੀਰ ਕੌਰ

ਨਿੱਕੀ ਕਹਾਣੀ ਭਾਵੇਂ ਵੀਹਵੀ ਸਦੀ ਦੀ ਉਪਜ ਮੰਨੀ ਜਾਂਦੀ ਹੈ ਪਰ ਕਹਾਣੀ ਤੇ ਮਨੁੱਖੀ ਅਨੁਭਵ ਹਮੇਸ਼ਾ ਨਾਲ- ਨਾਲ ਚਲਦੇ ਰਹੇ।ਪੁਰਾਤਨ ਕਹਾਣੀ ਨੇ ਨਿੱਕੀ ਕਹਾਣੀ ਦਾ ਰੂਪ ਲੈ ਲਿਆ। ਇਸ ਦੇ ਵਿਸ਼ੇ ਦੀਆਂ ਤੰਦਾਂ ਅੱਗੇ ਨਾਲੋਂ ਸੁਲਝ ਗਈਆਂ । ਸਾਹਿਤ ਦਾ ਕੋਈ ਵੀ ਰੂਪ ਹੋਵੇ , ਉਹ ਸਮਾਜ ਵਿੱਚੋਂ ਹੀ ਜਨਮ ਲੈਂਦਾ ਹੈ। ਅਸੀਂ ਨਿੱਕੀ ਕਹਾਣੀ ਤੇ ਮਨੁੱਖੀ ਅਨੁਭਵ ਦੀ ਗੱਲ ਕਰੀਏ ਨਿੱਕੀ ਕਹਾਣੀ ਦਾ ਰੂਪ ਮਨੁੱਖੀ ਅਨੁਭਵਾਂ ਅਨੁਸਾਰ ਬਦਲਦਾ ਰਹਿੰਦਾ ਹੈ। ਪੁਰਾਤਨ ਸਮੇਂ ਵਿੱਚ ਜਦੋਂ ਇਹ ਪਰਾਤਨ ਜਨਮ ਸਾਖੀਆਂ , ਗੋਸ਼ਟਾ, ਦੰਤ, ਕਥਾਵਾਂ ਦੇ ਰੂਪ ਵਿੱਚ ਸੀ ਉਸ ਸਮੇਂ ਦ। ਮਨੁੱਖੀ ਅਨੁਭਵ ਅਨੁਸਾਰ ਇਸ ਤੇ ਅਧਿਆਤਮਕ ਰੰਗਣ ਚੜੀ ਹੋਈ ਸੀ। ਪਰ ਪਰ ਜਿਉਂ ਜਿਉਂ ਮਨੁੱਖ ਦੀ ਸੋਚ ਵਿਗਿਆਨਿਕ ਰੂਪ ਧਾਰਨ ਕਰਦੀ ਗਈ ਇਸਦੇ ਵਿਸ਼ੇ ਖੇਤਰ ਤੇ ਨੈਣ ਨਕਸ਼ ਬਦਲਦੇ ਗਏ।ਇਸਦੇ ਵਿਸ਼ੇ ਮਨੁੱਖ ਦੇ ਅਨੁਭਵਾਂ ਅਨੁਸਾਰ ਆਪਣੇ ਵਿੱਚ ਤਬਦੀਲੀਆਂ ਲਿਆਉਂਦੇ ਗਏ।ਨਿੱਕੀ ਕਹਾਣੀ ਕਦੋਂ ਸਾਡੇ ਸਾਹਿਤ ਵਿੱਚ ਚੱਪ ਚੁਪੀਤੇ ਦਾਖਲ ਹੁੰਦੀ ਹੈ। ਪਰ ਇਹ ਨਿੱਕੀ ਕਹਾਣੀ ਪੰਜਾਬੀ ਸਾਹਿਤ ਦਾ ਕੋਈ ਚਿੱਤਰ ਨਹੀਂ ਤਿਆਰ ਕਰ ਸਕੀ। ਮਨੁੱਖੀ ਅਨੁਭਵ ਸਾਹਿਤ ਰੂਪਾਂ ਨੂੰ ਬਦਲ ਦਿੰਦੇ ਹਨ। ਕਿਉਂਕਿ ਕੋਈ ਵੀ ਸਾਹਿਤ ਵਿਧਾ ਹੋਵੇ ਉਹ ਜਨਮ ਸਮਾਜ ਦੇ ਵਰਤਾਰਿਆਂ ਤੋਂ ਲੈਂਦੀ ਹੈ।ਚਾਹੇ ਕੋਈ ਨਾਵਲਕਾਰ ਹੋਵੇ ਜਾਂ ਕਹਾਣੀਕਾਰ ਹਰ ਲੇਖਕ ਆਪਣੀ ਸਾਹਿਤ ਵਿਧਾ ਲਈ ਵਿਸ਼ੇ ਸਮਾਜ ਵਿੱਚੋਂ ਲੈਂਦਾ ਹੈ। ਇਹ ਵਿਸ਼ੇ ਮਨੁੱਖੀ ਅਨੁਭਵਾਂ ਨਾਲ ਭਰਪੂਰ ਹੁੰਦੇ ਹਨ। ਨਿੱਕੀ ਕਹਾਣੀ ਨੂੰ ਮਨਪਰਚਾਵੇ ਦੇ ਸਾਧਨ ਵੱਜੋਂ ਵਰਤਣ ਦੀ ਸਿਰਫਾਸ਼ ਬਹੁਤ ਸਾਰੇ ਵਿਦਵਾਨਾਂ ਨੇ ਕੀਤੀ। ਜੇ ਕੋਈ ਪਾਠਕ ਨਿੱਕੀ ਕਹਾਣੀ ਨੂੰ ਮਨਪਰਚਾਵੇ ਦੇ ਸਾਧਨ ਵੱਜੋਂ ਪੜ੍ਹਦਾ ਹੈ , ਤਾਂ ਅਸੀਂ ਝਟ ਸਮਝ ਲੈਂਦੇ ਹਾਂ ਕਿ ਨਿੱਕੀ ਕਹਾਣੀ ਆਧੁਨਿਕ ਸਮੇਂ ਵਿੱਚ ਮਨਪਰਚਾਵੇ ਦਾ ਸਾਧਨ ਹੈ। ਭਾਰਤ ਦਾ ਮੱਧਕਾਲੀਨ ਸੱਭਿਆਚਾਰ ਹਮੇਸ਼ਾ ਭਾਈਚਾਰਕ ਸਦਾਚਾਰਕ ਜਾਂ ਮਨੋਵਿਗਿਆਨਿਕ ਮਨੋਰਥ ਦੀ ਪ੍ਰਾਪਤੀ ਤਾ ਸਾਧਨ ਸਮਝਿਆ ਜਾਂਦਾ ਰਿਹਾ ਹੈ। ਪ੍ਰੰਤੂ ਆਧੁਨਿਕ ਸਮੇਂ ਵਿੱਚ ਇਹਨਾਂ ਮਨੋਰਥਾਂ ਦੇ ਸਰੂਪ ਬਦਲ ਗਏ ਹਨ। ਉਹਨਾਂ ਬਾਰੇ ਸਾਡੀ ਸੋਚ , ਸਾਡੇ ਰਵੱਈਏ ਜਾਂ ਸਾਹਿਤ ਨੂੰ ਸਾਧਨ ਵੱਜੋਂ ਵਰਤਣਾ ਇਸ ਰੁਚੀ ਵਿੱਚ ਕੋਈ ਤਬਦੀਲੀ ਨਹੀਂ ਆਈ। "ਸਾਹਿਤ ਨੂੰ ਇੱਕ ਸਾਧਨ ਪ੍ਰਵਾਨ ਕਰਕੇ ਇਸ ਬਾਰੇ ਇਹ ਮਨੋਰਥਵਾਦੀ ਰਵਈਆ ਧਾਰਨ ਕਰਨਾ ਸਾਡੇ ਲਈ ਬੜਾ ਸੌਖਾ ਹੈ" (1)

ਆਪਣੇ ਲਈ ਸਾਹਿਤ ਨੂੰ ਵਰਤਣਾ ਉਨਾਂ ਹੀ ਮਨੋਰਥਵਾਦੀ ਹੋਵੇਗਾ ਜਿੰਨਾਂ ਕਿ ਸਾਹਿਤ ਨੂੰ ਪ੍ਰਚਾਰ ਕਰਨ ਦੇ ਸਾਧਨ ਵੱਜੋਂ ਵਰਤਣ ਲਈ ਮਨੋਰਥ ਹੁੰਦਾ ਹੈ। ਨਿੱਕੀ ਕਹਾਣੀ ਦਾ ਅਸਲ ਮਨੋਰਥ ਕੀ ਹੈ ਇਸ ਪ੍ਰਸ਼ਨ ਦਾ ਜਵਾਬ ਲੱਭਣਾ ਬੜਾ ਮੁਸ਼ਕਲ ਹੈ। ਕਿਉਂਕਿ ਸਾਹਿਤ ਤੇ ਮਨੁੱਖੀ ਅਨੁਭਵ ਹਮੇਸ਼ਾ ਸਮੇਂ ਦੇ ਨਾਲ ਪਰਿਵਰਤਨ ਹੁੰਦੇ ਰਹੇ। ਪੁਰਾਤਨ ਸਮੇਂ ਵਿੱਚ ਸਾਹਿਤ ਦਾ ਮਨੋਰਥ ਅਧਿਆਤਵਾਦੀ ਮੰਨਿਆ ਜਾਂਦਾ ਸੀ। ਉਸ ਸਮੇਂ ਸਾਹਿਤ ਵਿੱਚ ਬੌਧਿਕਤਾ ਦੀ ਵਰਤੋਂ ਨਹੀਂ ਸੀ ਸਿਰਫ ਗੁਰੂਆਂ ਪੀਰਾਂ ਦੀ ਉਸਤਦ ਕਰਨਾ ਹੀ ਸਾਹਿਤ ਦਾ ਮਨੋਰਥ ਸੀ। ਅੰਗਰੇਜਾਂ ਦੇ ਆਉਣ ਨਾਲ ਨਿੱਕੀ ਕਹਾਣੀ ਦਾ ਜਨਮ ਹੋਇਆ।ਨਿੱਕੀ ਕਹਾਣੀ ਦੇ ਆਰੰਭ ਬਾਰੇ ਕਈ ਸਿਧਾਂਤ ਪ੍ਰਚਲਿਤ ਹਨ। ਮਨੁੱਖੀ ਸੋਚ ਪਦਾਰਥਵਾਦੀ ਹੋਣ ਨਾਲ ਮਨੁੱਖੀ ਜਿੰਦਗੀ ਦੀ ਭੱਜ ਦੌੜ ਵਧ ਗਈ। ਪ੍ਰੈਸ ਦੀ ਹੋਂਦ ਨਾਲ ਰਸਾਲੇ ਹੋਂਦ ਵਿੱਚ ਆਏ। ਨਿੱਕੀਆਂ ਕਹਾਣੀਆਂ ਦੀ ਲੋੜ ਪਈ। ਜੇਕਰ ਅਸੀਂ ਇਹ ਦਲੀਲ ਦਿੰਦੇ ਹਾਂ ਕਿ ਛੋਟੇ ਆਕਾਰ ਦੀ ਰਚਨਾ ਕਾਰਨ ਨਿੱਕੀ ਕਹਾਣੀ ਦਾ ਜਨਮ ਹੋਇਆ ਤਾਂ ਅਸੀਂ ਇਸ ਨਾਵਲਾਂ ਦੇ ਸੰਖੇਪ ਰੂਪ ਤੋਂ ਵੱਖਰਾ ਕਰ ਕੇ ਨਹੀਂ ਦੇਖ ਸਕਦੇ।ਪਦਾਰਥਵਾਦੀ ਯੁੱਗ ਤੋਂ ਮਨੁੱਖੀ ਰਿਸ਼ਤਿਆਂ ਵਿੱਚ ਆਈ ਪੇਚੀਦਗੀ ਤੇ ਛਾਪੇਖਾਨ ਦੀ ਹੋਂਦ ਹੀ ਵੱਡੇ ਆਕਾਰ ਦੀਆਂ ਰਚਨਾਵਾਂ ਦੇ ਵਿਰਾਸ਼ਣ ਲਈ ਅਨੁਭਵ ਤੇ ਸਾਧਨ ਪੈਦਾ ਕਰਦੇ ਹਨ। "ਜਿੰਨੀ ਗਿਣਤੀ ਵਿੱਚ ਪ੍ਰਾਚੀਨ ਮਹਾਂ ਕਾਵਿ, ਹੋਰ ਗ੍ਰੰਥ ਤੇ ਵੱਡੇ ਲਾਕਾਰ ਦੇ ਨਾਵਲ ਇਸ ਯੁੱਗ ਵਿੱਚ ਪੜ੍ਹੇ ਜਾਂਦੇ ਹਨ, ਉਹ ਵਿਹਲ ਦੀ ਘਾਟ ਦੀ ਦਲੀਲ ਨੂੰ ਫਿੱਕਾ ਪਾ ਦਿੰਦੀ ਹੈ। ਵਾਸਤਵ ਦਾ ਕੋਈ ਖਿਆਲ ਨ ਰੱਖ ਕੇ ਨਿਰੋਲ ਰੂਪ ਦੇ ਛੋਟੇ ਆਕਾਰ ਨੂੰ ਆਧਾਰ ਬਣਾ ਕੇ ਅਜਿਹੇ ਹਾਸੋ-ਹੀਣੇ ਸਿੱਟੇ ਹੀ ਪ੍ਰਾਪਤ ਹੋ ਸਕਦੇ ਹਨ (2)

ਸਾਹਿਤ ਦੇ ਰੂਪ ਨੂੰ ਵਸਤੂ ਨਾਲੋਂ ਭਿੰਨ ਨਹੀਂ ਕੀਤਾ ਜਾ ਸਕਦਾ ਕਿਉਂਕਿ ਪਹਿਲ ਸਾਹਿਤ ਲਈ ਵਸਤੂ ਦੀ ਸ਼ਕਲ ਮਨੁੱਖ ਦੀ ਚੇਤਨ ਸ਼ਕਤੀ ਵਿੱਚ ਅਵਤਾਰ ਧਾਰਨ ਕਰਦੀ ਹੈ। ਸਾਹਿਤ ਦੇ ਕਿਸੇ ਵੀ ਰੂਪ ਨੂੰ ਮਨੁੱਖੀ ਅਨੁਭਵਾਂ ਤੋਂ ਵੱਖ ਕਰਕੇ ਵੀ ਨਹੀਂ ਦੇਖਿਆ ਜਾ ਸਕਦਾ। ਮਨੁੱਖ ਤਜਰਬੇ ਹੀ ਸਾਹਿਤ ਰੂਪਾਂ ਦੇ ਸਿੰਗਾਰ ਤੇ ਵਸਤੂ ਸਮੱਗਰੀ ਬਣਦੇ ਹਨ।ਸਾਹਿਤ ਦੀ ਕਿਹੜੀ ਵੰਨਗੀ ਵਿੱਚ ਵਸਤੂ ਦਾ ਕਿਹੜਾ ਰੂਪ ਪ੍ਰਗਟ ਹੋਵੇ ਜਾਂ ਇਸ ਦੀ ਪੂਰਤੀ ਲਈ ਕਿਸੇ ਨਵੇਂ ਸਾਹਿਤ ਰੂਪ ਨੇ ਉਪਜ ਦੀ ਜਰੂਰਤ ਪੈਂਦੀ ਹੈ ਇਸ ਦਾ ਆਧਾਰ ਵਸਤੂ ਵਿਸ਼ੇਸ਼ਤਾਵਾਂ, ਕਿਸੇ ਸਾਹਿਤ ਵਿਧਾ ਦੀਆਂ ਪਰੰਪਰਾਵਾਂ ਤੇ ਲੇਖਕ ਦੀ ਰਚਨਾਤਮਕ ਸ਼ਕਤੀ ਉੱਪਰ ਨਿਰਭਰ ਹੈ।

ਨਿੱਕੀ ਕਹਾਣੀ ਦੀ ਉਪਜ ਅੰਗਰੇਜੀ ਹਕੂਮਤ ਦੇ ਆਉਣ ਨਾਲ ਮੰਨੀ ਜਾਂਦੀ ਹੈ। ਪੱਛਮ ਵਿੱਚ ਵੀ ਨਿੱਕੀ ਕਹਾਣੀ ਦੀ ਦੀ ਉਪਜ ਦਾ ਸੰਬੰਧ ਵਿਗਿਆਨਿਕ ਯੁੱਗ ਨਾਲ ਜੁੜਿਆ ਹੋਇਆ ਹੈ। ਵਿਗਿਆਨਕ ਯੁੱਗ ਨੇ ਮਨੁੱਖ ਮਾਹੌਲ ਦੇ ਨਾਲ-ਨਾਲ ਮਨੁੱਖੀ ਸੁਫਨਿਆਂ ਵਿੱਚ ਵੀ ਤਬਦੀਲੀਆਂ

ਕੀਤੀਆਂ। ਉਸਨੂੰ ਨਵੇਂ ਸਿਰੇ ਤੋਂ ਕੁਦਰਤ ਅਤੇ ਸਮਾਜ ਨਾਲ ਰਿਸ਼ਤੇ ਜ਼ੋੜਨ ਲਈ ਮਜਬੂਰ ਕੀਤਾ। ਜਿਉਂ ਜਿਉਂ ਵਿਗਿਆਨਕ ਤਰੱਕੀ ਕਰਦਾ ਗਿਆ। ਕੁਦਰਤ ਮਨੁੱਖ ਦੇ ਵੱਸ ਆਉਣ ਲੱਗੀ। ਜਿੰਦਗੀ ਦੀ ਰਫਤਾਰ ਇੰਨੀ ਤੇਜ਼ ਹੋਈ ਕਿ ਮਨੁੱਖ ਹਰ ਸ਼ੈਅ ਨੂੰ ਆਪਣੇ ਵਸ ਕਰਨ ਦੀ ਵਿਉਂਤ ਬਣਾਉਣ ਲੱਗਾ। ਜਦੋਂ ਪ੍ਰਕਿਰਤੀ ਨੇ ਮਨੁੱਖ ਦੀ ਸੇਵਾ ਸੰਭਾਲੀ ਤਾਂ ਮਨੁੱਖੀ ਚੇਤਨ ਵਿੱਚ ਅਜਿਹੀ ਵਡਿਆਈ ਦੀ ਹੋੜ ਲੱਗੀ ਜ਼ੋ ਮਨੁੱਖੀ ਸੋਚ ਤੋਂ ਪਰੇ ਸੀ। ਕੁਦਰਤ ਹੁਣ ਉਹ ਅੰਨੀ ਸ਼ਕਤੀ ਨਹੀਂ ਰਹੀ, ਜਿਸ ਤੋਂ ਮਨੁੱਖ ਹਰ ਸਮੇਂ ਭੈਭੀਤ ਰਹਿੰਦਾ ਸੀ। ਮਨੁੱਖ ਕੁਦਰਤ ਅੱਗੇ ਲਾਚਾਰ ਨਾ ਰਿਹਾ। ਮਨੁੱਖ ਅੰਦਰ ਇੱਕ ਨਵੀਂ ਕਿਸਮ ਦਾ ਆਤਮ ਸਨਮਾਨ ਤੇ ਸਵੈ ਵਿਸ਼ਵਾਸ਼ ਪੈਦਾ ਹੋਇਆ। ਇਹ ਮਨੁੱਖ ਵਾਸਤੇ ਅਨੋਖਾ ਤੇ ਨਵਾਂ ਅਨੁਭਵ ਸੀ। ਜਿਸ ਨੇ ਜੀਵਨ ਦੇ ਰਹੇਕ ਪੱਖ ਨੂੰ ਚਕਾਚੌਂਧ ਕਰ ਦਿੱਤਾ।

ਪੁਰਾਤਨ ਸਮੇਂ ਵਿੱਚ ਮਨੁੱਖ ਕੁਦਰਤੀ ਸ਼ਕਤੀਆਂ ਹਰ ਸਮੇਂ ਭੈਭੀਤ ਰਹਿੰਦਾ ਸੀ। ਪ੍ਰਕਿਰਤੀ ਨਾਲ ਲੜਨ ਲਈ ਜਿਹੜਾ ਹਥਿਆਰ ਮਨੁੱਖ ਨੇ ਤਿਆਰ ਕੀਤਾ ਉਹ ਸਮਾਜ ਸੀ। ਜਦੋਂ ਮਨੁੱਖ ਬਿਨ੍ਹਾਂ ਸਮਾਜ ਤੋਂ ਝੁੰਡਾਂ ਵਿੱਚ ਰਹਿੰਦਾ ਸੀ। ਉਸ ਸਮੇਂ ਉਹ ਨਿਰੰਕੁਸ਼ ਸ਼ਕਤੀਆਂ ਦਾ ਮਾਲਿਕ ਸੀ। ਪਰ ਜਦੋਂ ਮਨੁੱਖ ਨੇ ਸਮਾਜ ਹੋਂਦ ਬਣਾਈ ਤਾਂ ਉਸਨੇ ਆਪਣੀਆਂ ਸ਼ਕਤੀਆਂ ਦਾ ਕੁਝ ਭਾਗ ਗਵਾ ਲਿਆ। ਸਮਾਜ ਵਿੱਚ ਜੀਵਨ ਬਤੀਤ ਕਰਦਾ ਮਨੁੱਖ ਪ੍ਰਕਿਰਤੀ ਨਾਲ ਘੁਲਣ ਦੇ ਯੋਗ ਹੋ ਗਿਆ। " ਪਰ ਸਹਿਜੇ ਸਹਿਜ ਸਮਾਜ ਦੇ ਪ੍ਰਬੰਧ ਨੂੰ ਨਜਿੱਠਣ ਵਾਲੀਆਂ ਸ਼ਕਤੀਆਂ ਇੱਕ ਪਾਸੇ ਰਾਜ ਤੇ ਦੂਜੇ ਪਾਸੇ ਮਰਿਯਾਦਾ ਦੇ ਰੂਪ ਵਿੱਚ ਇਨੀਆਂ ਕਰੜੀਆਂ ਹੋਗਈਆ ਕਿ ਮਨੁੱਖ ਲਈ ਉਸਦੀ ਨਿੱਜੀ ਹੋਂਦ ਦੇ ਕਈ ਅਰਥ ਹੀ ਬਾਕੀ ਨਾ ਰਹੇ।" (3)

ਮਨੁੱਖ ਦੀ ਨਿਰੰਕੁਸਤਾ ਖੋਹਣ ਨਾਲ ਉਹ ਸ਼ਹਿਰੀ ਸੱਭਿਅਤਾ ਦਾ ਪੁਜਾਰੀ ਬਣ ਕੇ ਰਹਿ ਗਿਆ। ਮੱਧਕਾਲ ਸਾਹਿਤ ਦੇ ਪਾਤਰ ਵਫਾ ਅਤੇ ਸ਼ਰਧਾ ਨਾਲ ਭਰਪੂਰ ਵਿਸ਼ੇਸ਼ ਪੁਰਸ਼ਾ ਦੇ ਸੋਹਲੇ ਗਾਉਣ ਲੱਗੇ। ਆਮ ਮਨੁੱਖ ਦੇ ਹਾਵ ਭਾਵ ਦੇਵੀ ਦੇਵਤਿਆਂ ਦਾ ਰੂਪ ਧਾਰ ਕੇ ਉਲੀਕੇ ਜਾਣ ਲੱਗੇ। ਰਾਜੇ ਰਾਣੀਆਂ, ਪ੍ਰੇਮੀ ਜਿਉੜਿਆਂ ਲਾਦਿ ਨਾਲ ਵਾਪਰਨ ਵਾਲੀਆਂ ਘਟਨਾਵਾਂ ਸਾਹਿਤ ਦਾ ਸਿੰਗਾਰ ਬਣ ਗਈਆਂ। ਉਸੇ ਤਰਾਂ ਜਿਵੇਂ ਪਹਿਲੇ ਮਨੁੱਖ ਦੇ ਹਾਵ ਭਾਵ, ਪਸ਼ੂ ਪੰਛੀ, ਬੂਟੇ ਪਹਾੜਾਂ ਆਦਿ ਪ੍ਰਕਿਰਤੀ ਦੇ ਰੰਗਾਂ ਨਾਲ ਉਘੜਦੇ ਸਨ। ਵਿਗਿਆਨਕ ਤਰੱਕੀ ਨਾਲ ਕੁਦਰਤ ਉੱਤੇ ਮਨੁੱਖ ਦੇ ਵੱਧਦੇ ਅਧਿਕਾਰ ਨੇ ਸਮਾਜ ਦੀ ਸਾਰਥਕਤਾ ਨੂੰ ਘੱਟ ਕਰ ਦਿੱਤਾ। ਮਨੁੱਖ ਕੁਦਰਤ ਤੋਂ ਮੁਨਕਰ ਹੋ ਕੇ ਆਪਣੇ ਆਪ ਨੂੰ ਸਰਵ ਸ਼੍ਰੇਸਟ ਸਮਝਣ ਲੱਗ ਪਿਆ। ਮੱਧਕਾਲ ਸਾਹਿਤ ਵਿੱਚ ਵਿਸ਼ੇਸ਼ ਮਨੁੱਖ ਦੇ ਸਾਧਾਰਨ ਅਨੁਭਵੀ ਕਾਰਜਾਂ ਦੀ ਪੇਸ਼ਕਾਰੀ ਹੁੰਦੀ ਹੈ। ਮੱਧਕਾਲ ਵਿੱਚ ਮਨੁੱਖ ਯੋਧਾ ਪ੍ਰੇਮੀ ਜਾਂ ਆਦਰਸ਼ਕ ਮਨੁੱਖ ਹੈ। ਪ੍ਰੇਮੀ, ਯੋਧਾ, ਭਗਤ ਇਹ ਮੱਧਕਾਲ ਸਾਹਿਤ ਦੇ ਨਾਇਕ ਬਣਕੇ ਉਭਰੇ, ਇਹ ਸਮਾਜ ਵਿੱਚ ਆਪਣੇ ਗ੍ਰਹਿਣ ਕੀਤੇ ਰੁਤਬੇ ਕਾਰਨ ਵਿਸੇਸ਼ ਵਿਆਕਤੀ ਸਨ। ਭਗਤ ਆਪਣੀ ਪਰਮ ਭਗਤੀ ਕਾਰਣ, ਪ੍ਰੇਮੀ ਆਪਣੇ ਪ੍ਰੇਮ ਵਿੱਚ ਦਿੱਤੀ ਕੁਰਬਾਨੀ ਕਾਰਣ, ਯੋਧਾਂ ਆਪਣੀਆਂ ਜੰਗਾਂ ਵਿੱਚ ਪ੍ਰਾਪਤ ਕੀਤੀਆਂ ਜਿੱਤਾਂ ਜਾਂ ਅਨੁਭਵਾਂ ਕਾਰਣ ਸਮਾਜ ਵਿੱਚ ਨਾਇਕ ਬਣਕੇ ਅੱਗੇ ਆਏ। ਸਾਹਿਤ ਸਮਾਜ ਦਾ ਸ਼ੀਸਾ ਹੁੰਦਾ ਹੈ। ਸਾਹਿਤ ਵਿੱਚ ਸਮਾਜਿਕ ਵਰਤਾਰਿਆਂ ਦਾ ਹੀ ਚਿਤਰਣ ਸਾਨੂੰ ਲੱਭਦਾ ਹੈ। ਸਾਹਿਤ ਤੇ ਮਨੁੱਖੀ ਅਨੁਭਵ ਹਮੇਸ਼ਾ ਨਾਲ – ਨਾਲ ਚੱਲਦੇ ਰਹੇ। ਸਮਾਜਿਕ ਬਦਲਾਅ ਸਾਹਿਤ ਨੂੰ ਸਭ ਤੋਂ ਪਹਿਲਾ ਪ੍ਰਭਾਵਿਤ ਕਰਦਾ ਹੈ। ਕਿਉਂਕਿ ਸਮਾਜਿਕ ਹਾਲਤ ਸਾਹਿਤ ਨੂੰ ਪ੍ਰਭਾਵਿਤ ਨਾ ਕਰਨ ਇਹ ਅਸੰਭਵ ਹੈ। ਇ੍ਹਨਾਂ ਦੀ ਛਾਂ ਤੋਂ ਬਿਨ੍ਹਾਂ ਸਾਹਿਤ ਆਪਣੇ ਰੁਤਬੇ ਨੂੰ ਪ੍ਰਾਪਤ ਨਹੀਂ ਕਰ ਸਕਦਾ। ਨਿੱਕੀ ਕਹਾਣੀ ਮਨੁੱਖੀ ਸੰਘਰਸ਼ਾ ਦੀ ਕਹਾਣੀ ਹੈ। (4)

ਵਿਗਿਆਨ ਦੇ ਆਉਣ ਨਾਲ ਪ੍ਰਕਿਰਦੀ ਉਤੇ ਮਨੁੱਖੀ ਹੱਕ ਵਧਣ ਨਾਲ, ਮਨੁੱਖ ਦੀਆਂ ਵਿਅਕਤੀਵਾਦੀ ਰੁਚੀਆਂ ਉਭਰਦੀਆਂ ਹਨ। ਹੁਣ ਮਨੁੱਖੀ ਸੋਚ ਪੁਰਾਣੀਆਂ ਲੀਹਾਂ ਦਾ ਤਿਆਗ ਕਰਕੇ ਨਵੇਂ ਲੀਹਾਂ ਤੇ ਤੁਰਨ ਲਈ ਤਿਆਰ ਹੋ ਜਾਂਦੀ ਹੈ। ਹੁਣ ਸਾਹਿਤ ਰਚਨਕਾਰਾਂ ਨੂੰ ਇੱਕ ਨਵੀਂ ਜਿੰਮੇਵਾਰੀ ਦਾ ਅਹਿਸਾਸ ਹੁੰਦਾ ਹੈ। ਇਸ ਤਰਾਂ ਵਿਗਿਆਨਕ ਯੁੱਗ ਵਿੱਚ ਜੀਵਨ ਗੁੰਝਲਦਾਰ ਬਣਦਾ ਹੈ। ਦੂਜੇ ਪਾਸੇ ਮਨੁੱਖ ਆਪਣੇ ਅਨੁਭਵਾਂ ਨੂੰ ਵਿਸ਼ੇਸ਼ ਥਾਂ ਦੇਣਾ ਚਾਹੁੰਦਾ ਹੈ। ਵਿਗਿਆਨਕ ਦ੍ਰਿਸ਼ਟੀਕੋਣ ਦਾ ਆਗਮਨ ਇੱਕ ਹੋਰ ਨਵੇਂ ਰੂਪ ਵਿੱਚ ਸਥਿਤੀ ਨੂੰ ਪ੍ਰਭਾਵਿਤ ਕਰਦੇ ਨਜਰ ਆਉਂਦੇ ਹਨ। ਸਮਾਜਿਕ ਵਿਗਿਆਨ ਅਤੇ ਮਨੋਵਿਗਿਆਨ ਦੀ ਸਹਾਇਤਾ ਨਾਲ ਮਨੁੱਖੀ ਮਨ ਦੀਆਂ ਪਰਤਾਂ ਨੂੰ ਨਵੇਂ ਢੰਗ ਨਾਲ ਖੋਲਣ ਦੀ ਕੋਸ਼ਿਸ਼ ਹੁੰਦੀ ਹੈ। ਇਸ ਤਰਾਂ ਸਾਧਾਰਨ ਮਨੁੱਖ ਆਪਣੇ ਅਨੁਭਵਾਂ ਨੂੰ ਪ੍ਰਗਟ ਕਰਨ ਲਈ ਉਤਾਵਲਾ ਹੁੰਦਾ ਹੈ। ਇਹ ਅਨੁਭਵ ਨਵਾਂ ਹੋਣ ਕਾਰਣ ਪੁਰਾਣੇ ਸਾਹਿਤ ਰੂਪਾਂ ਰਾਂਹੀ ਇਸ ਦੀ ਵਿਥਿਆ ਅਸੰਭਵ ਜਾਪਦੀ ਹੈ। ਮਹਾਂ ਕਾਵਿ ਜਾਂ ਕਥਾ ਕਾਵਿ ਇਸ ਅਨੁਭਵ ਨੂੰ ਬਿਆਨ ਕਰਨ ਅਸਮਰੱਥ ਹੋ ਜਾਂਦੇ ਹਨ। ਹੁਣ ਨਵਾਂ ਵਸਤੂ ਰੂਪ ਰਚਣ ਦੀ ਜਰੂਰਤ ਮਹਿਸੂਸ ਹੰਦੀ ਹੈ। ਇਹ ਸਾਰਾ ਵਰਤਾਰਾ ਨਵੇਂ ਸਾਹਿਤ ਰੂਪ ਰਚਣ ਦੀ ਮੰਗ ਕਰਦਾ ਹੈ ਤੇ ਇੱਕ ਪ੍ਰੇਰਣਾ ਸ੍ਰੋਤ ਬਣਦਾ ਹੈ। ਮੱਧਕਾਲ ਵਿੱਚ ਸਾਹਿਤ ਮਨੁੱਖ ਦੀ ਵਿਸ਼ੇਸ਼ਤਾ ਨੂੰ ਸਾਧਾਰਣ ਢੰਗ ਨਾਲ ਪੇਸ਼ ਕਰਦਾ ਹੈ। ਮਨੁੱਖ ਦੇ ਹਾਵ ਭਾਵ ਜਾਂ ਉਸ ਨਾਲ ਵਾਪਰ ਵਾਲੀਆਂ ਸਾਧਾਰਨ ਘਟਨਾਵਾਂ ਹੀ ਸਾਹਿਤ ਦਾ ਸਿੰਗਾਰ ਬਣਦੀਆਂ ਹਨ। ਮੱਧਕਾਲ ਵਿੱਚ ਮਨੁੱਖ ਦੀ ਜਿੰਦਗੀ ਬੜੀ ਸਾਧਾਰਣ ਤੌਰ ਤਰੀਕਿਆਂ ਨਾਲ ਬਤੀਤ ਹੰਦੀ ਸੀ। ਮਨੋਵਿਗਿਆਨਕ ਗੁੰਝਲਾਂ ਤੋਂ ਮਨੁੱਖ ਅਣਜਾਣ

## ਭੋਂਇੰ ਬਾਂਝ ਨਹੀਂ ਹੁੰਦੀ.../ ਕੁਲਦੀਪ ਸਿੰਘ ਦੀਪ (ਡਾ.)

**(ਅਫਗਾਨਿਸਤਾਨ ਵਿਚ ਤਾਲਿਬਾਨੀਆਂ ਦੁਆਰਾ ਇਕ ਸਥਾਨਕ ਸਾਜੀ ਦਾ ਸਾਜ ਉਸ ਦੇ ਸਾਮ੍ਹਣੇ ਜਲਾ ਦੇਣ ਦੀ ਰੌਂਗਟੇ ਖੜ੍ਹੇ ਕਰਨ ਵਾਲੀ ਘਟਨਾ ਨੂੰ ਸਮਰਪਿਤ ਇਹ ਬੋਲ)**

ਉਹਨਾਂ ਨੇ
ਉਸ ਦਾ ਸਾਜ
ਜਲਾ ਦਿੱਤਾ ਹੈ
ਉਸ ਦਾ ਕੋਟ
ਫਟ ਗਿਆ ਹੈ
ਉਹ ਠਹਾਕੇ ਮਾਰ ਕੇ
ਹੱਸ ਰਹੇ ਹਨ
ਤੇ ਉਹ ਬੇਬਸੀ ਪਹਿਨ
ਨਿਸ਼ਬਦ ਖੜ੍ਹਾ ਹੈ
ਜ਼ਰੂਰ ਦੂਰ ਕਿਤੇ ਅੱਲ੍ਹਾ ਦੇ
ਸੁਰ ਲਰਜੇ ਹੋਣਗੇ
ਬੁੱਲੇ ਦੇ ਪੈਰਾਂ ਹੇਠਲੀ
ਧਰਤੀ ਕੰਬੀ ਹੋਏਗੀ
ਉਸਤਾਦ ਬੜੇ ਅਲੀ ਖਾਨ
ਦੇ ਰਾਗ ਯਮਨ ਦਾ ਚੌਥਾ ਨੋਟ
ਥਿੜਕਿਆ ਹੋਵੇਗਾ
ਤੇ ਸੁਰਾਂ ਦੀ ਮਾਂ
ਸਰਸਵਤੀ ਦੇ
ਨੈਣਾਂ ਦਾ ਅੰਜਨ
ਉਸ ਦੇ ਕੋਏ 'ਚੋਂ



ਸਿੰਮਦੇ ਹੰਝੂ ਨਾਲ
ਅਛੋਪਲੇ ਹੀ ਬਾਹਰ ਨੂੰ
ਵਹਿ ਤੁਰਿਆ ਹੋਵੇਗਾ...
ਵੰਝਲੀ ਨੂੰ ਕੰਬਣੀ
ਛਿੜੀ ਹੋਵੇਗੀ
ਤੇ ਤਾਰਾਂ ਤੇ ਫਿਰਦਾ
ਗਜ਼ ਚੀਕਿਆ ਹੋਵੇਗਾ..
ਮੈਂ ਕਦੇ ਧੂ ਧੂ ਜਲਦੇ
ਸਾਜ ਵੱਲ
ਤੱਕ ਰਿਹਾ ਹਾਂ
ਤੇ ਕਦੇ ਉਸ ਸਾਜੀ ਦੇ

ਅੰਦਰ ਦੀ ਆਵਾਜ਼
ਸੁਣਨ ਨੂੰ ਅਹੁਲ ਰਿਹਾ ਹਾਂ
ਹੁਣੇ ਆਵਾਜ਼ ਆਈ ਹੈ...
ਕੀ ਹੋਇਆ
ਸੜ ਗਿਆ ਸਾਜ..
ਪਰ ਬੁੱਲ੍ਹ ਅਜੇ ਸਬੂਤੇ ਨੇ
ਨਗਮਿਆਂ ਨੇ
ਖੁਦਕੁਸ਼ੀ ਨਹੀਂ ਕੀਤੀ
ਗਲੇ ਵਿਚ ਸੁਰ
ਅਜੇ ਜਿਉਂਦਾ ਹੈ..
ਦਿਲ ਵਿਚ
ਅਹਿਸਾਸ ਧੜਕਦੇ ਹਨ..
ਮੈਂ ਮੁੜ ਗਾਵਾਂਗਾ
ਦੇਹ ਦੇ ਸਾਜ ਨਾਲ
ਰੂਹ ਦੀ ਆਵਾਜ਼ ਨਾਲ
ਹਿੱਕ ਵਿਚ ਧੜਕਦੇ
ਅਲਫਾਜ਼ ਨਾਲ
ਜਦ ਤੱਕ ਨਗਮਿਆਂ ਦੀ
ਭੋਂਇੰ ਬਾਂਝ ਨਹੀਂ ਹੁੰਦੀ...।

ਸੀ। ਦੌੜ ਭੱਜ ਦੀ ਜਿੰਦਗੀ ਦੀ ਥਾਂ ਜੀਵਨ ਸਬਰ ਤੇ ਸੰਤੋਖ ਵਾਲਾ ਹੁੰਦਾ ਸੀ। ਇੱਕ ਦੂਜੇ ਤੋਂ ਅੱਗੇ ਜਾਣ ਦੀ ਦੌੜ ਨਾਮਾਤਰ ਵਿਆਕਤੀਆਂ ਵਿੱਚ ਪਾਈ ਜਾਂਦੀ ਸੀ। ਸਾਧਾਰਨਤਾ ਹੀ ਜਿੰਦਗੀ ਅਸਲ ਗਹਿਣਾ ਮੰਨਿਆ ਜਾਂਦਾ ਸੀ। ਪਰ ਆਧੁਨਿਕ ਯੁੱਗ ਵਿੱਚ ਸਾਨੂੰ ਉਹਨਾਂ ਸਾਹਿਤ ਰੂਪਾਂ ਦੀ ਲੋੜ ਪਈ ਜ਼ੋ ਮਨੁੱਖੀ ਜਿੰਦਗੀ ਦੀਆਂ ਸਾਰੀਆਂ ਗੁੰਝਲਾਂ ਨੂੰ ਬਿਆਨ ਕਰਨ ਦੇ ਸਮਰੱਥ ਹੋਣ ਸਮੇਂ ਦੀ ਮੰਗ ਤੇ ਸਮੇਂ ਦੇ ਬਦਲਾਅ ਨੇ ਮਨੁੱਖ ਦੀਆਂ ਸੰਭਾਵਨਾਵਾਂ ਨੂੰ ਵੀ ਬਦਲਿਆ ਅਤੇ ਮਨੁੱਖੀ ਚੇਤਨ ਨੂੰ ਵੀ ਬਦਲ ਕੇ ਰੱਖ ਦਿੱਤਾ। ਇਹਨਾਂ ਗੁੰਝਲਾਂ ਨੂੰ ਪ੍ਰਗਟ ਕਰਨ ਵਿੱਚ ਮਹਾਕਾਵਿ ਜਿਹੇ ਸਾਹਿਤ ਰੂਪ ਅਸਮਰੱਥ ਸਨ। ਹੁਣ ਸਾਹਿਤ ਦੇ ਨਵੇਂ ਰੂਪਾਂ ਨੇ ਆਪਣੀ ਹੋਂਦ ਬਣਾਉਣੀ ਸੁਰੂ ਕੀਤੀ। ਨਾਵਲ,, ਨਾਟਕ, ਕਹਾਣੀ, ਕਵਿਤਾ ਇਹ ਅਜਿਹੇ ਸਾਹਿਤ ਦੇ ਰੂਪ ਹੋਂਦ ਵਿੱਚ ਆਏ , ਜ਼ੋ ਮਨੁੱਖੀ ਇਛਾਵਾਂ ਦੀ ਪੂਰਤੀ ਕਰਦੇ ਸਨ।

ਅੰਤ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਕਹਾਣੀ ਤੇ ਮਨੁੱਖੀ ਅਨੁਭਵ ਹਮੇਸ਼ਾ ਸਮੇਂ ਦੀ ਮੰਗ ਅਨੁਸਾਰ ਬਦਲਦੇ ਰਹੇ। ਇਹਨਾਂ ਵਿੱਚ ਸਮਾਂ ਆਪਣੇ ਮੁਤਾਬਿਕ ਹੇਰ ਫੇਰ ਕਰਦਾ ਰਿਹਾ। ਕਿਉਂਕਿ ਸਾਹਿਤ ਦੀ ਸਮੱਗਰੀ ਸਾਨੂੰ ਸਮਾਜ ਵਿੱਚੋਂ ਮਿਲਦੀ ਹੈ। ਸਮਾਜ ਦੇ ਹਾਲਾਤ ਕਦੇ ਚਿਰਸਥਾਈ ਨਹੀਂ ਰਹਿ ਸਕਦੇ। ਇਹੀ ਬਦਲਾਅ ਸਾਹਿਤ ਦੇ ਰੂਪਾਂ ਵਿੱਚ ਅੰਕਿਤ ਕਤਾ ਜਾਂਦਾ ਹੈ। ਸਮਾਜਿਕ ਬਦਲਾਅ ਨਾਲ ਹੀ ਕਹਾਣੀ ਦੇ ਵਿਕਾਸ ਦੇ ਰੂਪ ਵੀ ਬਦਲੇ ਗਏ।

**ਹਵਾਲੇ ਤੇ ਟਿਪਣੀਆਂ**


1 ਜੋਗਿੰਦਰ ਸਿੰਘ ਨਹਿਰੂ ( ਸੰਪਾਦਕ) ਕਹਾਣੀ ਦੀ ਵਿਧਾ, ਪੰਨਾ 42

2 ਉਹੀ, ਪੰਨਾ 43

3 ਉਹੀ, ਪੰਨਾ 44

4 ਪ੍ਰੋ. ਮਨਿੰਦਰਜੀਤ ਕੌਰ, ਅਜੀਤ ਕਰ ਦੀ ਗਲਪ ਚੇਤਨਾ, ਪੰਨਾ 11



**ਪ੍ਰੋਫੈਸਰ**
**ਰਾਇਤ ਬਾਹਰਾ ਯੂਨੀਵਰਸਿਟੀ, ਮੋਹਾਲੀ**

## ਮੁਰਦਾਘਰ ਵਿਚ ਤਬਦੀਲ ਹੁੰਦੇ ਦੇਸ਼ / ਰਵੇਲ ਪੁਸ਼ਪ, ਕਲਕੱਤਾ



ਹਰ ਪਾਸੇ ਫੈਲਿਆ ਹੈ ਸੰਨਾਟਾ
ਕਿਤੇ ਕੋਈ ਸ਼ੋਰ ਨਹੀਂ
ਸੜਕਾਂ ਵੀਰਾਨ ਗਲੀਆਂ ਖਾਮੋਸ਼
ਆਕਾਸ਼ ਬਿਲਕੁਲ ਸਾਫ਼ ਹੈ
ਕਿਤੇ ਕੋਈ ਧੂੰਆਂ ਕੋਈ
ਗਰਦ ਗੁਬਾਰ ਨਹੀਂ
ਪਰਿੰਦੇ ਬੇਪਰਵਾਹ ਹੋ ਕੇ
ਉੱਡ ਰਹੇ ਨੇ
ਕਦੇ ਇਕ ਪਾਸੇ ਕਦੇ ਦੂਜੇ ਪਾਸੇ
ਮੁੜ ਰਹੇ ਨੇ
ਪਰ ਬੜੇ ਹੈਰਾਨ ਨੇ
ਉਲਝਨ 'ਚ ਫਸੇ ਨੇ
ਕਿਤੇ ਨਾ ਕਿਤੇ
ਕੁਝ ਗੜਬੜ ਹੈ
ਸਾਰੇ ਲੋਕ ਘਰਾਂ ਵਿਚ ਬੰਦ ਨੇ
ਕਿਸੇ ਨੂੰ ਕਿਤੇ ਜਾਣ ਦੀ
ਕੋਈ ਹੜਬੜੀ ਨਹੀਂ ਹੈ
ਪਤਾ ਨੀ ਇਨ੍ਹਾਂ ਤੇ ਕਹੀ
ਮੁਸੀਬਤ ਹੈ ਆਈ
ਪੁਛਦੇ ਨੇ ਇਕ ਦੂਜੇ ਨੂੰ ਅੱਖਾਂ ਮਿਲਾ ਕੇ
ਏਨਾ ਸੰਨਾਟਾ ਕਿਉਂ ਹੈ ਭਾਈ
ਹੁਣ ਉਨ੍ਹਾਂ ਨੂੰ ਕੌਣ ਕਹੇ
ਇਕ ਅਨਜਾਣ ਅਤਿ ਸੂਖਮ
ਵਾਇਰਸ ਕਰੋਨਾ
ਸਾਰਿਆਂ ਦਾ ਬੁਰੀ ਤਰ੍ਹਾਂ
ਰੋਣਾ ਕੱਢ ਰਿਹਾ ਹੈ
ਤੇ ਖੁਦ ਮਸਤ ਹੋ ਨੱਚ ਰਿਹਾ ਹੈ
ਪਤਾ ਨੀ ਕਿਹੋ ਜਿਹੀ
ਸ਼ਰਾਬ ਪੀ ਕੇ ਟੂੰਨ ਹੈ
ਜਿਸ ਨਾਲ ਵੱਡੇ ਵੱਡੇ ਦੇਸ਼ਾਂ ਦੇ
ਦਿਮਾਗ ਵੀ ਸੁੰਨ ਨੇ
ਕਰੋਨਾ ਨੇ ਸੂਖਮਤਾ ਵਿਚ
ਵਿਰਾਟਤਾ ਦੇ ਦਰਸ਼ਨ
ਇਨਸਾਨ ਦੀਆਂ ਅੱਖਾਂ ਵਿਚ
ਉਂਗਲੀ ਪਾ ਕੇ
ਬਖ਼ੂਬੀ ਕਰਵਾ ਦਿੱਤੇ ਨੇ
ਤੇ ਅਹਿਸਾਸ ਕਰਵਾ ਦਿੱਤਾ ਹੈ
ਕਿ ਤੁਹਾਡੇ ਹੰਕਾਰ ਦੀ ਵਿਰਾਟਤਾ
ਮੇਰੀ ਸੂਖਮਤਾ ਦੇ ਅੱਗੇ ਤੁੱਛ ਹੈ
ਤੁਸੀਂ ਸਾਰੀਆਂ ਨੇ
ਤਰੱਕੀ ਦੇ ਨਾਮ ਤੇ
ਕੁਦਰਤ ਦਾ ਘਾਣ ਕੀਤਾ ਹੈ
ਜੰਗਲਾਂ ਦੇ ਜੰਗਲ ਉਜਾੜ ਦਿੱਤੇ
ਦੁਨੀਆਂ ਦਾ ਤਾਪਮਾਨ ਤੇਜ਼ੀ ਨਾਲ
ਵਧ ਰਿਹਾ ਹੈ
ਕਈ ਜੀਵ ਜੰਤੂਆਂ ਦੀਆਂ ਨਸਲਾਂ
ਤੁਸੀਂ ਖਤਮ ਕਰ ਦਿੱਤੀਆਂ
ਹੁਣ ਤੁਸੀਂ ਸਾਵਧਾਨ ਹੋ ਜਾਓ
ਤੇ ਆਪਣੀਆਂ ਨਸਲਾਂ ਬਚਾਓ
ਓ ਬਦਬਖਤ ਇਨਸਾਨ
ਚੁਪਚਾਪ ਗੋਡਿਆਂ ਪਰਨੇ ਆਓ
ਤੇ ਇਹ ਅਹਿਦ ਕਰੋ
ਕਿ ਖੁਦਾ ਦੀ ਬਖਸ਼ੀ
ਖੂਬਸੂਰਤ ਕਾਇਨਾਤ ਨੂੰ
ਅੱਗੇ ਤੋਂ ਕਦੇ
ਨੁਕਸਾਨ ਨਹੀਂ ਪਹੁੰਚਾਓਗੇ
ਨਹੀਂ ਤਾ ਕਰੋਨਾ ਕਰੋਨਾ ਦਾ
ਜਾਪ ਕਰਦੇ
ਬੁੱਕ ਭਰ ਭਰ ਹੰਝੂ ਰੋਣੇ ਪੈਣਗੇ
ਤੇ ਆਪਣੀ ਜ਼ਿੰਦਗੀ ਤੋਂ
ਹੱਥ ਧੋਣੇ ਪੈਣਗੇ
ਇਸ ਲਈ ਅੱਜ ਨੋਟ ਕਰ ਲਵੋ
ਮੇਰਾ ਇਹ ਤਲਖ ਸੰਦੇਸ਼
ਤੁਸੀਂ ਆਪਣੀਆਂ ਅੱਖਾਂ ਨਾਲ ਦੇਖੋਗੇ
ਪਲ ਪਲ ਮੁਰਦਾਘਰਾਂ ਵਿਚ
ਤਬਦੀਲ ਹੁੰਦੇ ਦੇਸ਼।

**ਅਨੁ. ਅ.ਕ.**

## ਅਸਹਿਮਤੀ / ਰਮੇਸ਼ ਕੁਮਾਰ

ਨਾਂਹ ਕਹਿਣਾ
ਹਰ ਬਾਰ
ਬਗ਼ਾਵਤ
ਨਹੀਂ ਹੁੰਦਾ

ਨਾਂਹ ਕਹਿਣਾ
ਬਹੁਤ ਵਾਰ
ਹਾਂ ਪੱਖੀ ਵੀ
ਹੁੰਦਾ ਹੈ
ਪਰ
ਹਾਂ ਕਹਿ ਕੇ
ਹਾਂ ਹਾਂ ਹਾਂ ਹਾਂ
ਕਹਿਣਾ
ਹਰ ਵਾਰ
ਘੋਰ ਨਾਂਹ ਪੱਖੀ

ਨਾਂਹ
ਕਹਿਣ ਲਈ
ਹਾਂ ਪੱਖੀ ਹੋਣਾ
ਅਤਿ ਜ਼ਰੂਰੀ ਹੁੰਦਾ ਹੈ

ਨਾਂਹ ਕਹਿਣਾ
ਹਰ ਵਾਰ
ਬਗਾਵਤ
ਨਹੀਂ ਹੁੰਦਾ।



## ਅਜਮੇਰ ਸਿੰਘ ਔਲਖ ਰਚਿਤ ਨਾਟਕ 'ਝਨਾਂ ਦੇ ਪਾਣੀ' ਵਿਚ ਮਲਵਈ ਕਿਸਾਨੀ ਦੇ ਦੁਖਾਂਤ ਦੀ ਪੇਸ਼ਕਾਰੀ / ਕੰਵਲਜੀਤ ਕੌਰ

ਨਾਟਕ ਸਾਹਿਤ ਦੀ ਇਕ ਹਰਮਨ ਪਿਆਰੀ ਵਿਧਾ ਹੈ। ਨਾਟਕ ਇਕ ਅਜਿਹੀ ਵਿਧਾ ਜੋ ਅਭਿਨੈ ਨਾਲ ਜੁੜੀ ਹੋਈ ਹੈ। ਨਾਟਕਕਾਰ ਦਾ ਮਨੋਰਥ ਕੇਵਲ ਨਾਟਕ ਨੂੰ ਲਿਖਤ ਰੂਪ ਵਿਚ ਪਾਠਕਾਂ ਤੱਕ ਪਹੁੰਚਾਉਣਾ ਹੀ ਨਹੀਂ ਹੁੰਦਾ ਸਗੋਂ ਲਿਖਤ ਰੂਪ ਵਿਚ ਸਟੇਜ਼ ਤੇ ਪੇਸ਼ ਕਰਨਾ ਵੀ ਹੁੰਦਾ ਹੈ। ਜਿਸ ਕਾਰਨ ਨਾਟਕ ਆਮ ਲੋਕਾਂ ਤੱਕ ਪਹੁੰਚ ਕੇ ਉਹਨਾਂ ਨੂੰ ਪ੍ਰਭਾਵਿਤ ਕਰਦਾ ਹੈ। ਪੰਜਾਬੀ ਨਾਟਕ ਦਾ ਆਰੰਭ ਵੀਂਹਵੀ ਸਦੀ ਵਿਚ ਹੁੰਦਾ ਹੈ। ਪੰਜਾਬੀ ਵਿਚ ਹੁਣ ਤੱਕ ਬਹੁਤ ਸਾਰੇ ਨਾਟਕ ਲਿਖੇ ਗਏ ਹਨ ਉਹਨਾਂ ਦਾ ਸਫ਼ਲ ਮੰਚਣ ਵੀ ਕੀਤਾ ਗਿਆ ਹੈ। ਪੰਜਾਬੀ ਵਿਚ ਅਨੇਕਾਂ ਸਮੱਸਿਆਵਾਂ ਸੰਬੰਧੀ ਦੁਖਾਂਤ ਨਾਟਕ ਵੀ ਲਿਖੇ ਗਏ ਹਨ। ਦੁਖਾਂਤ ਨਾਟਕ ਆਪਣੇ ਵਿਸ਼ੇ ਰਾਹੀ ਸਾਡੇ ਅੰਦਰਲੀਆਂ ਜੀਵਨ ਤਾਰਾਂ ਨੂੰ ਚੰਗੀ ਤਰ੍ਹਾਂ ਸਾਫ਼ ਕਰਕੇ ਸਾਨੂੰ ਹੈਰਾਨੀ ਭਰੇ ਹੁਲਾਰੇ ਨਾਲ ਇਸ ਗੱਲ ਦਾ ਅਹਿਸਾਸ ਕਰਾਂਉਦਾ ਹੈ ਕਿ ਸਾਡੇ ਅੰਦਰ ਕੀ ਹੈ। ਮਨੁੱਖੀ ਮਨ ਉਦਗਾਰਾਂ ਦੀਆਂ ਕਚਿਆਈਆਂ, ਭਾਵਾਂ ਦੇ ਪੇਤਲੇਪਣ, ਵਲਵਿਆਂ ਦੀ ਘਾਟ ਕਰਕੇ ਪੂਰੀ ਤਰ੍ਹਾਂ ਪ੍ਰਕਾਸ਼ਮਾਨ ਨਹੀਂ ਹੁੰਦਾ ਸਗੋਂ ਗਿੱਲੇ ਗੋਹੇ ਵਾਂਗ ਧੁਖਦਾ ਰਹਿੰਦਾ ਹੈ। ਅੰਦਰ ਉਲਾਰ ਆ ਜਾਂਦਾ ਹੈ, ਜ਼ਹਿਰ ਉਪਜ ਪੈਂਦੀ ਹੈ। ਦੁਖਾਂਤ ਉਦਗਾਰਾਂ, ਭਾਵਾਂ, ਵਲਵਿਆਂ, ਆਦਰਸ਼ਾਂ ਤੇ ਰੁਚੀਆਂ ਨੂੰ ਇੱਕ ਪੱਖੀ ਕਰਕੇ ਪ੍ਰਜਵਲਿਤ ਹੋਣ ਦਾ ਅਵਸਰ ਪੈਦਾ ਕਰ ਦਿੰਦਾ ਹੈ ਜਿਸ ਵਿਚ ਟੁੱਟ ਭੱਜ, ਕਚਿਆਈਆਂ, ਜ਼ਹਿਰ, ਉਲਾਰ ਸਭ ਭਸਮ ਹੋ ਜਾਂਦੇ ਹਨ। "ਦੁਖਾਂਤ ਉਨ੍ਹਾਂ ਅਤ੍ਰਿਪਤੀਆਂ ਦਾ, ਵਾਸ਼ਨਾਵਾਂ ਦਾ ਜੋ ਮਾਰੀਆਂ ਨਹੀਂ ਜਾਂਦੀਆਂ, ਨਪੀੜੀਆਂ ਨਹੀਂ ਜਾਂਦੀਆਂ, ਵੈਰਾਗ ਨਾਲ ਕਾਬੂ ਨਹੀਂ ਆਉਂਦੀਆਂ, ਮਨ ਨੂੰ ਰੁਆ ਕੇ ਨਿਕਾਸ ਕਰਾਉਂਦਾ ਹੈ। ਦੁਖਾਂਤ ਸਾਡੇ ਅੰਦਰ ਮਰਦਾਊਪੁਣਾ ਉਪਜਾਉਂਦਾ ਹੈ, ਜੀਵਨ-ਘੋਲ ਘੁਲਣ ਲਈ ਉਤਸ਼ਾਹ ਬਖਸ਼ਦਾ ਹੈ, ਦੁਖਾਂਤ ਸਾਡੀਆਂ ਭਾਵਨਾਵਾਂ ਨੂੰ ਸਮਤਾ ਬਖਸ਼ਦਾ ਹੈ। ਦੁਖਾਂਤ ਚਗਿਆਈ ਦੀ ਅਪੱਤੀ ਤੇ ਘਾਤਕ ਦੁੱਖ ਵਿਖਾ ਕੇ ਜੀਵਨ ਦੀ ਬੇਅਰਥਾ ਤੋਂ ਸੁਆਦ ਲੈਣ ਦੀ ਜਾਂਚ ਦੱਸਦਾ ਹੈ। ਦੁਖਾਂਤ ਦੀ ਮਹੱਤਤਾ ਇਹ ਹੈ ਕਿ ਇਸ ਵਿਚ ਮਰਦਊਪੁਣਾ, ਸਿਰੜ, ਅਟੱਲਤਾ, ਨਿਰਭੈਤਾ, ਸਰਬ ਲੌਕਿਕਤਾ ਤੇ ਮਾਨਵਤਾ ਲਈ ਸ਼ਰਧਾ ਉਪਜਾਉਣ ਦੀ ਮਹਾਨ ਸ਼ਕਤੀ ਹੈ।"1

ਦੁਖਾਂਤ ਬਾਰੇ ਸਪੱਸ਼ਤਾ ਸਹਿਤ ਇਸ ਤਰ੍ਹਾਂ ਵੀ ਕਿਹਾ ਜਾ ਸਕਦਾ ਹੈ ਕਿ ਜਦੋਂ ਵਿਰੋਧਾਤਮਕ ਵਿਚਾਰਾਂ, ਆਦਰਸ਼ਾਂ, ਅਸਲੀਅਤ ਤੇ ਚਾਹਾਂ ਦੀ ਟੱਕਰ ਤੋਂ ਗੁੰਝਲ ਪੈ ਜਾਂਦੀ ਹੈ, ਪਾਤਰ ਅੰਤਰਮੁੱਖੀ ਤੇ ਵਿਅਕਤੀ ਪ੍ਰਧਾਨ ਹੋਣ ਕਰਕੇ ਹੀ ਗੁੰਝਲ ਖੋਲ੍ਹਣ ਦਾ ਯਤਨ ਕਰਦਾ ਹੈ ਪਰ ਉਹ ਹੋਰ ਪੀਡੀ ਹੋ ਜਾਂਦੀ ਹੈ ਅਤੇ ਖੁੱਲ੍ਹਦੀ ਨਹੀਂ, ਕੋਈ ਧਾਗਾ ਟੁੱਟ ਜਾਂਦਾ ਹੈ ਤਾਂ ਮੁੱਲ ਬਹੁਤ ਹੀ ਵੱਧ ਤਾਰਨਾ ਪੈਂਦਾ ਹੈ ਤੇ ਇਹ ਦੁਖਾਂਤ ਕਹਾਉਣ ਲੱਗ ਪੈਂਦਾ ਹੈ। ਇਹ ਇਕ ਐਸਾ ਗੰਭੀਰ ਤੇ ਸੋਗੀ ਦ੍ਰਿਸ਼ ਹੈ ਜਿਸ ਵਿਚ ਸਰੀਰ ਦੀ ਨਾਸ਼ਵਾਨਤਾ ਤੇ ਆਦਮੀ ਦੀ ਅਮਰਤਾ ਦਾ ਘੋਲ ਹੁੰਦਾ ਹੈ।

ਤੀਜੀ ਪੀੜ੍ਹੀ ਦਾ ਨਾਟਕਕਾਰ ਅਜਮੇਰ ਸਿੰਘ ਔਲਖ ਪੰਜਾਬੀ ਨਾਟਕ ਦੀ ਪਰੰਪਰਾ ਵਿਚ ਇੱਕ ਵੱਖਰਾ ਹਸਤਾਖ਼ਰ ਹੈ। ਔਲਖ ਨੇ ਹੁਣ ਤੱਕ ਬਹੁਤ ਸਾਰੇ ਨਾਟਕ ਲਿਖੇ। ਉਸਨੇ ਆਪਣੇ ਨਾਟਕਾਂ ਵਿਚ ਪੇਂਡੂ ਮਲਵਈ ਕਿਸਾਨੀ ਦੀਆਂ ਦੁਸ਼ਵਾਰੀਆਂ ਨੂੰ ਦੁਖਾਂਤ ਦੇ ਪੱਧਰ ਤੇ ਚਿਤਰਿਆ ਹੈ। ਉਸਨੇ ਆਪਣੇ ਨਾਟਕਾਂ ਵਿਚ ਮਲਵਈ ਕਿਸਾਨੀ ਦੀਆਂ ਸਮੱਸਿਆਵਾਂ ਨੂੰ ਗੰਭੀਰਤਾ ਨਾਲ ਚਿਤਰਿਆ ਹੈ। ਉਹ ਕਿਸਾਨਾਂ ਦੀ ਮਾੜੀ ਆਰਥਿਕ ਹਾਲਤ ਦਾ ਮੁੱਖ ਕਾਰਨ ਪੀੜ੍ਹੀ ਦਰ ਪੀੜ੍ਹੀ ਘੱਟ ਰਹੀ ਜ਼ਮੀਨ, ਉਹਨਾਂ ਦੁਆਰਾ ਲਏ ਜਾਂਦੇ ਕਰਜ਼ੇ, ਨਸ਼ੇ ਆਦਿ ਨੂੰ ਮੰਨਦਾ ਹੈ। ਇਸ ਕਾਰਨ ਹੀ ਉਹਨਾਂ ਦੀ ਘਰ ਵਸਾਉਣ ਦੀ ਰੀਝ ਮਨ ਵਿਚ ਹੀ ਰਹਿ ਜਾਂਦੀ ਹੈ। ਇਹ ਦੁਖਾਂਤ ਅਸਾਵੀਂ ਆਰਥਿਕ ਸਥਿਤੀ ਦੀ ਉਪਜ ਹਨ। ਅਜਮੇਰ ਸਿੰਘ ਔਲਖ ਆਪਣੇ ਨਾਟਕਾਂ ਵਿਚ ਆਰਥਿਕ ਸੰਤਾਪ ਭੋਗ ਰਹੀ ਮਲਵਈ ਨਿਮਨ ਕਿਸਾਨੀ ਨੂੰ ਵਾਸਤਵਿਕ ਪੱਧਰ ਤੇ ਪੇਸ਼ ਕਰਦਾ ਹੈ। "ਇਹ ਮੱਧ ਵਰਗੀ ਰੁਮਾਂਸ, ਵਿਸਾਦ ਜਾਂ ਚਸਕੇ ਤੋਂ ਕੋਰੇ ਹਨ। ਭੰਗੜੇ, ਗਿੱਧੇ ਜਾਂ ਤੂੰਬੀ ਵਾਲੀ ਖਿੱਚ ਵੀ ਇਹਨਾਂ ਵਿਚ ਨਹੀਂ। ਆਧੁਨਿਕ ਨਾਟਕੀ ਜੁਗਤਾਂ ਦੇ ਵੀ ਇਹ ਧਾਰਨੀ ਨਹੀਂ। ਭੜਕੀਲੇ ਲਿਬਾਸਾਂ ਵਾਲੇ ਜਾਂ ਲਿਬਾਸ ਤੋਂ ਸੱਖਣੇ ਜਿਸਮਾਂ ਦੀ ਨੁਮਾਇਸ਼ ਵੀ ਇਹ ਨਹੀਂ ਕਰਦੇ। ਬੁੱਧੀ ਬਿਲਾਸ, ਮੱਧ ਸ਼ਿਸ਼ਟਾਚਾਰ ਜਾਂ ਵਿਅਕਤੀਗਤ ਮਾਨਸਿਕ ਘੜ੍ਹਤਾਂ ਤੋਂ ਵੀ ਇਹ ਮੁਕਤ ਹਨ, ਇਤਿਹਾਸਕ-ਧਾਰਮਿਕ ਜਜ਼ਬੇ, ਸਨਸਨੀਖੇਜ਼ ਘਟਨਾ ਚੱਕਰ ਜਾਂ ਨਾਇਕੀ ਕਾਰਨਾਮਿਆਂ ਦਾ ਪ੍ਰਪੰਚ ਵੀ ਇਹ ਨਹੀਂ ਕਰਦੇ।"2 ਔਲਖ ਦੇ ਨਾਟਕਾਂ ਵਿਚ ਜੋ ਗੱਲ ਵਧੇਰੇ ਵੇਖਣ ਨੂੰ ਮਿਲਦੀ ਹੈ ਉਹ ਹੈ ਨਿਮਨ ਮਲਵਈ ਕਿਸਾਨੀ ਦਾ ਦੁਖਾਂਤ। ਮਨੁੱਖ ਸਮਾਜਿਕ ਪ੍ਰਾਣੀ ਹੈ ਇਸ ਲਈ ਸਮਾਜ ਤੋਂ ਬਾਹਰ ਉਸਦੀ ਹੋਂਦ ਸੰਭਵ ਨਹੀਂ ਹੈ। ਉਸਦੀਆਂ ਮੁੱਢਲੀਆਂ ਲੋੜਾਂ ਕੁੱਲੀ, ਗੁੱਲੀ ਅਤੇ ਜੁੱਲੀ ਹਨ ਜੋ ਪਰਿਵਾਰ ਤੋਂ ਬਿਨਾਂ ਪੂਰੀਆਂ ਨਹੀਂ ਹੋ ਸਕਦੀਆਂ। ਔਲਖ ਦੇ ਨਾਟਕ ਅਜਿਹੇ ਅਧੂਰੇ ਪਰਿਵਾਰਾਂ ਦੀ ਕਹਾਣੀ ਨੂੰ ਹੀ ਪੇਸ਼ ਕਰਦੇ ਹਨ। ਜਿੱਥੇ ਘੋਰ ਗਰੀਬੀ ਅਤੇ ਆਰਥਿਕ ਥੁੜ੍ਹਾਂ ਕਰਕੇ ਉਹ ਇਕੱਲੇ ਰਹਿਣ ਦਾ ਸੰਤਾਪ ਭੁਗਤਦੇ ਹਨ ਅਤੇ ਦੁਖਾਂਤ ਪੈਦਾ ਕਰਦੇ ਹਨ।

'ਝਨਾਂ ਦੇ ਪਾਣੀ' ਅਜਮੇਰ ਸਿੰਘ ਔਲਖ ਦਾ ਅਜਿਹਾ ਹੀ ਨਾਟਕ ਹੈ। ਜਿਸ ਵਿਚ ਮਨੁੱਖੀ ਰਿਸ਼ਤਿਆਂ ਦੀ ਭਾਵੁਕ ਤੇ

ਵੇਦਨਾਮਈ ਤਸਵੀਰ ਉਜਾਗਰ ਹੋਈ ਹੈ। ਇਸ ਨਾਟਕ ਦਾ ਪਾਤਰ ਬੰਤੀ ਬੇਸ਼ਕ ਜੱਟ ਹੈ ਪਰ ਉਹ ਵੈਲੀ ਕਿਸਮ ਦਾ ਹੋਣ ਕਰਕੇ ਅਤੇ ਆਪਣੀਆਂ ਲੋੜਾਂ ਦੀ ਪੂਰਤੀ ਕਾਰਨ ਆਪਣੀ ਜ਼ਮੀਨ-ਜਾਇਦਾਦ ਗੁਆ ਚੁੱਕਾ ਹੈ। ਉਸਦੇ ਵਿਆਹ ਦੇ ਸੁਪਨੇ ਦੇਖਦੀ ਉਸਦੀ ਮਾਂ ਇਸ ਦੁਨੀਆਂ ਤੋਂ ਤੁਰ ਗਈ। ਥੱਕ ਹਾਰ ਕੇ ਆਪਣੀ ਰਹਿੰਦੀ ਜ਼ਿੰਦਗੀ ਕੱਟਣ ਦੇ ਲਈ ਉਹ ਬਿਹਾਰ ਤੋਂ ਮੁੱਲ ਦੀ ਤੀਵੀਂ ਖਰੀਦ ਲਿਆਉਂਦਾ ਹੈ। ਇੱਥੇ ਇਹ ਦੋਹਰਾ ਸੰਤਾਪ ਬਣ ਕੇ ਸਾਹਮਣੇ ਆਉਂਦਾ ਹੈ। ਗਰੀਬੀ ਕਾਰਨ ਮੁੰਡਿਆਂ ਦਾ ਅਣਵਿਆਹੇ ਰਹਿਣਾ ਅਤੇ ਗਰੀਬੀ ਕਾਰਨ ਹੀ ਕੁੜੀਆਂ ਦਾ ਵੇਚਣਾ। ਭੰਤੀ ਦੁਆਰਾ ਖਰੀਦ ਕੇ ਲਿਆਂਦੀ ਬਿਹਾਰਨ ਜਦੋਂ ਆਪਣੇ ਦੇਸ਼ ਜਾਣ ਦੀ ਜ਼ਿੱਦ ਕਰਦੀ ਹੈ ਤਾਂ ਭੰਤੀ ਉਸਨੂੰ ਕਹਿੰਦਾ ਹੈ :-

"ਭੰਤੀ : ਉਇ ਮੈਂ ਜੋ ਰੁਪਈਆਂ ਦੀ ਪੰਡ ਲਾਈ ਐ, ਤੈਨੂੰ ਮੋੜਨ ਵਾਸਤੇ ਨੀ, ਆਵਦਾ ਘਰ ਵਸਾਉਣ ਵਾਸਤੇ ਲਾਈ ਐ। (ਜਜ਼ਬਾਤ ਜਿਹੇ ਵਿਚ ਸਬਾਤ ਵਲ ਹੱਥ ਕਰਦਾ ਹੋਇਆ), ਇਸ ਭੂਤਾਂ ਦੇ ਬਾੜੇ ਨੂੰ ਬੰਦਿਆਂ ਦਾ ਘਰ ਬਣਾਉਣ ਵਾਸਤੇ ਲਾਈ ਐ! ਉਇ ਮੈਨੂੰ ਤੇਰੇ ਦਰਦ ਦਾ ਖਿਆਲ ਐ! ਬੰਦਾ ਐ ਮੈਂ ਵੀ, ਕੋਈ ਪਸ਼ੂ ਤਾਂ ਨੀ? ਮੇਰੇ ਵੀ ਦਿਲ ਆ ਤੇਰੇ ਵਾਂਗੂੰ! ਪਰ ਤੂੰ ਮੇਰੀ ਮਜ਼ਬੂਰੀ ਵੀ ਸਮਝ। ਘਰ ਫੂਕ ਤਮਾਸ਼ਾ ਕੀਤਾ ਮੈਂ ਵੀ! ਕਾਹਦੀ ਖਾਤਰ? ਇਸ ਸਾਲੀ ਅੰਦਰਲੀ ਭੁੱਖ ਦੀ ਖਾਤਰ! ਤੀਵੀਂ ਬਿਨਾਂ ਵੀ ਬੰਦੇ ਦੀ ਕੋਈ ਜੂਨ ਹੁੰਦੀ ਹੈ? ਨਿਰੀ ਪਰੇਤ ਜੂਨ। (ਮਰ ਗਈ ਮਾਂ ਦੀਆਂ ਅਧੂਰੀਆਂ ਸੱਧਰਾਂ ਨੂੰ ਯਾਦ ਕਰਕੇ) ਆਹ ਕੁੜਤੀ, ਗਰਾਰਾ ਤੇ ਚੁੰਨੀ ਨਿਰੇ ਕੱਪੜਿਆਂ ਦੇ ਨਾਂ ਨਹੀਂ ਕਿਸੇ ਦੇ ਸੁਪਨਿਆਂ ਦੇ ਨਾਂ ਨੇ। ਹੌਕਾਂ ਭਰਕੇ ਬੜੇ ਚਾਅ ਤੇ ਸੱਧਰਾਂ ਨਾਲ ਬਣਾਏ ਸੀ ਮਾਂ ਨੇ! ਪਰ ਸਭ….."3

ਇਸ ਨਾਟਕ ਵਿਚ ਮਰਦ ਦੇ ਸੁਹੇੜੇ ਦੁੱਖਾਂ ਦਾ ਸ਼ਿਕਾਰ ਔਰਤ ਬਣਦੀ ਹੈ। ਆਪਣੀ ਕਮਜ਼ੋਰ ਆਰਥਿਕਤਾ ਕਰਕੇ ਜਦੋਂ ਭੰਤੀ ਗੰਗਾ ਬਿਹਾਰਨ ਨੂੰ ਖਰੀਦ ਕੇ ਲੈ ਆਉਂਦਾ ਹੈ ਪਰ ਉਹ ਕਰਜ਼ਈ ਹੋਣ ਕਰਕੇ ਉਸਨੂੰ ਖਰੀਦਣ ਤੋਂ ਪਹਿਲਾਂ ਭੰਤੀ ਖੁਦ ਵਿਕਿਆ ਹੋਇਆ ਸੀ। ਭੰਤੀ ਦੇ ਇਹ ਬੋਲ, "ਮੈਨੂੰ ਮਾਫ਼ ਕਰੀ,ਗੰਗੀਏ ਮੈਂ ਤੈਨੂੰ ਲੈ ਤਾਂ ਆਇਆ, ਪਰ ਰੱਖ ਨਾ ਸਕਿਆ, ਖਰੀਦਿਆ ਤਾਂ ਮੈਂ ਤੈਨੂੰ ਕਿਸੇ ਅੰਦਰਲੀ ਘਾਟ ਨੂੰ ਪੂਰਾ ਕਰਨ ਵਾਸਤੇ ਸੀ-ਪਰ ਵੇਚਿਆ, ਬਾਹਰਲੇ ਭਾਰਾਂ ਦੇ ਦਬਾਓ ਕਰਕੇ ਐ।"4 ਭੰਤੀ ਆਪਣੀ ਆਰਥਿਕ ਕਮਜ਼ੋਰੀ ਸਦਕਾ ਗੰਗਾ ਨੂੰ ਬਹੁਤਾ ਸਮਾਂ ਆਪਣੇ ਘਰ ਨਹੀਂ ਰੱਖਦਾ ਸਗੋਂ ਆਪਣੇ ਕਰਜ਼ੇ ਦੇ ਬੋਝ ਨੂੰ ਘੱਟ ਕਰਨ ਲਈ ਉਹ ਉਸਨੂੰ ਅੱਗੇ ਵੇਚ ਦਿੰਦਾ ਹੈ। ਉਹ ਗੰਗਾ ਨੂੰ ਅੱਗੇ ਨਹੀਂ ਵੇਚਣਾ ਚਾਹੁੰਦਾ ਪਰ ਆਰਥਿਕਤਾ ਉਸਤੋਂ ਇਹ ਕੰਮ ਕਰਵਾ ਦਿੰਦੀ ਹੈ।

ਔਲਖ ਨੇ ਗੰਗਾ ਦੇ ਪਾਤਰ ਰਾਹੀਂ ਇਹ ਦਰਸਾਇਆ ਹੈ ਕਿ ਗੰਗਾ ਮੱਝ, ਗਾਂ ਵਾਂਗ ਇਕ ਵਾਰ ਨਹੀਂ ਬਲਕਿ ਵਾਰ-ਵਾਰ ਵਿਕਦੀ ਹੈ। ਗੰਗਾ ਨਾਂ ਚਾਹੁੰਦੇ ਹੋਏ ਵੀ ਥਾਂ-ਥਾਂ ਵਿਕਦੀ ਹੈ। ਪਹਿਲਾਂ 40 ਸਾਲ ਦਾ ਭੰਤੀ ਗੰਗਾ ਨੂੰ ਲਿਆਉਂਦਾ ਹੈ ਤੇ ਫਿਰ ਜੱਗੇ ਜੁਗਤੀ ਦਾ ਮੁੰਡਾ ਜੋ ਸਧਾਰਨ ਹੈ ਭਾਵ ਸਿੱਧੜ ਹੈ ਉਹ ਉਸਨੂੰ ਆਪਣੇ ਘਰ ਲੈ ਜਾਂਦਾ ਹੈ।

ਆਪਣਾ ਘਰ ਜਿਹੋ-ਜਿਹਾ ਵੀ ਹੋਵੇ, ਆਪਣਾ ਦੇਸ਼ ਜਿਹੋ-ਜਿਹਾ ਵੀ ਹੋਵੇ। ਜਿੱਥੇ ਇਨਸਾਨ ਜਨਮ ਲੈਂਦਾ ਹੈ ਉਹ ਚੰਗਾ ਲੱਗਦਾ ਹੈ। ਜਦੋਂ ਭੰਤੀ ਗੰਗਾ ਨੂੰ ਬਿਹਾਰ ਤੋਂ ਲਿਆ ਕੇ ਅੱਗੇ ਵੇਚਣ ਦੀ ਸਕੀਮ ਕਰਦਾ ਹੈ ਤਾਂ ਗੰਗਾ ਨੂੰ ਆਪਣੇ ਮਾਂ-ਬਾਪ, ਭੈਣ-ਭਰਾ ਤੇ ਦੇਸ਼ ਯਾਦ ਆਉਂਦੇ ਹਨ। ਬੇਸ਼ੱਕ ਉਸਦਾ ਪਿਤਾ ਗਰੀਬੀ ਤੇ ਮਜਬੂਰੀ ਵਸ ਗੰਗਾ ਨੂੰ ਵੇਚਦਾ ਹੈ ਪਰ ਗੰਗਾ ਨੂੰ ਆਪਣਾ ਦੇਸ਼ ਯਾਦ ਆਉਂਦਾ ਹੈ ਤੇ ਉਹ ਚਾਹੁੰਦੀ ਹੈ ਕਿ ਉਸਦੀ ਛੋਟੀ ਭੈਣ ਕਦੇ ਵੱਡੀ ਨਾ ਹੋਵੇ ਤੇ ਉਸਨੂੰ ਵੀ ਉਸ ਵਾਂਗੂੰ ਵਿਕਣਾ ਨਾ ਪਵੇ :-

"ਤੂੰ ਤਾਂ ਬਾਬਲ, ਬੇਚੀ-ਬਾਟੀ
ਧੀ ਇਕ ਦੇਸ ਪਰਾਏ।
ਇਸ ਦੁਖੀਆ ਕੇ ਫਿਰ ਵੀ ਕੁਟੀਆ
ਯਾਦ ਥਾਰ੍ਹੀ ਹੀ ਆਏ।"5

ਜਦੋਂ ਗੰਗਾ ਭੰਤੀ ਦੇ ਘਰ ਨੂੰ ਆਪਣਾ ਘਰ ਸਮਝਣ ਲੱਗ ਪੈਂਦੀ ਹੈ ਤੇ ਭੰਤੀ ਦੇ ਬੱਚੇ ਦੀ ਮਾਂ ਬਣ ਜਾਂਦੀ ਹੈ ਤਾਂ ਉਸਦਾ ਇਸ ਘਰ ਵਿਚ ਮਨ ਲੱਗਣ ਲੱਗਦਾ ਹੈ ਪਰ ਹੋਣੀ ਨੂੰ ਕੁਝ ਹੋਰ ਹੀ ਮਨਜ਼ੂਰ ਹੁੰਦਾ ਹੈ। ਗੰਗਾ ਨੂੰ ਇਹ ਘਰ ਵੀ ਛੱਡਣਾ ਪੈਂਦਾ ਹੈ ਕਿਉਂਕਿ ਭੰਤੀ ਨੇ ਉਸਨੂੰ ਕਰਜ਼ਾ ਚੁੱਕ ਕੇ ਖਰੀਦਿਆ ਸੀ ਤਾਂ ਉਹ ਤਰਲੇ ਲੈਂਦੀ ਹੈ ਕਿ ਮੈਨੂੰ ਅੱਗੇ ਨਾਂ ਵੇਚੀ। ਜੇਕਰ ਵੇਚਣਾ ਹੀ ਹੈ ਤਾਂ ਆਪਣੇ ਪਿੰਡ ਵਿਚ ਹੀ ਕਿਸੇ ਕੋਲ ਵੇਚੇ। ਗੰਗਾ ਬੇਵਸੀ, ਦੁੱਖ, ਰੋਸ ਅਤੇ ਤਰਲੇ ਦੀ ਮੂਰਤ ਬਣ ਕੇ ਭੰਤੀ ਨੂੰ ਕਹਿੰਦੀ ਹੈ :-

"ਗੰਗਾ : ਕੋਈ ਵੇਚੇ! ਕੋਈ ਖਰੀਦੇ! ਉਸ ਵਿਚ ਵਿਕਣ ਵਾਲੀ ਚੀਜ਼ ਦੀ ਕੋਈ ਮਰਜ਼ੀ ਨਹੀਂ, ਉਸ ਚੀਜ਼ ਦੀ ਵੀ, ਜੋ ਇਨਸਾਨਾਂ ਵਾਂਗ ਸਾਹ ਲੈ ਸਕਦੀ ਹੈ, ਤੁਰ ਸਕਦੀ ਹੈ, ਦੁੱਖ-ਸੁੱਖ ਮਹਿਸੂਸ ਕਰ ਸਕਦੀ ਐ? ਸਿਰਫ਼ ਇਸ ਕਰਕੇ, ਜ਼ਬਾਨ ਹੁੰਦਿਆਂ, ਉਹ ਬੋਲ ਨਹੀਂ ਸਕਦੀ? ਦਿਲ ਹੁੰਦਿਆਂ ਉਹ ਫੋਲ ਨਹੀਂ ਸਕਦੀ? ਉਸ ਪਾਸ ਏਨਾ ਅਧਿਕਾਰ ਵੀ ਨਹੀਂ ਕਿ ਉਹ ਆਪਣੀ ਮਰਜ਼ੀ ਦੀ ਥਾਂ ਵਿਕ ਸਕੇ?........।" ਨਾ ਮੇਰਾ ਇਹ ਅਧਿਕਾਰ ਮੱਤ ਖੋਹ! ਮੱਤ ਖੋਹ! ਨਹੀਂ ਤਾਂ ਗੂੰਗਾ ਪੱਥਰ ਬਣ ਜਾਵਾਂਗੀ ਮੈਂ।"6

ਗਰੀਬ ਆਦਮੀ ਬੇਵਸ ਹੋ ਜਾਂਦਾ ਹੈ। ਇੱਥੇ ਭੰਤੀ ਤੇ ਗੰਗਾ ਦੋਵੇਂ ਬੇਵਸ ਹਨ। ਨਾ ਗੰਗਾ ਅੱਗੇ ਵਿਕਣਾ ਚੁਹੁੰਦੀ ਹੈ ਤੇ ਨਾ ਹੀ ਭੰਤੀ ਉਸਨੂੰ ਵੇਚਣਾ ਚਾਹੁੰਦਾ ਹੈ ਪਰ ਮਜ਼ਬੂਰੀ ਵਸ ਉਹ ਅਜਿਹਾ ਕਰਨ ਲਈ ਮਜ਼ਬੂਰ ਹਨ।

ਜਦੋਂ ਗੰਗਾ ਨੂੰ ਇਹ ਯਕੀਨ ਹੋ ਜਾਂਦਾ ਹੈ ਕਿ ਵਿਕਣ ਤੋਂ ਬਿਨਾ ਉਸ ਕੋਲ ਕੋਈ ਚਾਰਾ ਨਹੀਂ ਤਾਂ ਉਹ ਭੰਤੀ ਅੱਗੇ ਤਰਲਾ ਕਰਦੀ ਹੋਈ ਉਸਨੂੰ ਅੱਗੇ ਨਾ ਵੇਚਣ ਲਈ ਕਹਿੰਦੀ ਹੈ ਕਿਉਂਕਿ ਗੰਗਾ ਹੁਣ ਪੂਰੀ ਤਰ੍ਹਾਂ ਪਿੰਡ ਦੇ ਮਾਹੌਲ ਵਿਚ ਢਲ ਚੁੱਕੀ ਹੈ। ਇਸ ਤਰ੍ਹਾਂ ਭੰਤੀ ਗੰਗਾ ਦਾ ਸੌਦਾ ਉਪਰੇ ਬੰਦਿਆਂ ਨਾਲੋਂ ਤੋੜ ਕੇ ਪਿੰਡ ਦੇ ਜ਼ਿਮੀਦਾਰ ਜੱਗਾ-ਜੁਗਤੀ ਨਾਲ ਕਰ ਦਿੰਦਾ ਹੈ।

ਜੱਗਾ-ਜੁਗਤੀ ਬਹੁਤ ਚਾਤਰ ਕਿਸਮ ਦਾ ਬੰਦਾ ਹੈ। ਉਸ ਕੋਲ ਜ਼ਮੀਨ-ਜਾਇਦਾਦ ਤਾਂ ਬਹੁਤ ਹੈ ਪਰ ਉਸਦਾ ਪੁੱਤਰ ਦਰਸ਼ਨ ਸਿੱਧੜ ਹੈ ਜਿਸਨੂੰ ਕੋਈ ਵੀ ਆਪਣੀ ਧੀ ਦੇਣ ਲਈ ਤਿਆਰ ਨਹੀਂ ਹੁੰਦਾ। ਉਸਦਾ ਘਰ ਵਸਾਉਂਣ ਲਈ ਜੱਗਾ-ਜੁਗਤੀ ਦੀ ਪਤਨੀ ਵੀ ਪਹਿਲੇ ਦਿਨ ਤੋਂ ਹੀ ਗੰਗਾ ਉੱਤੇ ਅੱਖ ਰੱਖਦੀ ਹੈ। ਜੱਗਾ-ਜੁਗਤੀ ਵੀ ਗੰਗਾ ਉੱਤੇ ਮਾੜੀ ਅੱਖ ਰੱਖਦਾ ਹੈ। ਉਹ ਗੰਗਾ ਨੂੰ ਆਪਣੇ ਪੁੱਤ ਦੇ ਘਰ ਵਸਾ ਕੇ ਆਪ ਭੋਗਣਾ ਚਾਹੁੰਦਾ ਹੈ। ਇਸੇ ਕਰਕੇ ਹੀ ਜੱਗਾ-ਜੁਗਤੀ ਭੰਤੀ ਨੂੰ ਕਰਜਈ ਕਰਦਾ ਹੈ। ਉਸਨੂੰ ਨਸ਼ਿਆਂ ਤੇ ਲਾਉਂਦਾ ਹੈ। ਉਹ ਭੰਤੀ ਨੂੰ ਦਿੱਤੇ ਕਰਜ਼ੇ ਦੀ ਰਕਮ ਵਧਾ ਦਿੰਦਾ ਹੈ। ਉਸਦੀਆਂ ਭੇਡਾਂ ਵੀ ਚੋਰੀ ਕਰਵਾ ਦਿੰਦਾ ਹੈ। ਇੱਥੇ ਲੇਖਕ ਨੇ ਤਕੜੇ ਦੁਆਰਾ ਮਾੜੇ ਨੂੰ ਦਬਾਉਣ, ਪਹਿਲਾਂ ਕਰਜਾ ਦੇਣਾ, ਨਸ਼ਿਆਂ ਤੇ ਲਗਾਉਣਾ, ਫਿਰ ਉਸਦੀਆਂ ਚੀਜ਼ਾਂ-ਵਸਤਾਂ ਲੈਣ ਤੋਂ ਬਾਅਦ ਉਸਦਾ ਘਰ ਵੀ ਨਾ ਵੱਸਣ ਦੇਣ ਵੱਲ ਇਸ਼ਾਰਾ ਕੀਤਾ ਹੈ। ਇੱਥੇ ਹੀ ਬੱਸ ਨਹੀਂ, ਇੱਥੇ ਹੀ ਬਸ ਨਹੀਂ ਉਸਨੂੰ ਆਪਣੇ ਘਰ ਵਸਾ ਕੇ ਉਸਦੀ ਇੱਜ਼ਤ ਤੇ ਮਾੜੀ ਨਜ਼ਰ ਰੱਖਣੀ ਤੇ ਜਦੋਂ ਗੰਗਾ ਦਾ ਮੰਗੇਤਰ ਜਮਨਾ ਬਿਹਾਰੀ ਮਜ਼ਦੂਰ ਉਸਨੂੰ ਦੇਖ ਲੈਂਦਾ ਹੈ ਤਾਂ ਜਗਤ ਸਿੰਘ ਉਸਨੂੰ ਖ਼ਤਮ ਕਰ ਦਿੰਦਾ ਹੈ ਤੇ ਉਸਨੂੰ ਜੇਲ੍ਹ ਹੋ ਜਾਂਦੀ ਹੈ। ਇਸ ਪ੍ਰਕਾਰ ਦੁਖਾਂਤ ਵਾਪਰਦਾ ਹੈ।

ਹੁਣ ਗੰਗਾ ਬਿਲਕੁਲ ਹੀ ਬੇਸਹਾਰਾ ਹੋ ਜਾਂਦੀ ਹੈ। ਇਸ ਦੌਰਾਨ ਹੀ ਇਸੇ ਹੀ ਪਿੰਡ ਦਾ ਬੁੱਢਾ ਅਰਜਨ ਫੌਜੀ ਜਿਸਦੀ ਪਤਨੀ ਦੀ ਮੌਤ ਹੋ ਜਾਂਦੀ ਹੈ, ਗੰਗਾ ਨੂੰ ਆਪਣੇ ਘਰ ਵਸਾਉਣਾ ਚਾਹੁੰਦਾ ਹੈ ਕਿਉਂਕਿ ਅਰਜਨ ਫੌਜੀ ਕੋਲ ਕੋਈ ਵੀ ਔਲਾਦ ਨਹੀਂ ਹੁੰਦੀ। ਭਰਾ-ਭਤੀਜੇ ਵੀ ਉਸਦੀ ਸੇਵਾ ਨਹੀਂ ਕਰਦੇ। ਉਹਨਾਂ ਦੀ ਅੱਖ ਉਸਦੀ ਜ਼ਮੀਨ ਉੱਤੇ ਹੈ। ਗੰਗਾ ਉਸਦੇ ਘਰ ਮਜ਼ਬੂਰੀ ਵਸ ਫਿਰ ਵਿਕਦੀ ਹੈ। ਅਰਜਨ ਫੌਜੀ ਉਸਤੋਂ ਉਲਾਦ ਚਾਹੁੰਦਾ ਹੈ। ਉਸਤੋਂ ਬਾਅਦ ਉਹ ਉਸਨੂੰ ਆਪਣੇ ਦੇਸ਼ ਚਲੇ ਜਾਣ ਦੀ ਖੁੱਲ ਦਿੰਦਾ ਹੈ। ਉਹ ਚਾਹੁੰਦਾ ਹੈ ਕਿ ਉਸਦੇ ਮਰਨ ਤੋਂ ਬਾਅਦ ਉਸਦਾ ਵੀ ਕੋਈ ਵਾਲੀ ਵਾਰਸ ਹੋਵੇ ਤੇ ਉਸਦਾ ਵੀ ਦੀਵਾ ਜਗਦਾ ਰਹੇ। ਹਾਲਾਤ ਨਾਲ ਸਮਝੌਤਾ ਕਰਕੇ ਉਹ ਹਮੇਸ਼ਾ ਲਈ ਹੀ ਅਰਜਨ ਫੌਜੀ ਦੇ ਘਰ ਵਸਣਾ ਚਾਹੁੰਦੀ ਹੈ। ਉਹ ਉਸਦੇ ਦੀਵੇ ਦੇ ਜਗਣ ਦੇ ਨਾਲ-ਨਾਲ ਆਪਣਾ ਦੀਵਾ ਵੀ ਇਸ ਘਰ ਵਿਚ ਜਗਾਉਣਾ ਚਾਹੁੰਦੀ ਹੈ।

ਸਮੇਂ ਦੇ ਬੀਤਣ ਨਾਲ ਗੰਗਾ ਅਰਜਨ ਦੇ ਬੱਚੇ ਦੀ ਮਾਂ ਬਣਨ ਵਾਲੀ ਹੈ ਤਾਂ ਅਰਜਨ ਦੇ ਭਤੀਜੇ ਗੰਗਾ ਨੂੰ ਮਾਰਨ ਆਉਂਦੇ ਹਨ। ਗੰਗਾ ਉਹਨਾਂ ਦਾ ਵਿਰੋਧ ਕਰਦੀ ਹੈ ਅਤੇ ਮੁਕਾਬਲੇ ਲਈ ਹੱਥ ਵਿਚ ਬੰਦੂਕ ਫੜ ਲੈਂਦੀ ਹੈ ਅਤੇ ਅਰਜਨ ਦੇ ਭਤੀਜੇ ਦਾ ਕਤਲ ਕਰ ਦਿੰਦੀ ਹੈ ਜੋ ਉਸਦਾ ਕਤਲ ਕਰਨ ਆਇਆ ਸੀ। ਉਹ ਆਪਣੀ ਅਤੇ ਅਪਣੇ ਪੁੱਤਰ ਦੀ ਰਾਖੀ ਲਈ ਚੰਡੀ ਦੀ ਵਾਰ ਪਾਠ ਕਰਦੀ ਹੈ। ਉਹ ਕੁਦੇਸ਼ਣ ਸੀ ਪਰ ਫਿਰ ਵੀ ਉਸਨੇ ਸਥਿਤੀਆਂ ਦਾ ਟਾਕਰਾ ਕਰਨਾ ਸਿੱਖ ਲਿਆ ਸੀ। ਉਹ ਆਪਣੇ ਦੇਸ਼ ਵਾਪਸ ਨਹੀਂ ਜਾਂਦੀ ਕਿਉਂਕਿ ਉਸਨੂੰ ਪਤਾ ਹੈ ਕਿ ਗਰੀਬੀ ਕਾਰਨ ਉਸਦਾ ਪਿਤਾ ਉਸਨੂੰ ਫਿਰ ਅਗਾਂਹ ਵੇਚ ਦੇਵੇਗਾ। ਗੰਗਾ ਕਮਜ਼ੋਰ ਦਿਲ ਨਾ ਰਹਿ ਕੇ ਚੰਡੀ ਦੀ ਦੇਵੀ ਦੇ ਰੂਪ ਵਿਚ ਸਮਾਜ ਵਿਚ ਵਿਚਰ ਰਹੇ ਮਹਿਖਾਸੁਰ ਤੇ ਨਿਸ਼ੁੰਭ ਵਰਗੇ ਸਰਮਾਏਦਾਰਾਂ ਨਾਲ ਟੱਕਰ ਲੈ ਲੈਂਦੀ ਹੈ। ਇਹ ਬੋਲ ਗੰਗਾ ਦੀ ਬਹਾਦਰੀ ਅਤੇ ਸਿਦਕ ਦਿਲੀ ਦੇ ਪ੍ਰਤੀਕ ਹਨ:-

"ਕੌਣ ਤੁਖਮ ਮਿਟਾਏਗਾ ਹੁਣ ਮੇਰਾ
ਕੌਣ ਖੋਹੇਗਾ ਜੀਣ ਅਧਿਕਾਰ ਮੇਰਾ।
ਏਸ ਮਿੱਟੀ ਦੀ ਮਹਿਕ ਹੁਣ ਮਹਿਕ ਮੇਰੀ
ਏਸ ਮਿੱਟੀ 'ਚ ਸੁੱਤਾ ਏ ਪਿਆਰ ਮੇਰਾ"7

ਇਸ ਪ੍ਰਕਾਰ ਅਜਮੇਰ ਸਿੰਘ ਔਲਖ ਨੇ ਮਾਲਵੇ ਦੇ ਪਿੰਡਾਂ ਦੀ ਰੁਲ ਰਹੀ ਕਿਸਾਨੀ ਦੀ ਤੇ ਜਵਾਨੀ ਦੀ ਤਸਵੀਰ ਨੂੰ ਬਹੁਤ ਕਲਾਕਾਰੀ ਨਾਲ ਚਿਤਰਿਆ ਹੈ। ਆਰਥਿਕ ਦੁੱਖਾਂ ਤੇ ਭੁੱਖਾਂ ਦੀ ਸਤਾਈ ਮਜ਼ਬੂਰ ਮਲਵਈ ਕਿਸਾਨੀ ਆਪਣੀਆਂ ਮਾਨਸਿਕ ਉਲਝਣਾਂ ਤੋਂ ਛੁਟਕਾਰਾ ਕਰਨ ਲਈ ਭਾਂਵੇ ਸਭ ਹੀਲੇ ਕਰਦੇ ਹਨ ਪਰ ਉਹ ਇਹਨਾਂ ਵਿਚ ਸਫ਼ਲ ਨਹੀਂ ਹੁੰਦੇ। ਇਹ ਇਕੱਲੇ ਭੰਤੀ ਦਾ ਦੁਖਾਂਤ ਨਹੀਂ ਸਗੋਂ ਆਰਥਿਕ ਤੌਰ ਤੇ ਖੁਰ ਰਹੀ ਨਿਮਨ ਕਿਸਾਨੀ ਦਾ ਦੁਖਾਂਤ ਹੈ ਜੋ ਸਮੁੱਚੀ ਜ਼ਿੰਦਗੀ ਘੋਲ ਘੁਲਦਿਆਂ ਗੁਜ਼ਾਰ ਦਿੰਦੀ ਹੈ।

### ਹਵਾਲੇ ਅਤੇ ਟਿੱਪਣੀਆਂ


1. ਪ੍ਰੋ. ਗੁਰਦਿਆਲ ਸਿੰਘ ਫੁੱਲ, ਪੰਜਾਬੀ ਦੁਖਾਂਤ ਨਾਟਕ, ਪੰਜਾਬੀ ਦੁਨੀਆਂ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਸਤੰਬਰ-ਅਕਤੂਬਰ 1957, ਪੰਨਾ 124

2. ਟੀ.ਆਰ. ਵਿਨੋਦ (ਡਾ.), ਅਜਮੇਰ ਸਿੰਘ ਔਲਖ ਦੇ ਨਾਟਕਾਂ ਦੇ ਸਰੋਕਾਰ, ਡਾ. ਸੁਖਦੇਵ ਸਿੰਘ ਸਿਰਸਾ, ਸੰਪਾ: ਅਜਮੇਰ ਔਲਖ ਦੀ ਨਾਟ ਭੂਮੀ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2002, ਪੰਨਾ 37

3. ਅਜਮੇਰ ਸਿੰਘ ਔਲਖ, ਝਨਾਂ ਦੇ ਪਾਣੀ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 1997, ਪੰਨਾ 4-5

4. ਉਹੀ, ਪੰਨਾ 42

5. ਉਹੀ, ਪੰਨਾ 20

6. ਉਹੀ, ਪੰਨਾ 41

7. ਉਹੀ, ਪੰਨਾ 89



**ਰਿਸਰਚ ਸਕਾਲਰ**
**ਪੰਜਾਬੀ ਵਿਭਾਗ**
**ਪੰਜਾਬੀ ਯੂਨੀਵਰਸਿਟੀ, ਪਟਿਆਲਾ**

## ਕੱਚੇ ਮੁਲਾਜ਼ਿਮ / ਡਾ. ਰਾਕੇਸ਼ ਤਿਲਕ ਰਾਜ



ਕੱਚੇ ਮੁਲਾਜ਼ਮ
ਰੋਜ਼ ਨਿਕਲਦੇ ਨੇ ਘਰਾਂ ਤੋਂ
ਸੁਨਹਿਰੇ ਭਵਿੱਖ ਦੀ ਤਲਾਸ਼ ਵਿੱਚ
ਤੇ ਪਰਤ ਆਉਂਦੇ ਹਨ ਸ਼ਾਮ
ਕਿਸੇ ਥੱਕੇ ਹੋਏ ਜੁਆਰੀ ਵਾਂਗ
ਜੋ ਤਾਸ਼ ਦੀ ਬਾਜ਼ੀ ਵਿੱਚ
ਆਪਣਾ ਸਭ ਕੁਝ
ਗੁਆ ਬੈਠਦਾ ਹੈ।
ਉਹ ਨਿਕਲਦੇ ਨੇ ਘਰਾਂ ਤੋਂ
ਭੀੜ ਬਣ ਕੇ
ਜਿਵੇਂ ਇੱਕ ਨਵਾਂ ਸੂਰਜ ਚੜ੍ਹੇਗਾ
ਉਨ੍ਹਾਂ ਦੀਆਂ ਉਮੀਦਾਂ ਦਾ
ਤੇ ਆਉਣਗੀਆਂ ਖੁਸ਼ੀਆਂ
ਉਨ੍ਹਾਂ ਦੇ ਵੀ ਵਿਹੜੇ
ਜਿਨ੍ਹਾਂ ਨੂੰ ਉਹ ਬੜੇ ਚਿਰ ਤੋਂ
ਉਡੀਕ ਰਹੇ ਸਨ

ਉਹ ਨਿਕਲਦੇ ਨੇ ਘਰਾਂ ਤੋਂ
ਸੁਨਹਿਰੇ ਭਵਿੱਖ ਦੀ ਤਲਾਸ਼ ਵਿੱਚ
ਤੇ ਇਸ ਉਮੀਦ ਵਿੱਚ
ਕਿ ਦੇਖਣਗੇ ਰੌਣਕ
ਆਪਣੇ ਬੱਚਿਆਂ ਦੇ ਮੂੰਹ 'ਤੇ
ਫਿਰ ਸੋਚਣਗੇ ਕਿ
ਖਾਲੀ ਪਈ ਥਾਲੀ 'ਚ
ਅੱਜ ਇੱਕ-ਇੱਕ ਰੋਟੀ
ਹੋਰ ਆਵੇਗੀ ਤੇ ਉਹ ਸਾਰੇ ਅੱਜ
ਢਿੱਡ ਭਰ ਕੇ ਖਾਣਗੇ
ਕੱਚੇ ਮੁਲਾਜ਼ਮ ਆਪਣੇ ਹਾਲਾਤਾਂ 'ਤੇ
ਸਿਸਕੀਆਂ ਭਰਦੇ ਮੁਜਾਹਿਰੇ ਕਰਦੇ
ਇੱਕ-ਦੂਜੇ ਦੇ ਹੰਝੂ ਪੂੰਝਦੇ
ਰਾਤ ਨੂੰ ਪਰਤ ਆਉਂਦੇ
ਆਪਣੇ ਘਰਾਂ ਨੂੰ ਤੇ ਸੌਂ ਜਾਂਦੇ ਹਨ
ਤੇ ਲੈਂਦੇ ਹਨ ਫਿਰ ਸੁਫ਼ਨੇ
ਪੱਕੇ ਹੋਣ ਦੇ ਕੱਚੇ ਮੁਲਾਜ਼ਮ।

## ਤੈਨੂੰ ਪਤੈ / ਰੁਪਿੰਦਰ ਸ਼ੇਖਰ ਸੁਮਨ

ਕਿਉਂ ਲੱਗਦਾ ਏ ਤੈਨੂੰ ?
ਇਹ ਚਕਾਚੌਂਧ ਰੋਸ਼ਨੀਆਂ
ਮੇਰੀਆਂ ਅੱਖਾਂ ਚੋਂ
ਤੇਰੇ ਮੋਹ ਦੀ ਚਮਕ ਨੂੰ



ਖਾ ਜਾਣਗੀਆਂ,
ਮੇਰੇ ਚੁਗਿਰਦ ਸ਼ਹਿਦ ਚੋਂਦੀਆਂ
ਵਿਸ਼-ਗੰਦਲਾਂ
ਮੇਰੀ ਰੂਹ ਦੀ ਤਾਸੀਰ ਨੂੰ
ਕਤਰਾ ਕਤਰਾ ਜ਼ਹਿਰੀ
ਕਰ ਛੱਡਣਗੀਆਂ
ਰਹਿਤਲ ਤੋਂ ਟੁੱਟ
ਮੈਂ ਹੋਰ ਹੋ ਜਾਂਵਾਗੀ
ਕੀ ਹੋਇਆ ਜੇ
ਤੇਰੇ ਮੇਰੇ ਦਰਮਿਆਨ ਅੱਜ
ਹਜ਼ਾਰਾਂ ਮੀਲਾਂ ਦਾ ਫ਼ਾਸਲਾ ਏ?
ਤੈਨੂੰ ਪਤੈ!!
ਅਹਿਸਾਸ ਦੇ ਨਿੱਘ ਸਾਹਵੇਂ
ਧਰਾਤਲੀ ਦੂਰੀ ਦਾ ਵਜੂਦ
ਬੜਾ ਬੌਣਾ ਹੁੰਦੈ ਭਲਿਆ ਲੋਕਾ
ਰੁੱਤਾਂ ਬਦਲਣ ਤੇ
ਕਦੇ ਛਾਂਵਾਂ ਵੀ ਬਦਲੀਆਂ ਨੇ?
ਰੌਸ਼ਨੀ ਬਾਰੀਆਂ ਛੱਡ,
ਝੀਤਾਂ ਥਾਣੀਂ ਵੀ ਆ ਜੇ,
ਆਪਣਾ ਅਕਸ ਥੋੜਾ
ਛੱਡ ਦਿੰਦੀ ਏ!!
ਸਮੇਂ ਦੇ ਗੁਜ਼ਰਨ ਤੇ
ਸਾਹਾਂ ਦੀ ਗੰਢ ਟੁੱਟਦੀ ਨਹੀਂ ਏ,
ਸਗੋਂ ਹੋਰ ਪੀਡੀ ਹੋ ਜਾਂਦੀ ਏ!
ਰੂਹਾਂ ਦੇ ਸਿਰਨਾਵੇਂ ਵੀ
ਕਦੇ ਬਦਲੇ ਨੇ ਭਲਾ??

## ਤੇਰਾ ਰਿਸ਼ਤਾ / ਹਰਪ੍ਰੀਤ

ਤੇਰੇ ਨਰਗਸੀ ਨੈਣਾਂ ਦਾ
ਰਹੱਸ ਜਾਨਣ ਲਈ
ਤਾਂ ਸ਼ਾਇਦ ਮੈਂ ਵਾਰ-ਵਾਰ ਪਰਤਾਂ...।
ਤੇਰੀ ਮਖ਼ਮਲੀ ਆਵਾਜ਼ ਪਿੱਛੇ...
ਛਿਪੀ ਖ਼ਾਮੋਸ਼ੀ ਨੂੰ
ਜਾਨਣਾ ਵੀ...
ਮੇਰੇ ਇਸ ਇੱਕ ਜਨਮ ਦੇ ਵੱਸ
ਦੀ ਗੱਲ ਨਹੀਂ ਜਾਪਦੀ...
ਹਾਂ, ਏਨਾ ਜ਼ਰੂਰ ਜਾਣਦੀ ਹਾਂ
ਤੂੰ ਅੰਦਰੋਂ-ਬਾਹਰੋਂ
ਨੂਰ ਹੀ ਨੂਰ ਏਂ...
ਤੇ ਤੇਰੀ ਤੋਰ ਵਿਚਲੀ ਮੜ੍ਹਕ ਨੂੰ ਦੇਖਣਾ
ਮੇਰੇ ਹਿੱਸੇ ਆਉਂਦਾ ਏ ਤਾਂ
ਅਨੰਤ ਵਜਦ ਵਿੱਚ ਆ ਜਾਂਦੀ ਹਾਂ ਮੈਂ
ਕਿਉਂ ਤੂੰ ਸਾਹਾਂ 'ਚ
ਸੁਗੰਧੀ ਘੋਲਦਾ ਮਹਿਸੂਸ ਹੁੰਦੈਂ
ਉਦੋਂ ਵਿਸਰ ਜਾਂਦੀਆਂ ਨੇ
ਜ਼ਿੰਦਗੀ ਦੀਆਂ ਸਭ ਤਲਖ਼ ਹਕੀਕਤਾਂ
ਤੈਨੂੰ ਦੇਖਣਾ, ਤੈਨੂੰ ਪਿਆਰਨਾ, ਤੈਨੂੰ
ਮਹਿਸੂਸ ਕਰਨਾ
ਜ਼ਿੰਦਗੀ ਦਾ ਰਾਹ ਰੁਸ਼ਨਾਉਣਾ ਹੈ...।



# ਆਧੁਨਿਕ ਪੰਜਾਬੀ ਨਾਵਲ ਦੀ ਇਤਿਹਾਸਿਕ ਰੂਪ ਰੇਖਾ / ਇਕਬਾਲ ਸਿੰਘ

ਪੰਜਾਬੀ ਨਾਵਲ ਆਧੁਨਿਕ ਕਾਲ ਵਿੱਚ ਹੀ ਹੋਂਦ ਵਿੱਚ ਆਇਆ ਅਤੇ ਹੋਰ ਵਾਰਤਕ ਸਾਹਿਤ ਰੂਪਾਂ ਵਾਂਗ ਇਸਨੂੰ ਵੀ ਪੱਛਮੀ ਸਾਹਿਤ ਦੀ ਮਹਾਨ ਦੇਣ ਵਜੋਂ ਲਿਆ ਜਾਣਾ ਚਾਹੀਦਾ ਹੈ। ਇਹ ਸੱਚ ਹੈ ਕਿ ਆਧੁਨਿਕ ਕਾਲ ਤੋਂ ਪਹਿਲਾਂ ਵੀ ਨਾਵਲ ਦੇ ਕੁੱਝ ਤੱਤਾਂ ਨੂੰ ਲੈ ਕੇ ਰਚੇ ਹੋਏ ਸਾਹਿਤਕ ਰੂਪ ਜਰੂਰ ਮਿਲਦੇ ਹਨ, ਪਰ ਉਨ੍ਹਾਂ ਨੂੰ ਪੂਰਾ ਨਾਵਲ ਨਹੀਂ ਕਿਹਾ ਜਾ ਸਕਦਾ। ਨਾਵਲ ਨੂੰ ਇੱਕ ਲੰਮੇਰੀ ਕਹਾਣੀ ਦੇ ਰੂਪ ਵਿੱਚ ਵੀ ਲਿਆ ਜਾਂਦਾ ਰਿਹਾ ਹੈ ਅਤੇ ਇਹ ਕਹਾਣੀ ਦਾ ਰੂਪ ਪ੍ਰਾਚੀਨ ਧਾਰਮਿਕ ਗ੍ਰੰਥਾਂ ਜਿਵੇਂ ਕਿ ਰਾਮਾਇਣ ਅਤੇ ਮਹਾਂਭਾਰਤ ਵਿੱਚ ਵੀ ਮਿਲਦਾ ਹੈ ਭਾਵੇਂ ਇਨ੍ਹਾਂ ਵਿੱਚ ਇਕ ਕਹਾਣੀ ਵਰਗਾ ਰੂਪ ਮਿਲਦਾ ਹੈ ਅਤੇ ਜੀਵਨ ਦੀਆਂ ਕਹਾਣੀਆਂ ਪੂਰੇ ਵਿਸਥਾਰ ਨਾਲ ਬਿਆਨ ਕੀਤੀਆਂ ਹਨ ਪਰ ਉਨ੍ਹਾਂ ਨੂੰ ਅਸੀਂ 'ਗਲਪ' ਦਾ ਨਾਵਲੀ ਰੂਪ ਨਾ ਕਹਿਕੇ 'ਮਹਾਕਾਵਿ ਹੀ ਕਹਿ ਸਕਦੇ ਹਾਂ। ਇਸੇ ਤਰ੍ਹਾਂ ਪੰਜਾਬੀ ਸਾਹਿਤ ਦੇ ਹੋਰ ਕਈ ਪੁਰਾਣੇ ਰੂਪਾਂ ਵਿੱਚ ਕਿੱਸੇ ਕਹਾਣੀਆਂ ਮਿਲਦੀਆਂ ਹਨ ਅਤੇ ਉਨ੍ਹਾਂ ਵਿੱਚ ਵੀ ਜੀਵਨ ਕਹਾਣੀ ਦਰਸਾਈ ਗਈ ਹੈ। ਨਾਵਲ ਵਰਗੀ ਰੋਚਕਤਾ, ਜਗਿਆਸਾ, ਖਾਸ ਉਦੇਸ਼, ਸੱਭਿਆਚਾਰ ਪਰੰਪਰਾਵਾਂ, ਸਮਾਜਿਕਤਾ ਦੇ ਅੰਸ਼ ਮੌਜੂਦ ਹਨ ਪਰ ਉਨ੍ਹਾਂ ਨੂੰ ਨਿਰੋਲ ਤੇ ਸ਼ੁੱਧ ਨਾਵਲ ਨਹੀਂ ਕਿਹਾ ਜਾ ਸਕਦਾ। ਅਸੀਂ ਇਹ ਕਹਿ ਸਕਦੇ ਹਾਂ ਕਿ ਉਨ੍ਹਾਂ ਰੂਪਾਂ ਵਿੱਚੋਂ ਨਿਕਲ ਉਭਰ ਕੇ ਪੰਜਾਬੀ ਸਾਹਿਤ ਵਿੱਚ ਆਧੁਨਿਕ ਕਾਲ ਵਿੱਚ 'ਨਾਵਲ' ਪ੍ਰਮਾਣਿਕ ਰੂਪ ਵਿੱਚ ਆਇਆ ਅਤੇ ਅੱਜ ਆਧੁਨਿਕ ਪੰਜਾਬੀ ਨਾਵਲ ਇੱਕ ਵਸ਼ਿਸ਼ਟ, ਹਰਮਨ ਪਿਆਰਾ, ਪ੍ਰਮੁੱਖ ਅਤੇ ਪ੍ਰਤੀਨਿੱਧ ਸਾਹਿਤਕ ਰੂਪ ਦਾ ਦਰਜਾ ਪ੍ਰਾਪਤ ਕਰ ਚੁੱਕਾ ਹੈ।

ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ ਪੁਸਤਕ ਵਿੱਚ ਪ੍ਰੋ. ਕਿਰਪਾਲ ਸਿੰਘ ਕਸੇਲ ਅਤੇ ਡਾ. ਪਰਮਿੰਦਰ ਸਿੰਘ ਲਿਖਦੇ ਹਨ, ''ਨਾਵਲ ਰਚਣ ਲਈ ਲੇਖਕ ਨੂੰ ਜੀਵਨ ਦੀ ਵਿਸ਼ਾਲ ਸੂਝ ਹੋਣੀ ਚਾਹੀਦੀ ਹੈ। ਹਰ ਸਮਾਜ ਵਿੱਚ ਨਾਵਲ ਰਚਨਾ ਉਦੋਂ ਹੀ ਆਰੰਭ ਹੁੰਦੀ ਹੈ ਜਦੋਂ ਸਮਾਜ ਵਿੱਚ ਚੇਤੰਨਤਾ ਆ ਜਾਵੇ। ਇਹ ਚੇਤੰਨਤਾ ਸਮਾਜ ਵਿੱਚ ਪੂੰਜੀਵਾਦੀ ਆਰਥਿਕ ਪ੍ਰਬੰਧ ਦੇ ਆ ਜਾਣ ਨਾਲ ਆਰੰਭ ਹੁੰਦੀ ਹੈ, ਇਸ ਲਈ ਨਾਵਲ ਕਾਲ ਨੂੰ ਅਸੀਂ ਪੂੰਜੀਵਾਦੀ ਸਮਾਜ ਦੀ ਉਪਜ ਹੀ ਮੰਨਦੇ ਹਾਂ।''

ਪੱਛਮੀਂ ਸਾਹਿਤ ਵਿੱਚ, ਨਾਵਲ ਕੁੱਝ ਸਦੀਆਂ ਪਹਿਲਾਂ ਹੀ ਲਿਖਿਆ ਜਾਣ ਲੱਗ ਪਿਆ ਸੀ, ਇਸ ਕਰਕੇ ਇਹ ਵੀ ਸੱਚ ਹੈ ਕਿ ਪੱਛਮੀ ਨਾਵਲ ਪੰਜਾਬੀ ਨਾਵਲ ਦੇ ਮੁਕਾਬਲੇ ਵਿਸ਼ਾਲ ਹੈ ਅਤੇ ਵਿਸ਼ੇ ਤੇ ਕਲਾ ਪੱਖੋਂ ਵੀ ਉਚ ਕੋਟੀ ਦਾ ਹੈ ਜਦੋਂ ਕਿ ਆਧੁਨਿਕ ਪੰਜਾਬੀ ਨਾਵਲ ਭਾਵੇਂ ਵਿਸ਼ੇ ਪੱਖੋਂ ਵਿਸ਼ਾਲ ਆਕਾਰ ਗ੍ਰਹਿਣ ਕਰ ਚੁੱਕਾ ਹੈ, ਕਲਾ ਪੱਖੋਂ ਵੀ ਬੜੀ ਤਰੱਕੀ ਕਰਕੇ ਅੱਗੇ ਵੱਧ ਰਿਹਾ ਹੈ, ਪਰ ਇਸਨੂੰ ਅਜੇ ਪੱਛਮੀ ਨਾਵਲ ਵਰਗਾ ਰੂਪ ਨਹੀਂ ਮਿਲ ਸਕਿਆ। ਕਿਹਾ ਜਾ ਸਕਦਾ ਹੈ ਕਿ ਅਜੋਕੇ ਪੰਜਾਬੀ ਨਾਵਲ ਉਪਰ ਪੱਛਮੀ ਪ੍ਰਭਾਵ ਬੰਗਾਲੀ, ਉਰਦੂ ਅਤੇ ਹਿੰਦੀ ਰਾਹੀਂ ਹੀ ਪਿਆ ਹੈ ਤੇ ਪੰਜਾਬੀ ਨਾਵਲ ਹੁਣ ਕਈ ਪੜਾਅ ਪਾਰ ਕਰਕੇ ਅੱਜ ਦੇ ਸਥਾਨ ਤੇ ਪੁੱਜਿਆ ਹੈ ਜਿਵੇਂ ਕਿ ਇਤਿਹਾਸਕ-ਰੁਮਾਂਸਿਕ, ਧਾਰਮਿਕ-ਸੁਧਾਰਵਾਦ, ਸਮਾਜ-ਸੁਧਾਰਕ, ਆਦਰਸ਼ਵਾਦ- ਯਥਾਰਥਵਾਦ, ਮਨੋਵਿਗਿਆਨਿਕ, ਸੱਭਿਆਚਾਰ-ਪਰੰਪਰਾਵਾਦੀ ਕੁੱਝ ਕੁ ਵਰਨਣਯੋਗ ਹਨ। ਪਰ ਇਹ ਸਾਖੀਆਂ ਰੌਚਿਕਤਾ, ਵਿਗਿਆਨਕ ਜਗਿਆਸਾ ਵਰਗੇ ਗੁਣਾਂ ਕਰਕੇ ਪਾਠਕਾਂ ਲਈ ਲੋਕਪ੍ਰਿਆ ਰੂਪ ਬਣ ਗਈਆਂ ਸਨ ਜੋ ਪਾਠਕ ਦੇ ਹਿਰਦੇ ਨੂੰ ਛੂੰਹਦੇ ਸੀ।

ਪਹਿਲਾਂ ਆਰੰਭ ਵਿੱਚ ਨਾਵਲ ਵਿੱਚ ਮਨੁੱਖੀ ਜੀਵਨ ਨੂੰ ਸਾਦ-ਮੁਰਾਦੇ ਸਰਲ ਢੰਗ ਵਿੱਚ ਸਾਖੀਆਂ ਵਾਂਗ ਬਿਆਨਿਆ ਗਿਆ। ਇਹ ਆਧੁਨਿਕ ਪੰਜਾਬੀ ਨਾਵਲ ਦਾ ਆਰੰਭਿਕ ਪੜਾਅ ਕਿਹਾ ਜਾ ਸਕਦਾ ਹੈ। ਇਸਨੂੰ ਮੁੱਢਲਾ ਇਤਿਹਾਸਿਕ ਪੜਾਅ ਵੀ ਕਹਿ ਸਕਦੇ ਹਾਂ।

ਜਦੋਂ ਅੱਜ ਦੇ ਪੰਜਾਬੀ ਨਾਵਲ ਨੂੰ ਦੇਖਦੇ, ਪੜ੍ਹਦੇ ਤੇ ਪਰਖ-ਪੜਚੋਲ ਕਰਦੇ ਹਾਂ ਤਾਂ ਪਾਉਂਦੇ ਹਾਂ ਕਿ ਇਨ੍ਹਾਂ ਵਿੱਚ ਯਥਾਰਥ ਦਾ ਵਿਸਰਜਨ ਹੈ, ਵਿਗਠਨ ਹੈ ਅਤੇ ਸਿਰਜਣਾ ਨੂੰ ਵੀ ਪ੍ਰਮੁੱਖ ਸਰੋਕਾਰਾਂ ਵਜੋਂ ਲਿਆ ਗਿਆ ਹੈ। ਨਾਵਲ ਅਜਿਹਾ ਲੰਮੇਰਾ ਰੂਪ ਹੈ ਜਿਸ ਵਿੱਚੋਂ ਸਮਾਜ ਸੱਭਿਆਚਾਰ ਦੀਆਂ ਅੰਦਰੂਨੀ ਸਰੰਚਨਾਵਾਂ ਦੀ ਤਲਾਸ਼ ਕੀਤੀ ਜਾ ਸਕਦੀ ਹੈ। ਇਸ ਵਿੱਚ ਸਮਾਜਿਕ ਸੱਭਿਆਚਾਰ ਦੀ ਝਲਕ ਦਿਖਦੀ ਹੈ। ਇਹ ਸਮਾਜ ਦਾ ਪ੍ਰਤੀਬਿੰਬ ਵੀ ਹੈ ਅਤੇ ਦਰਪਨ ਵੀ। ਇਸ ਵਿੱਚ ਵਿਅਕਤੀ ਅਤੇ ਸਮਾਜ ਦੀ ਸੰਵਾਦਕਤਾ ਨੂੰ ਪੇਸ਼ ਕੀਤਾ ਗਿਆ ਹੁੰਦਾ ਹੈ ਜੋ ਇਸਨੂੰ ਸ਼ੁੱਧ ਪ੍ਰਮਾਣਿਕ ਅਤੇ ਮਹੱਤਵਪੂਰਨ ਗ਼ਲਪ-ਵਿਧਾ ਦਾ ਦਰਜਾ ਦਿਵਾਉਂਦਾ ਹੈ। ਪੰਜਾਬੀ ਨਾਵਲ ਵਿੱਚ ਸ਼ੁਰੂ ਤੋਂ ਹੀ ਪੰਜਾਬੀ ਸਮਾਜ ਦੇ ਬੁਨਿਆਦੀ ਮਸਲਿਆਂ, ਵੰਗਾਰਾਂ ਤੇ ਸੰਭਾਵਨਾਵਾਂ ਹੀ ਨਾਵਲ ਦੀ ਰਚਨਾਤਮਕ ਵਸਤੂ ਬਣਦੇ ਰਹੇ ਹਨ। ਇਹ ਸੰਬੰਧ ਕੇਂਦਰੀ ਸਥਾਨ ਤੇ ਰਹਿੰਦੇ ਆਏ ਹਨ। ਇਨ੍ਹਾਂ ਵਿੱਚ ਔਰਤ ਮਰਦ ਦੇ ਸੰਬੰਧਾਂ ਨੂੰ ਆਰਥਿਕ, ਸਮਾਜਿਕ ਸੱਭਿਆਚਾਰਕ ਅਤੇ ਮਨੋ-ਸ਼ਰੀਰਕ ਪ੍ਰਸੰਗਾਂ ਵਿੱਚ ਵਧੇਰੇ ਦਰਸਾਇਆ ਗਿਆ ਹੈ।

ਆਧੁਨਿਕ ਪੰਜਾਬੀ ਨਾਵਲ ਦਾ ਮੁੱਢਲਾ ਪੜ੍ਹਾਅ ਸਾਦਾ, ਸਰਲ, ਰੌਚਕ, ਸ਼ਰਧਾ ਉਤਪੰਨ ਕਰਨ ਵਾਲਾ ਸੀ, ਇਸ ਮੁੱਢਲੇ ਪੜਾਅ ਦੇ ਨਾਵਲਕਾਰਾਂ ਅਤੇ ਨਾਵਲਾਂ ਦਾ ਸੰਖੇਪ ਜਿਹਾ ਵਰਨਣ ਪੇਸ਼ ਹੈ:-

ਭਾਈ ਵੀਰ ਸਿੰਘ (1872-1957) ਨੂੰ ਸ਼ੁੱਧ ਤੇ ਨਾਵਲੀ ਜੁਗਤਾਂ ਨਾਲ ਭਰਪੂਰ ਨਾਵਲ ਲਿਖਣ ਵਾਲਾ

ਨਾਵਲਕਾਰ ਕਿਹਾ ਜਾ ਸਕਦਾ ਹੈ। ਉਨ੍ਹਾਂ ਨੇ ਸਭ ਤੋਂ ਪਹਿਲਾਂ ਤਿੰਨ ਨਾਵਲ ਪੰਜਾਬੀ ਸਾਹਿਤ ਦੀ ਝੋਲੀ ਵਿੱਚ ਪਾਏ 'ਸੁੰਦਰੀ' 'ਬਿਜੈ ਸਿੰਘ' ਤੇ 'ਸਤਵੰਤ ਕੌਰ' ਇਨ੍ਹਾਂ ਨਾਵਲਾਂ ਦਾ ਵਿਸ਼ਾ ਅਠਾਰਵੀਂ ਸਦੀ ਦੇ ਉਸ ਸਮੇਂ ਦੀਆਂ ਘਟਨਾਵਾਂ ਤੇ ਆਧਾਰਿਤ ਹੈ ਜਦੋਂ ਸਿੱਖ ਜੁਲਮਾਂ ਦਾ ਸਾਹਮਣਾ ਕਰ ਰਹੇ ਸਨ ਅਤੇ ਉੱਨਤੀ ਵੱਲ ਜਾ ਰਹੇ ਸੀ। ਉਸ ਸਮੇਂ ਧਰਮ ਦੇ ਖੇਤਰ ਵਿੱਚ ਸੁਧਾਰ ਦੀ ਲਹਿਰ ਚੱਲੀ ਜਿਸ ਨੇ ਭਾਈ ਸਾਹਿਬ ਨੂੰ ਪ੍ਰਭਾਵਿਤ ਕੀਤਾ ਅਤੇ ਭਾਈ ਸਾਹਿਬ ਨੇ ਆਦਰਸ਼ ਦਾ ਸੁਮੇਲ ਕਰਕੇ ਇਹ ਨਾਵਲ ਸਾਹਿਤ ਨੂੰ ਦਿੱਤੇ। ਇਨ੍ਹਾਂ ਨਾਵਲਾਂ ਦੇ ਪਾਤਰ ਆਦਰਸ਼ਕ, ਘਟਨਾਵਾਂ ਵਲੋਂ ਰੁਮਾਂਟਿਕ ਅਤੇ ਦ੍ਰਿਸ਼ਟੀ ਵਜੋਂ ਸੁਧਾਰਵਾਦੀ ਹਨ। ਇਨ੍ਹਾਂ ਦੇ ਉਦੇਸ਼ ਸਿੱਧੇ ਤੇ ਸਪਸ਼ਟ ਹਨ।

ਭਾਈ ਮੋਹਨ ਸਿੰਘ ਵੈਦ (1881 ਤੋਂ 1936) ਭਾਈ ਮੋਹਨ ਸਿੰਘ ਵੈਦ ਭਾਈ ਵੀਰ ਸਿੰਘ ਜੀ ਦੇ ਸਮਕਾਲੀ ਸੀ। ਉਨ੍ਹਾਂ ਨੇ ਉਸ ਸਮੇਂ ਦੀਆਂ ਸਮਾਜਿਕ ਅਤੇ ਧਾਰਮਿਕ ਲਹਿਰਾਂ ਤੋਂ ਪ੍ਰਭਾਵਿਤ ਹੋ ਕੇ ਕੁੱਝ ਮੌਲਿਕ, ਆਧਾਰਿਤ ਅਤੇ ਅਨੁਵਾਦਿਤ ਨਾਵਲ ਪੰਜਾਬੀ ਸਾਹਿਤ ਨੂੰ ਦਿੱਤੇ। ਇੱਕ ਸਿੱਖ ਘਰਾਣਾ, ਸੁਖੀ ਪਰਿਵਾਰ, ਸਰੇਸ਼ਟ ਕਲਾ ਦੀ ਚਾਲ, ਸੁਸ਼ੀਲ ਵਿਧਵਾ, ਸੁਭਾਗ ਕੌਰ, ਦੰਪਤੀ ਪਿਆਰ, ਸੁਘੜ ਕੌਰ, ਵਕੀਲ ਦੀ ਕਿਸਮਤ, ਸੁਖਦੇਵ ਕੌਰ ਆਦਿ ਉਸ ਦੇ ਕੁੱਝ ਪ੍ਰਸਿੱਧ ਨਾਵਲ ਹਨ।

ਚਰਨ ਸਿੰਘ ਸ਼ਹੀਦ (1891-1935) ਚਰਨ ਸਿੰਘ ਸ਼ਹੀਦ ਦੇ ਨਾਵਲ ਦਲੇਰ ਕੌਰ (ਇਤਿਹਾਸਕ) ਚੰਚਲ ਮੂਰਤੀ ਤੇ ਦੋ ਵਹੁਟੀਆਂ (ਸਮਾਜ ਸੁਧਾਰਕ) ਪ੍ਰਕਾਸ਼ਿਤ ਹੋਏ।

ਇਹ ਪਹਿਲਾ ਪੜਾਅ (ਪਰਿਵਰਤਨ ਕਾਲ) ਹੈ। ਕੁੱਝ ਕੁ ਅਨੁਵਾਦਿਤ ਨਾਵਲਾਂ ਵਿੱਚ ਤੋਤਾ ਮੈਨਾ, ਗੁਲ ਬਕਾਉਲੀ, ਚਾਰ ਦਰਵੇਸ ਹਨ। ਇਸ ਤੋਂ ਇਲਾਵਾ ਗਿਆਨੀ ਹਜਾਰਾ ਸਿੰਘ ਦਾ ਦੁਲਹਨ ਦਰਪਨ, ਹਕੀਮ ਸੁੰਦਰ ਸਿੰਘ ਦਾ ਚੰਦਰ ਕਾਂਤਾ ਵਰਨਣਯੋਗ ਹਨ। ਹੋਰ ਲੇਖਕ ਅਮਰ ਸਿੰਘ ਤੇ ਰੂਪ ਲਾਲ ਹਨ। ਅਮਰ ਸਿੰਘ ਦੀ ਛੋਟੀ ਨੂੰਹ, ਘਰ ਦਾ ਨਿਰਬਾਹ ਤੇ ਪ੍ਰੇਮ ਕੌਰ ਵਿਸੇਸ਼ ਵਰਣਨਯੋਗ ਹਨ। ਰਾਜਸੀ ਸੰਗਰਾਮ ਤੋਂ ਪ੍ਰੇਰਿਤ ਹਰਬਖਸ਼ ਸਿੰਘ ਨੇ ਸ਼ਕੁੰਤਲਾ ਅਰਪਤ ਆਜ਼ਾਦੀ ਪ੍ਰਾਪਤੀ ਨਾਵਲ ਲਿਖਿਆ। ਇਹ ਸਾਰੇ ਨਾਵਲਕਾਰ ਪ੍ਰਾਰੰਭਿਕ ਅਵਸਥਾ ਨਾਲ ਸੰਬੰਧਤ ਹਨ। ਪਰਿਵਰਤਨ ਕਾਲ ਦੇ ਅੰਤ ਤੱਕ ਪੰਜਾਬੀ ਨਾਵਲ ਮੁੱਢਲੇ ਯਤਨਾਂ ਤੱਕ ਸੀਮਤ ਸੀ।

ਨਵੀਨ ਕਾਲ ਦੇ ਕੁੱਝ ਅਜਿਹੇ ਨਾਵਲਕਾਰ ਅਤੇ ਨਾਵਲ ਹੇਠਾਂ ਲਿਖੇ ਹਨ:-

ਪ੍ਰੋ: ਪੂਰਨ ਸਿੰਘ (1881-1931) ਨੇ ਲਘੂ ਨਾਵਲ 'ਚੁਪ ਪ੍ਰੀਤ' ਲਿਖਿਆ ਜੋ ਅਧਿਆਤਮਕ ਪਿਆਰ ਦਾ ਨਾਵਲ ਹੈ। ਇਸ ਦਾ ਵਿਸ਼ਾ ਬੜਾ ਲੁਭਾਵਣਾ ਤੇ ਸੁੰਦਰ ਵਿਸਮਾਦਕ ਅਤੇ ਦਾਰਸ਼ਨਿਕ ਵਿਚਾਰਾਂ ਵਾਲਾ ਹੈ।

ਮਾਸਟਰ ਤਾਰਾ ਸਿੰਘ (1886-1967) ਮਾਸਟਰ ਤਾਰਾ ਸਿੰਘ ਦਾ 'ਪ੍ਰੇਮ ਲਗਨ' ਤੇ 'ਬਾਬਾ ਤੇਗਾ ਸਿੰਘ' ਇਸ ਸਮੇਂ ਦੇ ਪ੍ਰਸਿੱਧ ਨਾਵਲ ਹਨ। ਇਹ ਇਤਿਹਾਸਕ ਅਤੇ ਅਕਾਲੀ ਲਹਿਰ ਨਾਲ ਸੰਬੰਧਤ ਹਨ।

ਨਾਨਕ ਸਿੰਘ (1987 ਤੋਂ 1971) ਤੱਕ ਪੰਜਾਬੀ ਨਾਵਲ ਕਲਾ ਦਾ ਮੀਲ ਪੱਥਰ ਮੌਲਿਕ ਨਾਵਲਕਾਰ ਹੈ। ਉਨ੍ਹਾਂ ਨੇ ਇੱਕ ਵਿਸ਼ੇਸ਼ ਤਰ੍ਹਾਂ ਦੇ, ਮੱਧ ਸ਼੍ਰੇਣੀ ਨਾਲ ਸੰਬੰਧਤ ਹਨ। ਆਪ ਨੇ ਲਗਭਗ ਡੇਢ ਦੋ ਦਰਜਨ ਨਾਵਲਾਂ ਨਾਲ ਪੰਜਾਬੀ ਨਾਵਲਾਂ ਦੇ ਇਤਿਹਾਸ ਵਿੱਚ ਯੋਗਦਾਨ ਪਾਇਆ। 'ਚਿੱਟਾ ਲਹੂ' ਪੇਂਡੂ ਜੀਵਨ ਨਾਲ ਜੁੜਿਆ ਬਹੁਤ ਹੀ ਹਰਮਨ ਪਿਆਰਾ ਨਾਵਲ ਹੈ। ਮਤਰੇਈ ਮਾਂ, ਲਵ-ਮੈਰਿਜ, ਦੂਰ ਕਿਨਾਰਾ, ਫੌਲਾਦੀ ਫੁੱਲ, ਪਵਿੱਤਰ ਪਾਪੀ, ਗਰੀਬ ਦੀ ਦੁਨੀਆਂ, ਪਿਆਰ ਦੀ ਦੁਨੀਆਂ ਕੁੱਝ ਇੱਕ ਲੋਕਪ੍ਰਿਅ ਤੇ ਪ੍ਰਸਿੱਧ ਨਾਵਲ ਹਨ। ਇਨ੍ਹਾਂ ਵਿੱਚੋਂ ਕੁੱਝ ਇੱਕ ਤੇ ਫਿਲਮਾਂ ਵੀ ਬਣ ਚੁੱਕੀਆਂ ਹਨ। ਉਨ੍ਹਾਂ ਦੀ ਨਾਵਲ-ਯਾਤਰਾ ਨੂੰ ਦੋ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ। ਨਾਨਕ ਸਿੰਘ ਦੇ ਉੱਪਰ ਸਾਹਿਤ ਦੇ ਪ੍ਰਸਿੱਧ ਕਥਾ ਸਮਰਾਟ ਮੁਨਸ਼ੀ ਪ੍ਰੇਮ ਚੰਦ ਦਾ ਗਹਿਰਾ ਪ੍ਰਪਾਵ ਹੈ। ਨਾਨਕ ਸਿੰਘ ਦੇ ਜ਼ਿਆਦਾਤਰ ਨਾਵਲ ਦੁਖਾਂਤਕ ਹਨ। ਉਨ੍ਹਾਂ ਦੇ ਨਾਵਲਾਂ ਵਿੱਚ ਯਥਾਰਥਵਾਦ, ਆਦਰਸ਼ਵਾਦ, ਹਾਰਰਸ, ਨਿਪੁੰਨ ਸ਼ੈਲੀ, ਮਾਨਵਵਾਦੀ ਦ੍ਰਿਸ਼ਟੀਕੋਣ ਵਰਗੀਆਂ ਵਿਸੇਸ਼ਤਾਵਾਂ ਹਨ। ਉਹ ਸਮਾਜਿਕ ਨਾਵਲਾਂ ਦੇ ਪਿਤਾਮਾ ਹਨ। ਇਸੇ ਸਮੇਂ ਦੇ ਯਥਾਰਥਵਾਦੀ ਨਾਵਲਕਾਰ ਸੁਰਿੰਦਰ ਸਿੰਘ ਨਰੂਲਾ, ਸੰਤ ਸਿੰਘ ਸੇਖੋਂ, ਕਰਤਾਰ ਸਿੰਘ ਦੁੱਗਲ ਵਿਸ਼ੇਸ਼ ਜ਼ਿਕਰ ਦੇ ਕਾਬਿਲ ਹਨ।

ਜਸਵੰਤ ਸਿੰਘ ਕੰਵਲ ਦਾ ਨਾਵਲ 'ਸੱਚ ਨੂੰ ਫਾਂਸੀ' ਵਿਸ਼ੇਸ਼ ਜ਼ਿਕਰਯੋਗ ਹੈ। ਨਰਿੰਦਰ ਪਾਲ ਸਿੰਘ ਨੇ ਵੀ ਇੱਕਾ-ਦੁੱਕਾ ਨਾਵਲ ਰਚੇ ਹਨ। 'ਮਲਾਹ' ਤੇ 'ਸੈਨਾਪਤੀ' 1947 ਤੋਂ ਪਹਿਲਾਂ ਦੀਆਂ ਰਚਨਾਵਾਂ ਹਨ।

ਇਸੇ ਕਾਲ ਵਿੱਚ ਕੁੱਝ ਇੱਕ ਅਨੁਵਾਦਿਤ ਨਾਵਲ ਵੀ ਵਿਸ਼ੇਸ਼ ਸਥਾਨ ਰੱਖਦੇ ਹਨ। ਨਰਿੰਦਰ ਸਿੰਘ ਸੋਚ 'ਮਜ਼ਦੂਰ' ਪ੍ਰੋ. ਕਰਤਾਰ ਸਿੰਘ ਦੁਖੀਏ, ਡਾ. ਪਰਮਿੰਦਰ ਸਿਘ ਦਾ 'ਟਿਪਰੀਵਾਸ ਕੁੜੀ', ਪ੍ਰੋ. ਪੂਰਨ ਸਿੰਘ ਦਾ 'ਮੋਇਆਂ ਦੀ ਜਾਗ' ਰਚੇ ਗਏ। ਇਹ ਪੁਸਤਕਾਂ ਮੈਕਸਿਮ ਗੋਰਕੀ, ਵਿਕਟਰ ਹਿਊਗੋ ਤੇ ਟਾਲਸਟਾਏ ਦੀਆਂ ਚਰਨਾਵਾਂ ਦੇ ਅਨੁਵਾਦ ਹਨ।

ਰਾਜਿੰਦਰ ਸਿੰਘ ਬੇਦੀ ਨੇ 'ਇੱਕ ਚਾਦਰ ਅਧੋਰਾਣੀ' ਤੇ ਖੁਸ਼ਵੰਤ ਸਿੰਘ ਨੇ 'ਪਾਕਿਸਤਾਨ ਮੇਲ' ਨਿਵੇਕਲੇ ਨਾਵਲ ਹਨ। ਗੁਰਦਿਆਲ ਸਿੰਘ ਦਾ 'ਮੜੀ ਦਾ ਦੀਵਾ' 'ਅਣਹੋਏ ਵੀ ਵਰਨਣਯੋਗ ਹਨ। ਮੋਹਨ ਕਾਹਲੋਂ ਨੇ ਖੁੱਲ੍ਹੇ-ਡੁੱਲੇ ਕਾਮਭਾਵਨਾ ਵਾਲੇ ਨਾਵਲ ਲਿਖੇ ਹਨ। ਸੋਹਨ ਸਿੰਘ ਸੀਤਲ ਦਾ 'ਕਾਲੇ ਪਰਛਾਵੇਂ" ਮਲੇਸ਼ੀਆ ਦੇ ਜੀਵਨ ਨਾਲ ਅਤੇ 'ਬਾਬਾ ਹਰੀ ਸਿੰਘ ਉਸਮਾਨ 'ਹਿੰਦ-ਚੀਨ' ਦੇਸਾਂ ਨਾਲ ਸੰਬੰਧਤ ਹੈ। ਦੇਵਿੰਦਰ

ਸਤਿਆਥੀ ਦਾ 'ਘੋੜਾ ਬਾਦਸ਼ਾਹ' ਇੱਕ ਨਵੀਂ ਰੰਗਤ ਵਾਲਾ ਨਾਵਲ ਸੁਖਵੀਰ ਸਿੰਘ ਚਿੰਤਨਸ਼ੀਲ, ਗੰਭੀਰ, ਆਧੁਨਿਕ ਸ਼ੈਲੀ ਦਾ ਸ਼ਾਹਕਾਰ ਹੈ। ਇਸ ਵਿੱਚ ਬੌਧਿਕ ਤਰਕ ਤੇ ਸੂਖਮ ਵਿਅੰਗ ਵੀ ਵਿਦਮਾਨ ਹੈ।

ਸੋਹਨ ਸਿੰਘ ਸ਼ੀਤਲ ਦਾ ਹੀ 'ਤੂਤਾਂ ਵਾਲਾ ਖੂਹ' 'ਯੁੱਗ ਬਦਲ ਗਿਆ' ਅਕਾਰ ਤੇ ਮਿਆਰ ਪੱਖੋਂ ਉਤਮ ਹੈ। 'ਯੁੱਗ ਬਦਲ ਗਿਆ' ਨੂੰ ਸਾਹਿਤ ਅਕਾਦਮੀ ਪੁਰਸਕਾਰ ਵੀ ਦਿੱਤਾ ਗਿਆ।

ਕਰਤਾਰ ਸਿੰਘ ਦੁੱਗਲ, ਕੇਸਰ ਸਿੰਘ ਕੈਨੇਡਾ ਹੋਰ ਸਫ਼ਲ ਨਾਵਲਕਾਰ ਹਨ।

ਇਸਤਰੀ ਨਾਵਲਕਾਰਾਂ ਵਿੱਚ ਅੰਮ੍ਰਿਤਾ ਪ੍ਰੀਤਮ (1919 ਤੋਂ 2005) ਨਿਵੇਕਲੀ ਕਾਵਿਮਈ, ਭਾਵੁਕ ਅਤੇ ਰੋਮਾਂਟਿਕ ਸੋਝੀ ਵਾਲੀ ਕਲਾਕਾਰ ਹੈ। ਉਸਦੇ ਕੁੱਝ ਨਾਵਲਾਂ ਉਪਰ ਸਫ਼ਲ ਫਿਲਮਾਂਕੰਨ ਵੀ ਹੋਇਆ। ਪਿੰਜਰ ਡਾ. ਦੇਵ, ਉਸਦੇ ਜ਼ਿਕਰਯੋਗ ਨਾਵਲ ਹਨ।

ਸੁਰਿੰਦਰਜੀਤ ਬਰਾੜ, ਦਲੀਪ ਕੌਰ ਟਿਵਾਣਾ, ਅਜੀਤ ਕੌਰ ਅਤੇ ਬਲਵਿੰਦਰਜੀਤ ਕੌਰ ਹੋਰ ਸਫ਼ਲ ਇਸਤ੍ਰੀ ਨਾਵਲਕਾਰ ਹਨ। ਬਰਾੜ ਦਾ 'ਦਾਣਾ-ਨਲ' 'ਮਰੀਚਕਾ' ਯਥਾਰਥਵਾਦੀ ਅਤੇ ਇਸਤ੍ਰੀ ਸਮੱਸਿਆਵਾਂ ਨੂੰ ਬਿਆਨ ਕਰਨ ਵਾਲੇ ਨਾਵਲ ਹਨ। ਦਲੀਪ ਕੌਰ ਟਿਵਾਣਾ ਦਾ 'ਅਗਨੀ ਪ੍ਰੀਖਿਆ' 'ਏਹੋ ਹਮਾਰਾ ਜੀਵਨਾ' 'ਪੀਲੇ ਪੱਤਿਆਂ ਦੀ ਦਾਸਤਾਨ', 'ਕਥਾ ਕਹੋ ਉਰਵਸ਼ੀ' 'ਲੰਘ ਗਏ ਦਰਿਆ' ਚਰਚਿਤ ਨਾਵਲ ਹਨ। ਬਲਵਿੰਦਰਜੀਤ ਸੂਖਮ ਜਜ਼ਬਾਤੀ ਤੇ ਕਾਵਿਮਈ ਸ਼ੈਲੀ ਨਾਲ ਲਿਖਣਵਾਲੀ ਨਾਵਲਕਾਰ ਹੈ। ਕੁੱਝ ਅਲੋਚਕਾਂ ਨੇ ਉਸਦੇ ਨਾਵਲਾਂ ਨੂੰ ਲੰਮੀ ਕਹਾਣੀ ਹੀ ਕਿਹਾ ਹੈ।

ਨਵੀਨ ਨਾਵਲਕਾਰ : ਸੁਰਜੀਤ ਸਿੰਘ ਸੇਠੀ ਯਥਾਰਥਵਾਦੀ ਅਤੇ ਪ੍ਰਯੋਗਵਾਦੀ ਨਾਵਲਕਾਰ ਸੀ। ਉਸਦੇ ਜ਼ਿਕਰਯੋਗ ਨਾਵਲ ਹਨ, 'ਇਕ ਸ਼ਹਿਰ ਦੀ ਗੱਲ' 'ਕਲ੍ਹ ਵੀ ਸੂਰਜ ਨਹੀ ਚੜ੍ਹੇਗਾ" 'ਆਬਰਾ ਕਦਾਬਰਾ', ਤੇ 'ਬਦਨਾਮ ਸੜਕਾਂ' ਉੱਤੇ ਖੁਲ੍ਹੇ ਜਿਨਸੀ ਸੰਬੰਧਾਂ ਤੋਂ ਅਸ਼ਲੀਲਤਾ ਦੇ ਦੋਸ਼ ਲਗਾਏ ਜਾਂਦੇ ਹਨ। ਅੰਤਿਮ ਨਾਵਲ 'ਇੱਕ ਹੋਰ ਹਾਦਸਾ' ਸਵੈ ਜੀਵਨੀ ਦੀ ਝਲਕ ਦਿੰਦਾ ਹੈ।

ਮਹਿੰਦਰ ਸਿੰਘ ਸਰਨਾ: (1923 ਤੋਂ 2001) ਵੱਲੋਂ ਰਚਿਤ 'ਪੀੜਾਂ ਮੱਲੇ ਰਾਹ'। 'ਕਾਗਾਂ ਦੇ ਕੰਢੇ' ਹਰਮਨ ਪਿਆਰੇ ਨਾਵਲ ਹਨ। ਪਰ ਇਹ ਲੇਖਰ ਕਹਾਣੀਕਾਰ ਦੇ ਤੌਰ ਤੇ ਵਧੇਰੇ ਮਕਬੂਲ ਹੈ।

ਗੁਰਦਿਆਲ ਸਿੰਘ ਦੇ ਆਗਮਨ ਨਾਲ (1939) ਪੰਜਾਬੀ ਯਥਾਰਥਵਾਦੀ ਨਾਵਲਾਂ ਵਿੱਚ ਇੱਕ ਨਵਾਂ ਮੋੜ ਆਉਂਦਾ ਹੈ। 'ਮੜ੍ਹੀ ਦੀ ਦੀਵਾ' ਉਸਦਾ ਪਹਿਲਾ ਨਾਵਲ ਸੀ। 'ਅੱਧ ਚਾਣਨੀ ਰਾਤ', 'ਅੰਨ੍ਹੇ ਘੋੜੇ ਦਾ ਦਾਨ' ਪ੍ਰਸਿੱਧ ਨਾਵਲ ਹਨ। ਆਪ ਦੇ ਦੋ ਨਾਵਲ ਉਪਰ ਫਿਲਮਾਂ ਬਣ ਚੁੱਕੀਆਂ ਹਨ। ਆਪ ਨੂੰ ਪਦਮ ਸ਼੍ਰੀ ਦੀ ਉਪਾਧੀ ਮਿਲ ਚੁੱਕੀ ਹੈ।

ਨਰਿੰਜਨ ਤਸਨੀਮ (1929) ਉਨ੍ਹਾਂ ਦੇ 'ਪਰਛਾਵੇਂ", 'ਕਸਕ', 'ਇੱਕ ਹੋਰ ਨਵਾਂ ਸਾਲ' ਵਿੱਚ ਇਸਤਰੀ ਦਾ ਮਾਨਸਿਕ ਪੱਖ ਵਿਅਕਤ ਹੋਇਆ ਹੈ।

ਪ੍ਰੋ. ਕ੍ਰਿਪਾਲ ਸਿੰਘ ਕਸੇਲ (1928) ਇੱਕ ਸਾਹਿਤਕ ਮੰਨੀ-ਪ੍ਰਮੰਨੀ ਸਖ਼ਸ਼ੀਅਤ ਹੈ ਜਿਨ੍ਹਾਂ ਨੇ ਕਿਸੇ ਖਾਸ ਪਰਿਸਥਿਤੀ ਅਧੀਨ ਹੋ ਕੇ 'ਵਾਰਡ ਨੰਬਰ ਦਸ' ਨਾਵਲ ਲਿਖਿਆ।

ਓਮ ਪ੍ਰਕਾਸ਼ ਗਾਸੋਂ (1933) ਉਨ੍ਹਾਂ ਨੇ ਸੁਪਨੇ ਤੇ ਸੰਸਕਾਰ, ਕਪੜਵਾਸ, ਆਸ ਪੱਥਰ, ਪੰਚਨਾਦ, ਮਿੱਟੀ ਦਾ ਮੁੱਲ, ਲੋਹੇ ਲਾਖੇ, ਇਨਾਮ, ਬੁੱਝ ਰਹੀ ਬੱਤੀ ਦਾ ਚਾਨਣ ਨਾਵਲ ਲਿਖੇ।

ਰਾਮ ਸਰੂਪ ਅਣਖੀ (1932-2010) ਰਾਮ ਸਰੂਪ ਅਣਖੀ ਆਪਣੇ ਵੱਡੇ ਅਕਾਰ ਦੇ ਨਾਵਲ 'ਕੋਠੇ ਖੜਕ ਸਿੰਘ' ਨਾਲ ਪ੍ਰਸਿੱਧ ਹੋਇਆ। 'ਦੁੱਲੇ ਦੀ ਢਾਬ' ਅਤੇ 'ਪਰਤਾਪੀ' ਉਨ੍ਹਾਂ ਦੇ ਪ੍ਰਸਿੱਧ ਨਾਵਲਾਂ ਵਿੱਚੋਂ ਹਨ।

ਸੁਖਵੀਰ (1925 ਤੋਂ 2012) ਸੁਖਵੀਰ ਇੱਕ ਸੁਚੇਤ ਲੇਖਕ ਹੈ। 'ਅੱਧੇ ਪੌਣੇ, 'ਪਾਣੀ ਤੇ ਪੁਲ', 'ਰਾਤ ਦਾ ਚਿਹਰਾ', 'ਸੜਕਾਂ ਤੇ ਕਮਰੇ, 'ਗਰਦਸ', 'ਕੱਚ ਦਾ ਸ਼ਹਿਰ' (ਬਾਲ ਨਾਵਲ), ਨਾਵਲ ਹਨ।

ਸ.ਸੋਜ਼ (1939-2008) ਪੱਛਮੀ ਤੇ ਪੂਰਬੀ ਦੋਵਾਂ ਸਾਹਿਤਾਂ ਦੀ ਜਾਣਕਾਰੀ ਰੱਖਣ ਵਾਲਾ ਜਾਗਰੁਕ ਸਾਹਿਤਕਾਰ ਹੈ। 'ਇੱਕ ਮਕਾਨ ਖਾਲੀ ਜਿਹਾ' ਪ੍ਰਤੀਕਾਤਮਕ ਨਾਵਲ ਹੈ।

ਜਸਦੇਵ ਸਿੰਘ ਧਾਲੀਵਾਲ ਨੇ 'ਪਿਆਰੇ ਬੇਵਫਾ ਨਹੀਂ", 'ਦਿਲ ਦੇ ਕੌਲ ਫੁੱਲ', 'ਅੰਨ੍ਹੀ ਗਲੀ ਦੇ ਰਾਹੀ' 'ਅੱਧੀ ਰਾਤ ਤੋਂ ਬਾਦ' ਜ਼ਿਕਰਯੋਗ ਨਾਵਲ ਲਿਖੇ।

ਮਿਤਰ ਸੈਨ ਮੀਤ (1952) ਇੱਕ ਵਿਲੱਖਣ ਹਸਤਾਖਰ ਹੈ। ਤਫ਼ਤੀਸ਼, ਕਟਹਿਰਾ, ਕੌਰਵ ਸਭਾ ਅਤੇ ਸੁਧਾਰ ਘਰ ਵਧੀਆ ਨਾਵਲ ਹਨ। ਸੁਧਾਰ ਘਰ ਉੱਪਰ ਉਨ੍ਹਾਂ ਨੂੰ ਸਾਹਿਤ ਅਕਾਦਮੀ ਪੁਰਸਕਾਰ (2008) ਮਿਲਿਆ ਤੇ ਭਾਰਤ ਸਰਕਾਰ ਵੱਲੋਂ ਤਿੰਨਾਂ ਦੇ ਹਿੰਦੀ ਅਨੁਵਾਦ ਨੂੰ ਗੋਵਿੰਦ ਬਲਵ ਪੰਤ ਪੁਰਤਕਾਰ ਵੀ ਮਿਲਿਆ ਹੋਇਆ ਹੈ।

ਕਰਮਜੀਤ ਸਿੰਘ ਕੁੱਸਾ (1954-1998) ਨੇ ਬੁਰਕੇ ਵਾਲੇ ਲੁਟੇਰੇ, ਰਾਤ ਦਾ ਰਾਹੀ, ਰੋਹੀ ਬੀਆਬਾਨ, ਅੱਗ ਦਾ ਗੀਤ, ਜ਼ਖ਼ਮੀ ਦਰਿਆ ਤੇ ਅਕਾਲ ਪੁਰਖੀ ਨਾਵਲਾਂ ਆਦਿ ਨਾਲ ਆਧੁਨਿਕ ਪੰਜਾਬੀ ਨਾਵਲਾਂ ਵਿੱਚ ਵਾਧਾ ਕੀਤਾ ਹੈ। ਸਮਾਜਿਕ ਟੁੱਟਦੇ ਰਿਸ਼ਤੇ, ਛੋਟੀ ਕਿਰਸਾਨੀ ਦੇ ਸਵੈ-ਅਭਿਆਨ ਨੂੰ ਇਨ੍ਹਾਂ ਵਿੱਚ ਬਿਆਨਿਆ ਗਿਆ ਹੈ।

ਉਪਰੋਕਤ ਸਭ ਤੋਂ ਇਲਾਵਾ ਹਰਨਾਮ ਦਾਸ

ਸਹਿਰਾਈ, ਮੋਹਨ ਕਾਹਲੋਂ ਕੇ, ਕੇ.ਕੇ.ਗਰਗ, ਡਾ. ਜੋਗਿੰਦਰ ਸਿੰਘ ਕੈਰੋਂ, ਅਵਤਾਰ ਸਿੰਘ ਬਿਲਿੰਗ, ਰਾਮ ਨਾਥ ਸ਼ੁਕਲਾ, ਡਾ. ਅਮਰਜੀਤ ਸਿੰਘ ਗੋਰਕੀ, ਗੁਰਮੁੱਖ ਸਿੰਘ ਸਹਿਗਲ, ਬੀ.ਐਸ.ਵੀਰ, ਐਸ.ਸਾਕੀ, ਸਤਿੰਦਰ ਸਿੰਘ ਨੰਦਾ, ਗੁਲਜਾਰ ਸਿੰਘ ਸੰਧੂ, ਕਰਮਜੀਤ ਸਿੰਘ ਔਜਲਾ, ਸਵਰਗੀ ਜਗਦੀਸ਼ ਚੰਦਰ, ਜਸਵੰਤ ਸਿੰਘ ਵਿਰਦੀ, ਅਜੀਤ ਕੌਰ, ਬਲਜੀਤ ਬਲੀ, ਚੰਦਨ ਨੇਗੀ, ਬਚਿੰਤ ਕੌਰ, ਡਾ. ਕੁਲਵਿੰਦਰ ਮਿਨਹਾਸ ਆਦਿ ਨਾਵਲਕਾਰ ਵੀ ਨਾਵਲ ਜਗਦ ਵਿੱਚ ਮਹੱਤਵਪੂਰਨ ਸਥਾਨ ਰੱਖਦੇ ਹਨ।

ਸੁਤੰਤਰਤਾ ਕਾਲ ਦੇ ਕੁੱਝ ਹੋਰ ਵਰਣਨਯੋਗ ਨਾਵਲਕਾਰ

ਦਲੀਪ ਸਿੰਘ ਵਾਜਨ (1937) – ਵਾਸਨ ਦੇ ਦੋ ਨਾਵਲ 'ਸੋਢੀਆਂ ਦਾ ਫਾਰਮ' ਤੇ 'ਹੜਤਾਲ' ਦਿੱਤੇ ਹਨ ਜਿੰਨ੍ਹਾਂ ਨੂੰ ਆਦਰਵਾਦੀ ਨਾਵਲਕਾਰ ਹੈ।

ਸ.ਸ.ਕਿਸ਼ਨਪੁਰੀ (1931) ਦੇ ਨਾਵਲ 'ਸੰਘਰਸ਼' ਅਤੇ ਮੰਜ਼ਲ' ਲਿਖੇ ਹਨ।

ਗੁਰਮੁਖ ਸਿੰਘ ਜੀਤ (1922–1993) (ਮ੍ਰਿਗ ਤ੍ਰਿਸ਼ਨਾ)

ਮਨਜੀਤ ਸਿੰਘ ਰਾਣਾ –'ਧਰਤੀ ਦੇ ਵਾਰਸ', 'ਅੰਗਰੇਜ਼ ਕੁੜੀਆਂ', 'ਦਲੇ ਤੇ ਦੁਨੀਆਂ', 'ਮੇਰਾ ਰੂਪ ਮੇਰਾ ਨੂਰ' ਨਵੇਂ ਵਿਸ਼ਿਆਂ ਵਾਲੇ ਨਾਵਲ ਹਨ।

ਬਲਦੇਵ ਸਿੰਘ – ਪੰਜਵਾਂ ਸਾਹਿਬਜ਼ਾਦਾ, ਅੰਨਦਾਤਾ, ਢਾਹਵਾਂ ਦਿੱਲੀ ਦੇ ਕੀਂਗਰੇ ਮਹਾਂਬਲੀ ਸੂਰਾ ਵਿਸ਼ੇਸ਼ ਵਰਣਣਯੋਗ ਨਾਵਲ ਹਨ।

ਕੰਵਲ ਸਿੰਘ ਕਲਸੀ, ਬਲਵੀਰ ਮੋਮੀ, ਸੁਰਜੀਤ ਹਾਂਸ, ਬਸੰਤ ਕੁਮਾਰ ਰਤਨ, ਇੰਦਰ ਸਿੰਘ ਖਾਮੋਸ਼, ਡਾ. ਮਹੀਪ ਸਿੰਘ, ਸਵਿੰਦਰ ਸਿੰਘ ਉੱਪਲ, ਸਵਰਨ ਚੰਚਲ, ਡਾ. ਬਲਜੀਤ ਕੋਰ ਬੱਲੀ, ਡਾ. ਸ਼ਰਨਜੀਤ, ਪਰਗਟ ਸਿੰਘ ਸਤੌਜ ਨੇ ਪੰਜਾਬੀ ਆਧੁਨਿਕ ਨਾਵਲ ਦੇ ਇਤਿਹਾਸ ਵਿੱਚ ਨਵੀਆਂ ਦਿਸ਼ਾਵਾਂ ਦੇ ਕੇ ਵੱਡਾ ਤੇ ਬਹੁਮੁੱਲਾ ਯੋਗਦਾਨ ਪਾਇਆ ਹੈ।

ਪੰਜਾਬੀ ਨਾਵਲ ਦਾ ਚੌਥਾ ਪੜਾਅ ਅੱਜ ਆਪਣੀ ਚੋਟੀ ਤੇ ਪੁੱਜ ਚੁੱਕਾ ਹੈ। ਜਿਨ੍ਹਾਂ ਨਾਵਲਕਾਰਾਂ ਨੇ ਇਕੀਵੀਂ ਸਦੀ ਦੇ ਸ਼ੁਰੂ ਵਿੱਚ ਪੰਜਾਬੀ ਸਾਹਿਤ ਵਿੱਚ ਪ੍ਰਵੇਸ਼ ਕੀਤਾ। ਉਨ੍ਹਾਂ ਵਿੱਚ ਪਰਗਟ ਸਿੰਘ ਸਤੌਜ ਇੱਕ ਵਿਸ਼ੇਸ਼ ਤੇ ਵਿਲੱਖਣ ਹਸਤਾਖ਼ਰ ਹੈ। ਉਸਨੂੰ ਇੱਕ ਅਜਿਹਾ ਨਾਵਲਕਾਰ ਕਿਹਾ ਜਾ ਸਕਦਾ ਹੈ ਜੋ ਦੇਰ ਨਾਲ ਨਾਵਲੀ–ਜਗਤ ਵਿੱਚ ਪ੍ਰਵੇਸ਼ ਕਰਦਾ ਹੈ ਪਰ ਕੁੱਲ ਚਾਰ ਨਾਵਲਾਂ ਭਾਗੂ (2009), ਤੀਵੀਆਂ (2012), ਖਬਰ ਇੱਕ ਪਿੰਡ ਦੀ (2016) ਅਤੇ ਨਾਚ ਫਰੋਸ਼ (2018) ਮੁਹੱਬਤ ਵੇਲਾ 2021 ਦੇ ਬਾਵਜੂਦ ਉਹ ਆਪਣੀ ਵਿਸ਼ੇਸ਼ ਪਹਿਚਾਣ ਬਣਾ ਚੁੱਕਾ ਹੈ। ਇਸ ਤੋਂ ਇਲਾਵਾ ਉਸ ਦੀਆਂ ਹੋਰ ਸਾਹਿਤਿਕ ਰਚਨਾਵਾਂ ਵਿੱਚ ਤੇਰਾ ਪਿੰਡ (ਕਾਵਿ ਸੰਗ੍ਰਿਹ) ਗਲਤ ਮਲਤ ਜ਼ਿੰਦਗੀ (ਕਹਾਣੀ ਸੰਪਾਦਿਤ – ਸੰਤਾਪ 1947 (ਕਹਾਣੀਆਂ) ਪੜ੍ਹਨ ਰੁੱਤ ਦੇ ਆਰ.ਪੱਥ (ਸੰਪਾਦਿਤ) (2019)

ਪਰਗਟ ਸਿੰਘ ਸਤੌਜ – ਨੌਜਵਾਨ ਪੀੜ੍ਹੀ ਦੀ ਪ੍ਰਤੀਨਿੱਧਤਾ ਕਰਨ ਵਾਲਾ ਪ੍ਰਤਿਭਾਸ਼ਾਲੀ ਲੇਖਕ ਹੈ। ਭਾਗੂ ਉਸਦਾ ਪਲੇਠਾ ਨਾਵਲ ਹੈ। ਇਸ ਨਾਵਲ ਦੀ ਕਹਾਣੀ ਪੇਂਡੂ ਪਿੱਠ ਭੂਮੀ ਤੇ ਨੌਜਵਾਨ ਮੁੰਡੇ ਕੁੜੀਆਂ ਦੇ ਬਣਦੇ–ਵਿਗੜਦੇ ਪ੍ਰੇਮ ਸੰਬੰਧਾਂ ਦੀ ਕਹਾਣੀ ਹੈ। ਇਨ੍ਹਾਂ ਪ੍ਰੇਮ ਸੰਬੰਧਾਂ ਨੂੰ ਪ੍ਰਭਾਵਿਤ ਕਰਦੀਆਂ ਸਮਾਜਿਕ ਆਰਥਿਕ ਤੇ ਸੱਭਿਆਚਾਰਕ ਸਥਿਤੀਆਂ–ਪ੍ਰਸਥਿਤੀਆਂ ਬਿਆਨ ਹੁੰਦੀਆਂ ਹਨ। ਪਰਗਟ ਸਿੰਘ ਆਪਣੀ ਰਚਨਾ ਪ੍ਰਕਿਰਿਆ ਸਾਂਝੀ ਕਰਦਾ ਕਹਿੰਦਾ ਹੈ, 'ਨਾਵਲ ਲਿਖਣ ਤੋਂ ਪਹਿਲਾਂ ਕੋਈ ਅਜਿਹੀ ਘਟਨਾ ਦਿਮਾਗ਼ ਵਿੱਚ ਆਉਂਦੀ ਹੈ ਜੋ ਵਾਰ–ਵਾਰ ਆਪਣੇ ਵੱਲ ਖਿੱਚਦੀ ਹੈ ਤਾਂ ਮੈਂ ਉਸ ਬਾਰੇ ਸੋਚਣ ਲੱਗਦਾ ਹਾਂ। ਉਹ ਸਹੀ ਨਿਆਂ ਬੱਧੀ ਮੇਰੇ ਦਿਮਾਗ਼ ਵਿੱਚ ਪੱਕਦੀ ਨਾਵਲੀ ਰੂਪ ਲੈਂਦੀ ਰਹਿੰਦੀ ਹੈ।

ਸਤੌਜ ਦਾ ਤੀਜਾ ਨਾਵਲ 'ਖ਼ਬਰ ਇੱਕ ਪਿੰਡ ਦੀ' ਹੈ ਜਿਸਨੂੰ ਢਾਹਾਂ ਇੰਦਰ ਨੈਸ਼ਨਲ ਪੁਰਸਕਾਰ ਕੈਨੇਡਾ ਵੱਲੋਂ ਦਿੱਤਾ ਗਿਆ। ਇਹ ਨਾਵਲ ਵਿੱਚ ਨਸ਼ਾ ਸੰਕਟ, ਖੇਤੀ ਸੰਕਟ, ਪਾਣੀ ਸੰਕਟ ਬੇਰੁਜ਼ਗਾਰੀ, ਗਰੀਬੀ ਅਤੇ ਹਿੰਸਾ ਜਿਹੇ ਅਨੇਕ ਵਿਸ਼ਿਆਂ ਨੂੰ ਸਮੇਟਦਾ ਹੋਇਆ ਵਿਸ਼ਾਲ ਕੈਨਵਸ ਦੀ ਉਸਾਰੀ ਕਰਦਾ ਹੈ।

ਚੌਥਾ ਨਾਵਲ 'ਨਾਚਫਰੋਸ਼' ਵਿਆਹਾਂ ਸ਼ਾਦੀਆਂ ਅਤੇ ਹੋਰ ਪ੍ਰੋਗਰਾਮਾਂ ਵਿੱਚ ਡੀ.ਜੇ. ਆਰਕੈਸਟਰ ਗਰੁੱਪਾਂ ਨਾਲ ਨੱਚਦੀਆਂ ਕੁੜੀਆਂ ਦੇ ਜੀਵਨ ਦੇ ਅਣਕਿਆਸੀ ਯਥਾਰਤ ਦਾ ਨਾਵਲੀ ਬਿਰਤਾਂਤ ਹੈ। ਸੈਕਸ, ਸਿਗਰੇਟ, ਸ਼ਰਾਬ, ਨਜਾਇਜ਼ ਦੰਗੇ, ਨਸ਼ੇ, ਗਾਲ੍ਹਾਂ, ਬੇਬਨੀਆਂ ਆਦਿ ਇਸ ਨਾਵਲ ਦਾ ਆਧਾਰ ਹੈ।

ਨਾਚਫਰੋਸ਼ ਬਾਰੇ ਇੱਕ ਟਿੱਪਣੀ ਹੈ, ''ਨਾਚਫਰੋਸ਼ ਨਾਵਲ ਪਰਗਟ ਸਿੰਘ ਸਤੌਜ ਦੁਆਰਾ ਲਿਖਿਆ ਹੈ। ਲੇਖਕ ਦੀਆਂ ਪੁਸਤਕਾਂ ਦੀ ਗਿਣਤੀ ਬੇਸ਼ਕ ਹਾਲੇ ਥੋੜ੍ਹੀ ਹੈ ਪਰ ਜਿੰਨੀਆਂ ਵੀ ਪੁਸਤਕਾਂ ਹਨ ਉਹ ਬਹੁਤ ਹੀ ਕਾਬਿਲੇ–ਏ–ਤਰੀਫ਼ ਹਨ। ਅਜਿਹਾ ਹੀ ਇੱਕ ਨਾਵਲ ਨਾਚਫਰੋਸ਼ ਹੈ ਜੋ ਹਾਲੇ ਹੀ ਪਾਠਕਾਂ ਸਾਹਮਣੇ ਰੂਬਰੂ ਹੋਇਆ ਹੈ। ਇਸ ਨਾਵਲ ਵਿੱਚ ਲੇਖਕ ਨੇ ਉਨ੍ਹਾਂ ਨੌਜਵਾਨ ਮੁੰਡੇ ਕੁੜੀਆਂ ਦਾ ਨੰਗਾ ਸੱਚ ਪੇਸ਼ ਕੀਤਾ ਹੈ ਜੋ ਇਸ ਆਰਕੈਸਟਰਾਂ ਲਾਈਨ ਨਾਲ ਜੁੜੇ ਹੋਏ ਹਨ।''

''ਨਾਵਲ ਆਧੁਨਿਕ ਸਾਹਿਤ ਦਾ ਸਭ ਤੋਂ ਮਹੱਤਵਪੂਰਨ ਵਿਸ਼ਾ ਹੈ। ਵੈਸੇ ਤਾਂ ਸਾਹਿਤ ਦੀ ਹਰੇਕ ਵਿਧਾ ਆਪਣੀ ਵਿਲੱਖਣਤਾ ਤੇ ਰੂਪਕ ਭਿੰਨਤਾ ਕਰਕੇ ਇੱਕ ਦੂਸਰੀ ਤੋਂ

## ਸਾਵਧਾਨ / ਬਲਵਿੰਦਰ ਸਿੰਘ ਭੱਟੀ



ਕਿਸਾਨ ਅੰਦੋਲਨ
ਜੋ ਜਿੱਤਿਆ ਹੈ
ਦਿਲ ਅਤੇ ਦਿਮਾਗ ਦੇ
ਉਪਜਾਊ ਖੇਤਾਂ ਚ ਉਗਿਆ
ਏਕਾ ਹੈ।
ਜਿਸਨੇ ਪੱਥਰ ਜਿਹੇ
ਜਾਬਰ ਤੇ ਬੋਲ਼ੇ ਬੁੱਤ ਨੂੰ
ਏਕੇ ਦੀ ਪੱਕੀ ਫ਼ਸਲ ਨਾਲ
ਝੁਕਾ ਕੇ
ਰੜੇ ਮੈਦਾਨ ਖੜਾ
ਕਰ ਲਿਆ ਹੈ।
ਖੇਤਾਂ ਦੇ ਪੁੱਤਰ ਤੇ ਪੋਤਰੇ
ਰਲ ਕੇ ਸੰਘਰਸ਼ ਦੇ
ਸਿਆੜਾਂ 'ਚ
ਇੱਕ ਇੱਕ ਕਰਕੇ
ਸੱਤ ਸੋ ਪੰਜਾਹ ਬੀਜ,
ਬੀਜ ਚੁੱਕੇ ਹਨ।
ਬੀਜ ਬੀਜਦੇ
ਪਰ ਜਦ ਕੋਈ ਬੀਜ
ਧਰਤ 'ਚ ਹੀ ਰਹਿ ਜਾਂਦਾ
ਤਾਂ ਉਹ ਸੀਅ ਤੱਕ ਨਾ ਕਰਦੇ।
ਏਕੇ ਦੀ ਫ਼ਸਲ
ਪਪੀਤੇ ਦੇ ਬੂਟੇ ਵਾਂਗੂੰ
ਨਰ ਅਤੇ ਮਾਦਾ ਦੇ
ਸਾਥ ਅਤੇ ਸਾਂਝ ਨਾਲ
ਲਹਿਰਾਉਂਦੀ ਤੇ
ਲਹਿ-ਲਹਾਉਂਦੀ ਰਹੀ।
ਅਧਰਮੀ ਰਾਜੇ ਦੇ
ਅਹਿਲਕਾਰਾਂ ਨੇ
ਕੂੜ ਦਾ ਟੋਕਰਾ
ਸਿਰਾਂ ਤੇ ਲੱਦ ਕੇ
ਬਹੁਤ ਢੰਡੋਰਾ ਪਿੱਟਿਆ
ਪਰ ਕੋਈ ਵੀ
ਇਸ ਵਿਉਪਾਰ ਵਿੱਚ
ਸਫ਼ਲ ਨਾ ਹੋ ਸਕਿਆ।
ਭਾਵੇਂ ਮੱਕਾਰ ਰਾਜੇ ਨੇ ਵੀ
ਆਪਣੇ ਰੱਥ ਦੇ ਹਰ ਪਹੀਏ
ਨਾਲ਼ ਵੀ ਝੂਠ ਤੇ ਸਾਜਿਸ਼ ਦਾ
ਛੁਣਛੁਣਾ ਬੰਨ ਕੇ
ਰੱਖਿਆ ਹੋਇਆ ਸੀ।
ਸੱਚ ਅਤੇ ਏਕੇ ਨੇ
ਝੂਠ ਦੇ ਬਲਵਾਨ
ਭਲਵਾਨ ਨੂੰ ਚਿੱਤ ਕਰਕੇ
ਰੱਖ ਦਿੱਤਾ।

ਹੁਣ ਭਲਵਾਨ ਝੂਠ ਦਾ
ਜ਼ਖ਼ਮੀ ਸੱਪ ਵਾਂਗ
ਅਜੇ ਵੀ ਅੰਦਰੋਂ ਅੰਦਰੀ
ਵਿਸ ਘੋਲ ਰਿਹਾ ਹੈ।
ਡੰਗ ਤੋਂ ਸਾਵਧਾਨ
ਜੰਗ ਤੋਂ ਸਾਵਧਾਨ ਰਹਿਣਾ।

ਨਿਖੇੜਾ ਸਥਾਪਿਤ ਕਰਦੀ ਹੈ। ਨਾਵਲ ਸਾਹਿਤ ਦਾ ਅਜਿਹਾ ਰੂਪ ਜਾਂ ਵਿਸ਼ਾ ਹੈ ਜਿਸ ਵਿੱਚ ਮਨੁੱਖੀ ਜੀਵਨ ਦਾ ਵਿਸਥਾਰਪੂਰਵਕ ਵਿਸ਼ਲੇਸ਼ਣ ਸੰਭਵ ਹੈ। ਸਾਹਿਤ ਦੀ ਹੋਰ ਕੋਈ ਵਿਧਾ ਇਸਦਾ ਪ੍ਰਗਟਾਵਾ ਨਹੀਂ ਕਰ ਸਕਦੀ। ਇਸ ਵਿਧਾ ਦੀ ਵਿਸ਼ੇਸ਼ਤਾ ਹੈ ਕਿ ਇਹ ਸਮੇਂ ਦੇ ਨਾਲ-ਨਾਲ ਬਦਲਦੀ ਰਹੀ ਹੈ। ਜੇਕਰ ਅਸੀਂ ਭਾਰਤ ਵਿੱਚ ਪ੍ਰਾਪਤ ਵਿਭਿੰਨ ਭਾਸ਼ਾਵਾਂ ਵਿੱਚ ਪ੍ਰਾਪਤ ਨਾਵਲ ਦੀ ਗੱਲ ਕਰੀਏ ਤਾਂ ਇਸ ਰਾਰੇ ਕਈ ਤਰ੍ਹਾਂ ਦੇ ਵਿਚਾਰ ਮਿਲਦੇ ਹਨ। ਇਹੀ ਗੱਲ ਪੰਜਾਬੀ ਨਾਵਲ ਬਾਰੇ ਕਹੀ ਜਾ ਸਕਦੀ ਹੈ।

### ਹਵਾਲੇ ਤੇ ਟਿੱਪਣੀਆਂ


1. ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ : ਪ੍ਰੋ. ਕਿਰਪਾਲ ਸਿੰਘ ਕਸੇਲ, ਡਾ. ਪਰਮਿੰਦਰ ਸਿੰਘ
2. ਰਾਮ ਸਰੂਪ ਅਣਖੀ ਦੇ ਨਾਵਲਾਂ ਦਾ ਔਰਤ ਮਰਦ ਸੰਬੰਧ ਅਧਿਐਨ (ਭੂਮਿਕਾਸ਼, ਸ਼੍ਰੀਮਤੀ ਇੰਦਰਜੀਤ ਕੌਰ।
3. ਪਰਗਟ ਸਿੰਘ ਸਤੌਜ ਦਾ ਨਾਵਲ ਜਗਤ : ਕੁਲਦੀਪ ਸਿੰਘ


### ਆਧੁਨਿਕ ਸਾਹਿਤ ਦੀ ਉਤਪਤੀ ਤੇ ਵਿਕਾਸ


1. ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ- ਪ੍ਰੋ: ਕਿਰਪਾਲ ਸਿੰਘ ਕਸੇਲ, ਡਾ. ਪਰਮਿੰਦਰ ਸਿੰਘ
2. ਸਮੀਖਿਆ ਸਿਧਾਂਤ, ਗੋਵਿੰਦ ਤ੍ਰਿਗਵਾਇਤ
3. ਪਰਗਟ ਸਿੰਘ ਸਤੌਜ ਦਾ ਨਾਵਲ ਜਗਤ
4. ਪੰਜਾਬੀ ਨਾਵਲ : ਸੁਰਜੀਤ ਸਿੰਘ
5. ਪੰਜਾਬੀ ਨਾਵਲ: ਵਿਸ਼ੇ ਤੇ ਵਿਚਾਰ ਉੱਪਲ, ਸਵਿੰਦਰ ਸਿੰਘ
6. ਪੰਜਾਬੀ ਨਾਵਲ ਪਿਆਰ ਸਿੰਘ
7. ਨਾਵਲ ਸਾਸ਼ਤਰ ਤੇ ਪੰਜਾਬੀ ਨਾਵਲ: ਦਵੇਜ਼ਵਰ, ਸੁਰਿੰਦਰ ਕੁਮਾਰ
8. ਪੰਜਾਬੀ ਨਾਵਲ ਅਧਿਐਨ, ਵਿਨੋਦ.ਟੀ.ਆਰ.



**ਰਿਸਰਚ ਸਕਾਲਰ**
**ਪੰਜਾਬੀ ਵਿਭਾਗ**
**ਦੇਸ਼ ਭਗਤ ਯੂਨੀਵਰਸਿਟੀ, ਗੋਬਿੰਦਗੜ੍ਹ**

ਲੋਕ ਨਾਟ-ਰੂਪ ਵਿਚ ਕਿਸੇ ਜਨ-ਸਮੂਹ ਦੀਆਂ ਭਾਵਨਾਵਾਂ ਤੇ ਅਨੁਭਵਾਂ ਨੂੰ ਪ੍ਰਗਟਾਇਆ ਜਾਂਦਾ ਹੈ। ਇਹ ਮੌਖਿਕ ਰੂਪ ਵਿਚ ਪਰੰਪਰਕ ਨਾਟ ਸ਼ੈਲੀ (ਸੰਗੀਤ ਸ਼ੈਲੀ, ਰਾਸ ਸ਼ੈਲੀ, ਗਿੱਧਾ ਸ਼ੈਲੀ, ਸੰਗੀਤ ਸ਼ੈਲੀ, ਚਮੋਟਾ-ਪਟਾਕਾ ਸ਼ੈਲੀ) ਅਤੇ ਬੱਝੀ-ਬਝਾਈ ਨਾਟ-ਪਰੰਪਰਾ ਵਿਚ ਵਰਗੀਕ੍ਰਿਤ ਹੋ ਕੇ ਖੁੱਲ੍ਹੇ ਲੋਕ-ਪਿੜ ਵਿਚ ਪ੍ਰਸਤੁਤ ਹੁੰਦਾ ਹੈ। ਲੋਕ ਨਾਟ-ਰੂਪਾਂ ਵਿਚ ਸਰਵ ਪ੍ਰਮਾਣਿਤ ਲੋਕਧਾਰਾਈ ਸਮੱਗਰੀ ਨੂੰ ਕਥਾਨਕ ਬਣਾਇਆ ਜਾਂਦਾ ਹੈ। ਇਸ ਕਥਾਨਕ ਦਾ ਪ੍ਰਮੁੱਖ ਉਪਦੇਸ਼ ਜਨ-ਸਮੂਹ ਨੂੰ ਕੋਈ ਸਭਿਆਚਾਰਕ ਉਪਦੇਸ਼ ਜਾਂ ਸਿੱਖਿਆ ਦੇਣਾ ਹੁੰਦਾ ਹੈ। ਇਸੇ ਲਈ ਇਸ ਵਿਚ ਲੋਕ-ਮਨ ਦਾ ਵਧੇਰੇ ਪ੍ਰਗਟਾਵਾ ਹੁੰਦਾ ਹੈ। ਪੰਜਾਬੀ ਲੋਕ ਨਾਟ ਪਰੰਪਰਾ ਦੇ ਖੇਤਰ ਵਿਚ ਜਲਸਾ ਲੋਕ ਗਾਇਕੀ, ਲੋਕ ਨਾਟ, ਲੋਕ ਨ੍ਰਿਤ ਅਤੇ ਲੋਕ ਗਥਾਵਾਂ ਦੀ ਸਾਂਝੀ ਪ੍ਰਦਰਸ਼ਨੀ ਨਾਟ ਵਿਧਾ ਵਜੋਂ ਮਕਬੂਲ ਹੈ। ਲੋਕ ਨਾਟ-ਰੂਪ 'ਜਲਸੇ' ਦੀ ਨਾਟ-ਵਸਤੂ ਦਾ ਨਾਟਕੀ ਸੰਚਾਲਨ ਗਦ-ਪਦ ਦੇ ਸਾਂਝੇ ਸੁਮੇਲ ਵਿਚ ਬੋਲੀ, ਬੈਂਤ, ਦੋਹਰਾ, ਕੋਰੜਾ, ਵਾਰਤਕ-ਨਸਰ, ਲੋਕ ਵਾਦਨ, ਨ੍ਰਿਤ ਅਤੇ ਨਾਟਕੀ ਅਦਾਵਾਂ ਦੇ ਰੂਪ ਵਿਚ ਕੀਤਾ ਜਾਂਦਾ ਹੈ। 'ਜਾਗੋ' ਦੇਖਣ ਨੂੰ ਭਾਵੇਂ ਗਿੱਧੇ ਦਾ ਹੀ ਰੂਪ ਲੱਗਦੀ ਹੈ ਪਰੰਤੂ ਇਸ ਵਿਚਲੇ ਨਾਟਕੀ ਤੱਤ ਅਤੇ ਸੰਰਚਨਾ ਇਸ ਨੂੰ ਲੋਕ ਨਾਟਕ ਨਿਰਧਾਰਿਤ ਕਰਦੇ ਹਨ। ਜਾਗੋ ਨਾਟ ਔਰਤਾਂ ਦੀ ਅਧੀਨਗੀ ਮੰਨਣ ਵਾਲੇ ਮਰਦਾਂ 'ਤੇ ਮਖੌਲਾਂ ਵਿਅੰਗ ਕਰਨ ਵਾਲਾ ਤੀਵੀਆਂ ਦਾ ਇਕ ਟੋਲਾ ਪ੍ਰਤੀਤ ਹੁੰਦਾ ਹੈ ਜੋ ਵਿਅੰਗ-ਮੇਹਣੇ ਆਦਿ ਰਾਹੀਂ ਔਰਤ-ਮਰਦ ਦੀ ਘਰੋਗੀ ਜੀਵਨ-ਜਾਚ ਨੂੰ ਰੂਪਮਾਨ ਕਰਦਾ ਹੈ। ਜਾਗੋਂ ਕਿਉਂਕਿ ਰਾਤਾਂ ਨੂੰ ਪਿੰਡ ਦੀ ਪਹਿਰੇਦਾਰੀ ਕਰਨ ਨਾਲ ਜੁੜਿਆ ਹੋਇਆ ਨਾਟ-ਰੂਪ ਹੈ। ਇਸ ਲਈ ਜਾਗੋ ਕੱਢਣ ਵਾਲੀਆਂ ਔਰਤਾਂ ਦਾ ਟੋਲਾ ਹਾਸ-ਵਿਅੰਗ, ਨਕਲ, ਸਾਂਗ ਅਤੇ ਜਲੂਸ-ਝਾਕੀ ਰਾਹੀਂ ਸ਼ਰੀਕੇ-ਕਬੀਲੇ ਦੇ ਲੋਕਾਂ ਨੂੰ ਜਾਗਦੇ ਰਹਿਣ ਲਈ ਉਤਸੁਕ ਕਰਦਾ ਹੈ। ਲੋਕ ਨਾਟ-ਰੂਪ 'ਗਿੱਧਾ' ਔਰਤਾਂ ਦੀ ਜ਼ੋਰਦਾਰ ਸਰੀਰਕ ਸ਼ਕਤੀ ਦਾ ਮੁਜ਼ਾਹਰਾ ਕਰਨ ਵਾਲੀਆਂ ਭਾਰੀਆਂ ਸਰੀਰਕ ਮੁਦਰਾਵਾਂ ਅਤੇ ਜੋਸ਼ੀਲੇ ਵੇਗ ਕਾਰਨ ਵੱਖਰਾ ਹੀ ਪਛਾਣਿਆ ਜਾਂਦਾ ਹੈ। ਇਸ ਨਾਚ ਦੇ ਨਾਟਕੀ ਵੇਗ ਨੂੰ ਕੁੜੀਆਂ ਦੀਆਂ ਪ੍ਰਸ਼ਨੋਤਰੀ ਬੋਲੀਆਂ ਦੀ ਉੱਚੀ ਹੇਕ, ਢੋਲਕੀ ਦੀ ਤਾਲ, ਸੀਟੀਆਂ, ਤਾੜੀਆਂ ਅਤੇ ਬੁਲਬੁਲੀਆਂ ਦੀ ਲੈਅ ਹੋਰ ਸ਼ਕਤੀ ਪ੍ਰਦਾਨ ਕਰਕੇ ਰੋਚਕ ਬਣਾਉਂਦੀ ਹੈ। ਜਦੋਂ ਲੋਕ ਨਾਟ-ਰੂਪ 'ਗਿੱਧੇ' ਦੀ ਪੇਸ਼ਕਾਰੀ ਔਰਤਾਂ ਵੱਲੋਂ ਸਮੂਹਿਕ ਰੂਪ ਵਿਚ ਨੱਚ ਕੇ ਕੀਤੀ ਜਾਂਦੀ ਹੈ ਤਾਂ ਇਹ ਨ੍ਰਿਤ ਰੂਪ ਹੈ। ਜਦੋਂ ਇਸ ਦੇ ਘੱਗਰੀ-ਪਿੜ ਵਿਚ ਕਿਸੇ ਘਟਨਾ ਨੂੰ ਨਾਟਕੀ ਢੰਗ ਨਾਲ ਪੇਸ਼ ਕੀਤਾ ਜਾਵੇ ਤਾਂ ਇਸ ਨੂੰ ਗਿੱਧਾ ਨਾਟਕ ਦਾ ਨਾਮ ਦਿੱਤਾ ਜਾਂਦਾ ਹੈ।

'ਮਰਦਾਂ ਦਾ ਗਿੱਧਾ' ਇਕ ਵਿਲੱਖਣ ਕਿਸਮ ਦਾ ਲੋਕ ਨਾਚਕੀ ਨਾਟ-ਰੂਪ ਹੈ। ਇਸ ਨੂੰ ਲੋਕ ਨਾਟ ਦੀ ਕਿਸੇ ਇਕ ਸ਼੍ਰੇਣੀ ਵਿਚ ਨਹੀਂ ਰੱਖਿਆ ਜਾ ਸਕਦਾ। ਇਸ ਵਿਚ ਨ੍ਰਿਤ ਨਾਟ, ਸੰਗੀਤ ਨਾਟ, ਗੀਤ ਨਾਟ, ਨੋਟੰਕੀ, ਨਕਲ ਅਤੇ ਜਲਸਾ ਆਦਿ ਕਲਾਵਾਂ ਦਾ ਸਮੂਹਿਕ ਰਲਾ ਹੈ। ਲੋਕ ਕਥਾਵਾਂ ਅਤੇ ਪ੍ਰੀਤ ਕਥਾਵਾਂ ਵਿਚੋਂ ਲੋੜੀਦੇਂ ਕਥਾ ਪ੍ਰਸੰਗ ਲੈ ਕੇ ਇਸ ਨੂੰ ਇਕ ਵੱਖਰੀ ਲੋਕ ਨਾਟ ਵੰਨਗੀ ਵਜੋਂ ਵੀ ਸੰਚਾਰਿਤ ਕੀਤਾ ਜਾ ਸਕਦਾ ਹੈ। ਇਸ ਲੋਕ ਨਾਚ ਵਿਚ ਕਥਾਨਕ, ਅਭਿਨੈ, ਸੁਰ, ਤਾਲ, ਗਦ-ਪਦ, ਨ੍ਰਿਤ, ਗੀਤ ਅਤੇ ਸੰਗੀਤ ਸਭ ਕੁਝ ਸ਼ਾਮਿਲ ਹੈ।

ਪੰਜਾਬ ਦੇ ਪਿੰਡਾਂ ਵਿਚ ਸ਼ਿਵ ਭਗਵਾਨ ਦੇ ਘੁਮੰਤਰੂ ਪ੍ਰੋਹਿਤਾਂ ਦੁਆਰਾ ਜੰਗਮ ਨਾਟ ਦੀ ਪੇਸ਼ਕਾਰੀ ਕੀਤੀ ਜਾਂਦੀ ਹੈ। ਇਹ ਘੁਮੰਤਰੂ ਟੋਲੇ ਆਪਣੀ ਵਿਲੱਖਣ ਵੇਸ-ਭੂਸ਼ਾ, ਗਾਇਨ ਕਲਾ ਅਤੇ ਕਾਵਿ ਸ਼ੈਲੀ ਵਿਚ ਆਪਣੀ ਨਾਟ ਕਲਾ ਦਾ ਪ੍ਰਦਰਸ਼ਨ ਕਰਦੇ ਹਨ। ਇਹ ਨਾਟਕੀ ਪ੍ਰਦਰਸ਼ਨ ਹੀ ਇਨ੍ਹਾਂ ਕਲਾਕਾਰਾਂ ਦੀ ਰੋਜ਼ੀ-ਰੋਟੀ ਦਾ ਸਾਧਨ ਬਣਦਾ ਹੈ। ਜਦੋਂ ਇਹ ਕਲਾਕਾਰ 'ਸ਼ਿਵ-ਪਾਰਵਤੀ ਵਿਆਹ' ਦਾ ਨਾਟਕੀ ਪ੍ਰਗਟਾਵਾ ਨੱਚ-ਗਾ ਕੇ ਕਰਦੇ ਹੋਏ ਭਿੱਖਿਆ ਮੰਗਦੇ ਹਨ ਤਾਂ ਅਜਿਹੀ ਸਥਿਤੀ ਵਿਚ ਗੀਤ, ਸੰਗੀਤ, ਦੁਆ, ਨ੍ਰਿਤ, ਵਾਰਤਾਲਾਪ, ਇਨਾਮ, ਦਰਸ਼ਕ, ਡਫ਼ਲੀ ਤੇ ਟੱਲੀ ਦੇ ਸੰਗੀਤਕ ਮਾਹੌਲ ਵਿਚ ਜੰਗਮਾਂ ਦੀ ਨਾਟ-ਕਲਾ ਲੋਕ-ਪਿੜ ਵਿਚ ਇਕ ਚੰਗੇ-ਖਾਸੇ ਨਾਟਕੀ ਨਜ਼ਾਰੇ ਦਾ ਪ੍ਰਭਾਵ ਸਿਰਜਦੀ ਹੈ। ਜੰਗਮਾਂ ਨੂੰ ਲਹਿਦੇ ਪੰਜਾਬ ਵਿਚ 'ਜਮਕੁ' ਕਿਹਾ ਜਾਂਦਾ ਹੈ। ਜੰਗਮ-ਜਮਕੂ ਨਾਟ ਦੇ ਸੰਬੰਧ ਵਿਚ ਡਾ. ਸੁਰਜੀਤ ਸਿੰਘ ਸੇਠੀ ਲਿਖਦੇ ਹਨ, "ਜਦੋਂ ਜਮਕੂ ਨਾਥਾਂ 'ਤੇ ਖ਼ੁਸ਼ ਹੋ ਕੇ ਲੋਕ ਖੈਰਾਤ ਦੇਂਦੇ ਸਨ ਤਾਂ ਜਮਕੂ ਨਾਥ ਗਾਉਣ ਦੇ ਨਾਲ ਨਾਲ ਨੱਚਣ ਵੀ ਲਗ ਪੈਂਦੇ ਸਨ। ਲੋਕ ਇਕੱਠੇ ਹੋ ਕੇ ਜਾਂਦੇ ਸਨ ਤੇ ਜਮਕੂ ਨਾਥ ਚੰਗਾ ਖਾਸਾ ਨਾਟਕੀ ਨਜ਼ਾਰਾ ਬੰਨ੍ਹ ਦੇਂਦੇ ਸਨ।"1 ਜੰਗਮ ਨਾਟ ਕਰਨ ਵਾਲਿਆਂ ਨੂੰ ਲੋਕ ਨਾਥ ਕਹਿ ਕੇ ਸਤਿਕਾਰ ਦਿੰਦੇ ਹਨ। ਜੰਗਮ-ਜਮਕੂ ਨਾਥ ਇਕ ਪਿੰਡ-ਸ਼ਹਿਰ ਤੋਂ ਦੂਸਰੇ ਪਿੰਡ-ਸ਼ਹਿਰ ਵਿਚ ਜਾ ਕੇ ਆਪਣੀ ਨਾਟ ਕਲਾ ਦਾ ਪ੍ਰਦਰਸ਼ਨ ਕਰਦੇ ਰਹਿੰਦੇ ਹਨ। ਜੰਗਮ ਸੰਨਿਆਸੀ ਜੋਗੀਆਂ ਦੀ ਅਜਿਹੀ ਸੰਪ੍ਰਦਾਇ ਹੈ ਜਿਨ੍ਹਾਂ ਨੂੰ ਭਗਵਾਨ ਸ਼ਿਵ ਦੇ ਪ੍ਰੋਹਿਤ ਮੰਨਿਆ ਗਿਆ ਹੈ। ਇਹ ਵੀ ਮੰਨਿਆ ਜਾਂਦਾ ਹੈ ਕਿ ਸ਼ਿਵ ਨੇ ਜੰਗਮਾਂ ਨੂੰ ਪੁਰਾਣ ਉਪਦੇਸ਼ ਅਤੇ ਪਵਿੱਤਰ ਗ੍ਰੰਥਾਂ ਵਿਚਲੇ ਗਿਆਨ ਨੂੰ ਆਮ ਲੋਕਾਂ ਦੀ ਭਾਸ਼ਾ ਵਿਚ ਗਾਉਣ ਦਾ ਆਦੇਸ਼ ਦਿੱਤਾ ਹੈ। ਇਸ ਪ੍ਰਸੰਗ ਵਿਚ ਜੰਗਮ ਸ਼ਿਵ ਦੀ ਆਗਿਆ ਦਾ ਪਾਲਣ ਕਰਦੇ ਹੋਏ ਗਤੀਮਾਨ ਹੋ ਕੇ ਸ਼ਿਵ ਭਗਤੀ ਦਾ ਪ੍ਰਚਾਰ ਕਰਦੇ ਆ ਰਹੇ ਹਨ। ਇਉਂ ਹੀ 'ਰਾਸ ਲੀਲ੍ਹਾ' ਧਾਰਮਿਕ ਨਾਟ ਹੈ। 'ਮੰਦਰ ਰਾਸ ਲੀਲ੍ਹਾ' ਜਿੱਥੇ ਧਰਮ ਪ੍ਰਚਾਰ ਨਾਲ ਜੁੜੀ ਹੋਈ ਹੈ ਉੱਥੇ 'ਰਾਸਧਾਰੀ ਰਾਸ ਲੀਲ੍ਹਾ' ਰਾਸਧਾਰੀਆਂ ਦੀ ਰੋਜ਼ੀ-ਰੋਟੀ ਦਾ ਸਾਧਨ ਹੈ।

ਪੁਤਲੀ ਨਾਟ ਵਿਚ ਬੀਰ ਜਾਂ ਪ੍ਰੇਮ-ਗਥਾਵਾਂ ਦੇ

ਨਾਲ-ਨਾਲ ਅਲੌਕਿਕ ਪਾਤਰਾਂ ਦੀਆਂ ਕਾਲਪਨਿਕ ਕਹਾਣੀਆਂ ਯਥਾਰਥਕ ਰੂਪ ਵਿਚ ਖੇਡੀਆਂ ਜਾਂਦੀਆਂ ਹਨ। ਪੰਜਾਬੀ ਜਨ-ਜੀਵਨ ਨੇ ਆਪਣੀਆਂ ਧਾਰਮਿਕ ਰੀਤਾਂ, ਅਨੁਸ਼ਠਾਨ, ਇਛਾਵਾਂ, ਲੋੜਾਂ ਅਤੇ ਸੁਰੱਖਿਆਵਾਂ ਆਦਿ ਦੀ ਪੂਰਤੀ ਲਈ ਅਨੇਕ ਰਸਮਾਂ-ਰਵਾਇਤਾਂ ਅਤੇ ਤਿੱਥਾਂ-ਤਿਉਹਾਰਾਂ ਦੀ ਸਿਰਜਣਾ ਕੀਤੀ ਹੈ। ਜਿਨ੍ਹਾਂ ਦੀ ਕਾਰਜ-ਪ੍ਰਣਾਲੀ ਅਤੇ ਮਨਾਉਣ ਵਿਧੀ ਵਿਚੋਂ ਕਈ ਪ੍ਰਕਾਰ ਦੀਆਂ ਨਾਟ ਕਲਾਵਾਂ ਹੋਂਦ ਵਿਚ ਆਈਆਂ ਹਨ। ਇਨ੍ਹਾਂ ਵਿਚੋਂ ਜਾਨ-ਮਾਲ ਦੀ ਸਰੁੱਖਿਆ ਅਤੇ ਜੀਵਨ ਦੀਆਂ ਲੋੜਾਂ ਨਾਲ ਜੁੜੇ ਇਕ 'ਸਾਲ-ਦਹਾਜਾ' ਨਾਮੀ ਰਸਮ ਦਾ ਜਨਮ ਹੋਇਆ ਹੈ। ਇਹ ਰਸਮ ਸੰਗੀਤ ਨਾਟਕੀ ਵਿਧੀਆਂ ਅਤੇ ਧਾਰਮਿਕ ਅਨੁਸ਼ਠਾਨਾਂ ਨੂੰ ਆਧਾਰ ਬਣਾ ਕੇ ਸਾਂਗ, ਤਮਾਸ਼ੇ, ਨਕਲ ਅਤੇ ਨ੍ਰਿਤ ਆਦਿ ਦੇ ਰੂਪ ਵਿਚ ਸੰਪੂਰਨ ਕੀਤੀ ਜਾਂਦੀ ਹੈ। ਧਾਰਮਿਕ ਅਨੁਸ਼ਠਾਨ ਸਾਲ-ਦਹਾਜਾਦੀ ਪੇਸ਼ਕਾਰੀ ਦਾ ਆਧਾਰ ਭਾਵੇਂ ਕੋਈ ਨਾਟ-ਵਸਤੂ ਤਾਂ ਨਹੀਂ ਬਣਦੀ ਪਰੰਤੂ ਫਿਰ ਵੀ ਇਸ ਦੀ ਕਾਰਜ-ਪ੍ਰਣਾਲੀ ਵਿਚ ਗੀਤ, ਸੰਗੀਤ, ਨ੍ਰਿਤ, ਨਕਲ, ਸਾਂਗ, ਲੋਕ ਧਰਮ, ਲੋਕ ਵਿਸ਼ਵਾਸ, ਲੋਕ ਅਨੁਸ਼ਠਾਨ ਅਤੇ ਲੋਕ ਮਾਨਤਾ ਆਦਿ ਪ੍ਰਮੁੱਖ ਵਿਧੀ ਦੇ ਰੂਪ ਕਾਰਜਸ਼ੀਲ ਰਹਿੰਦੇ ਹਨ। ਜੋ ਸਾਲ-ਦਹਾਜਾ ਨੂੰ ਲੋਕ ਧਰਮੀ ਨਾਟ ਦਾ ਸਰੂਪ ਪ੍ਰਦਾਨ ਕਰਦੇ ਹਨ।

ਪੰਜਾਬ ਦੀ ਲੋਕ ਨਾਟ ਪਰੰਪਰਾ ਵਿਚ 'ਖਿਉੜੇ' ਨਾਟ ਦਾ ਪ੍ਰਦਰਸ਼ਨ ਵਿਆਹ-ਸ਼ਾਦੀਆਂ ਉੱਤੇ ਵਰ-ਪੱਖ ਦੇ ਮਰਦਾਂ ਅਤੇ ਕੰਨਿਆ ਪੱਖ ਦੀਆਂ ਔਰਤਾਂ ਦੁਆਰਾ ਪ੍ਰਸ਼ਨੋਤਰੀ ਕਾਵਿ ਸੰਵਾਦ ਰਚਾ ਕੇ ਕੀਤਾ ਜਾਂਦਾ ਹੈ। ਇਸ ਪ੍ਰਸੰਗ ਵਿਚ 'ਖਿਉੜੇ' ਕਾਵਿ ਨਾਟ ਦੀ ਕੋਟੀ ਵਿਚ ਆਉਂਦਾ ਹੈ। ਖਿਉੜੇ ਨਾਟ ਦਾ ਪ੍ਰਸਤੁਤੀ ਵਿਧਾਨ ਵਰ-ਪੱਖ ਦੇ ਬਰਾਤੀਆਂ ਦਾ ਮਨੋਰੰਜਨ ਕਰਨ ਨਾਲ ਜੁੜਿਆ ਹੋਇਆ ਹੈ। ਇਹ ਨਾਟ ਰੂਪ ਪ੍ਰਸ਼ਨਾਂ-ਉੱਤਰਾਂ ਦੀ ਲੜੀ, ਹਾਸ-ਵਿਅੰਗ, ਮਸ਼ਕਰੀ ਅਤੇ ਸਾਂਗ ਸ਼ੈਲੀ ਦਾ ਅਨੂਠਾ ਸੰਗਮ ਹੈ, ਜੋ ਇਸ ਨੂੰ ਲੋਕ ਨਾਟਕ ਦਾ ਸਰੂਪ ਪ੍ਰਦਾਨ ਕਰਦੇ ਹਨ। ਲੋਕ ਨਾਟ-ਰੂਪ 'ਮਦਾਰੀ-ਜਮੂਰਾ' ਪੰਜਾਬ ਦੇ ਆਮ ਲੋਕਾਂ ਦੇ ਮਨੋਰੰਜਨ ਦਾ ਅਹਿਮ ਸਾਧਨ ਰਿਹਾ ਹੈ। ਮਦਾਰੀ ਭਾਵੇਂ ਆਪਣੀ ਕਲਾ ਦਾ ਪ੍ਰਦਰਸ਼ਨ ਜਾਦੂ ਸ਼ੈਲੀ ਵਿਚ ਕਰਦਾ ਹੈ ਪਰੰਤੂ ਇਹ ਨਿਰੋਲ ਜਾਦੂ ਨਹੀਂ ਹੁੰਦਾ। ਮਦਾਰੀ ਦੀ ਚੁਸਤੀਨੁਮਾ ਪੇਸ਼ਕਾਰੀ ਹੁੰਦਾ ਹੈ। ਮਦਾਰੀ ਆਪਣੀ ਬੋਧਿਕ ਕਲਾ ਕੌਸ਼ਲਤਾ ਨਾਲ ਕਿਸੇ ਨਾਟਕੀ ਕਥਾ ਦਾ ਸੰਚਾਲਨ ਕਰਦੇ ਹਨ। ਲੋਕ ਨਾਟ-ਰੂਪ 'ਨਕਲ' ਦੀਆਂ ਵਿਭਿੰਨ ਵੰਨਗੀਆਂ (ਟਿੱਚਰਾਂ, ਪਟੜੀਆਂ, ਡਰਾਮੇ, ਚਿਤਰਹਾਰ) ਪੰਜਾਬੀ ਸਭਿਆਚਾਰ ਦੇ ਅਨੇਕ ਪੱਖਾਂ ਨੂੰ ਹਾਸ-ਰਸ ਦੇ ਚਾਸ਼ਣੀ ਵਿਚ ਡਬੋ ਕੇ ਪ੍ਰਸਤੁਤ ਕਰਦੀਆਂ ਹਨ। ਪੰਜਾਬ ਵਿਚ ਰਹਿਣ ਵਾਲੇ ਵੱਖੋ-ਵੱਖ ਜਾਤਾਂ ਦੇ ਲੋਕ ਅਲੱਗ-ਅਲੱਗ ਤਰੀਕੇ ਨਾਲ ਵਿਆਹ-ਸ਼ਾਦੀਆਂ ਦੇ ਰਸਮ-ਰਿਵਾਜ ਕਰਦੇ ਹਨ। ਨਕਾਲ ਕਿਉਂਕਿ ਵਿਆਹ-ਸ਼ਾਦੀਆਂ ਵਿਚ ਨਕਲਾਂ ਖੇਡਣ ਜਾਂਦੇ ਹਨ। ਇਸ ਲਈ ਉਹ ਹਰ ਜਾਤ-ਬਰਾਦਰੀ ਦੇ ਵਿਆਹ ਦੀਆਂ ਰਸਮਾਂ ਦਾ ਅਜਿਹੇ ਢੰਗ ਪ੍ਰਗਟਾਵਾ ਕਰਦੇ ਹਨ ਕਿ ਜਿਨ੍ਹਾਂ ਦੇ ਸੰਚਾਲਨ ਵਿਚੋਂ ਹਾਸਾ ਪੈਦਾ ਹੁੰਦਾ ਹੈ। ਇਸ ਸੰਬੰਧ ਵਿਚ 'ਬਾਤੀਆਂ ਦਾ ਵਿਆਹ' ਪਟੜੀ ਵਿਚਾਰੀ ਜਾ ਸਕਦੀ ਹੈ। ਇਸ ਪਟੜੀ ਦੀ ਨਾਟ-ਵਸਤੂ ਪਹਾੜੀ ਲੋਕਾਂ ਦੇ ਵਿਆਹ ਸਮੇਂ ਕੀਤੇ ਜਾਂਦੇ ਰੀਤੀ-ਰਿਵਾਜਾਂ ਨੂੰ ਪੇਸ਼ ਕਰਦੀ ਹੈ। ਬਾਤੀ ਜਾਤ ਦੇ ਲੋਕ ਕਿਉਂਕਿ ਵਿਆਹ ਸਮੇਂ ਬਹੁਤੇ ਰਸਮ-ਰਿਵਾਜ ਨਹੀਂ ਕਰਦੇ। ਇਸ ਪਟੜੀ ਵਿਚ ਬਾਤੀਆਂ ਦੇ ਮੁੰਡੇ ਦੀ ਜੰਞ ਚੜ੍ਹਣ ਤੋਂ ਲੈ ਕੇ ਬਰਾਤ ਵਾਪਸ ਆਉਣ ਤੱਕ ਦੇ ਸ਼ਗਨਾਂ ਨੂੰ ਅਜੀਬੋ-ਗਰੀਬ ਢੰਗ ਵਿਚ ਅਭਿਵਿਅਕਤ ਕਰਕੇ ਹਾਸਾ ਪੈਦਾ ਕੀਤਾ ਜਾਂਦਾ ਹੈ। ਇਸੇ ਤਰ੍ਹਾਂ ਪਟੜੀ 'ਜੱਟ (ਚੌਧਰ ਸਿੰਘ) ਦਾ ਵਿਆਹ' ਦੇ ਵਸਤੂਗਤ ਪਾਸਾਰਾਂ ਵਿਚ ਜੱਟ-ਬਰਾਦਰੀ ਵੱਲੋਂ ਵਿਆਹ-ਸ਼ਾਦੀਆਂ ਦੌਰਾਨ ਸ਼ਰਾਬ ਪੀਣ ਦੇ ਢੰਗ-ਤਰੀਕਿਆਂ ਅਤੇ ਫਜ਼ੂਲ-ਖਰਚੀ ਕਰਨ ਦੇ ਜਾਤੀਗਤ ਸੁਭਾਅ ਦਾ ਮਖੌਲ ਉਡਾਇਆ ਜਾਂਦਾ ਹੈ। ਇਸ ਪਟੜੀ ਦੀ ਨਾਟ-ਵਸਤੂ ਤੋਂ ਸਪਸ਼ਟ ਹੁੰਦਾ ਹੈ ਕਿ ਜੱਟ ਕਿਵੇਂ ਸ਼ਾਹੂਕਾਰਾਂ ਤੋਂ ਕਰਜ਼ਾ ਲੈ ਕੇ ਬਾਦਸ਼ਾਹਾਂ ਵਾਂਗੂ ਦਾਨ ਕਰਦੇ ਹਨ। ਇਸ ਪਟੜੀ ਵਿਚ ਜੱਟ ਨੂੰ ਪੰਡਤ, ਬਾਣੀਆ, ਮਰਾਸੀ, ਨਾਈ, ਘੁਮਿਆਰ ਅਤੇ ਤਰਖਾਣ ਖੁਸ਼ਾਮਦਾਂ ਕਰਕੇ ਲੁੱਟਦੇ ਹਨਪਰੰਤੂ ਜੱਟ ਸ਼ਰਾਬ ਦੇ ਨਸ਼ੇ ਵਿਚ ਆਪਣੇ-ਆਪ ਨੂੰ ਬਾਦਸ਼ਾਹ ਸਮਝਣ ਕੇ ਸਭ ਕੁਝ ਦਾਨ ਕਰੀ ਜਾਂਦਾ ਹੈ। 'ਜੁਲਾਹੇ ਦਾ ਵਿਆਹ' ਪਟੜੀ ਵਿਚ ਇਕ ਜੁਲਾਹੇ ਦੇ ਵਿਆਹ ਦਾ ਦ੍ਰਿਸ਼ ਸਿਰਜਿਆ ਜਾਂਦਾ ਹੈ। ਇਸ ਪਟੜੀ ਦੀ ਪ੍ਰਸਤੁਤੀ ਦੌਰਾਨ ਨਕਾਲ ਪੰਜਾਬ ਦੇ ਮਾਲਵਾ ਖਿੱਤੇ ਵਿਚ ਰਹਿੰਦੇ ਜੁਲਾਹਿਆਂ ਦੀ 'ਸੱਸੇ' ਨੂੰ 'ਛੱਛਾ' ਜਾਂ 'ਸ਼ੱਸ਼ਾ' ਬੋਲਣ ਦੀ ਜਾਤੀਗਤ ਆਦਤ ਦਾ ਉਚਾਰਨ ਕਰਕੇ ਦਰਸ਼ਕਾਂ ਦਾ ਖੂਬ ਮਨੋਰੰਜਨ ਕਰਦੇ ਰਹੇ ਹਨ। ਇਸ ਸੰਬੰਧ ਵਿਚ ਡਾ. ਆਤਮ ਹਮਰਾਹੀ ਨੇ ਪਰੰਪਰਕ ਨਕਾਲ ਸਾਦਿਕ ਹੁਸੈਨ ਤੋਂ ਪ੍ਰਾਪਤ ਜਾਣਕਾਰੀ ਦਾ ਜ਼ਿਕਰ ਕਰਦੇ ਹੋਏ ਲਿਖਿਆ ਹੈ ਕਿ ''ਓਏ ਭਾਈ ਨੂਰੂ, ਓਏ ਭਾਈ ਖਿਦਰੀਆ, ਓਏ ਭਾਈ ਲਛਣੀਆਂ, ਯਜੋਂ ਅਸੀਂ ਚੱਲੇ ਨਾਂਹ,ਕੁੜੀ ਦਾ ਰਿਸ਼ਤਾ ਕਰਨ ਵਾਸਤੇ, ਸ਼ੜਕੋ-ਸ਼ੜਕ ਜਾਕੇ,ਖਾ ਕੇ ਸ਼ੱਕਰ-ਸ਼ੇਵੀਆਂ, ਸ਼ਰੀਂਹ ਦੀ ਸ਼ਾਵੇਂ ਸ਼ਾਵੇਂ,ਜਾ ਰਹੇ, ਤਾਂ ਰਾਹ 'ਚ ਮਿਲ ਗਿਆ ਸ਼ੱਪ। ਲੈ ਕੇ ਸ਼ਰੀਂਹ ਦੀਆਂ ਸ਼ਟੀਆਂ, ਸੀ ਸ਼ੱਤ ਮਾਰੀਆਂ।ਸ਼ੱਪ ਕਹਿੰਦਾ, ਸ਼ੂੰਅ-ਸ਼ੂੰਅ, ਸ਼ੂੰਅ-ਸ਼ਾਂਅ।''2

ਜਦੋਂ 'ਜੁਲਾਹੇ ਦਾ ਵਿਆਹ' ਪਟੜੀ ਵਿਚ ਜੁਲਾਹਾ ਆਪਣੀ ਵਹੁਟੀ ਨੂੰ ਲੈ ਕੇ ਤੁਰਨ ਲੱਗਦਾ ਹੈ ਤਾਂ ਉਸਦੀ ਵਹੁਟੀ ਆਪਣੇ ਪਿਓ ਦੇ ਗਲ ਲੱਗ ਕੇ ਰੋਣ ਲੱਗ ਜਾਂਦੀ ਹੈ। ਉਸਦੇ ਮਗਰ ਜੁਲਾਹਾ ਵੀ ਉੱਚੀ-ਉੱਚੀ ਰੋਣ ਲੱਗ ਪੈਂਦਾ ਹੈ। ਵਿਆਹੁਲੀ ਕੁੜੀ ਦੇ ਰਿਸ਼ਤੇਦਾਰ ਜੁਲਾਹੇ ਨੂੰ ਰੋਣ ਦਾ ਕਾਰਨ ਪੁੱਛਦੇ ਹਨ। ਜਿਸ ਦੇ ਉੱਤਰ ਵਿਚ ਜੁਲਾਹਾ ਜਵਾਬ ਦਿੰਦਾ ਹੈ

ਕਿ ਉਹ ਵਿਆਹ ਨਹੀਂ ਕਰਵਾਏਗਾ ਕਿਉਂਕਿ ਵਿਆਹੁਲੀ ਕੁੜੀ ਰੋਂਦੀ ਬਹੁਤ ਹੈ। 'ਦੋ ਦਰਾਂ ਦੀਆਂ ਵਧਾਈਆਂ/ਚਾਰ ਤਰ੍ਹਾਂ ਦੀਆਂ ਵਧਾਈਆਂ' ਪਟੜੀਆਂ ਵਿਚ ਦੋ-ਚਾਰ ਧਿਰਾਂ ਵੱਲੋਂ ਵੱਖਰੇ-ਵੱਖਰੇ ਅੰਦਾਜ਼ ਵਿਚ ਮਰਾਸੀਆਂ ਨੂੰ ਵਧਾਈਆਂ ਦੇਣ (ਇਨਾਮ) ਦੀ ਨਾਟ-ਵਸਤੂ ਦਾ ਸੰਚਾਲਨ ਕੀਤਾ ਜਾਂਦਾ ਹੈ। ਪਟੜੀ 'ਚਿੱਠੀ ਰਸੈਣ' ਦੀ ਨਾਟ-ਵਸਤੂ ਜਾਤੀਗਤ ਲਿਹਾਜ਼ ਨੂੰ ਉਭਾਰਦੀ ਹੋਈ ਸਪਸ਼ਟ ਕਰਦੀ ਹੈ ਕਿ ਕਿਵੇਂ ਇਕ ਜਾਤ ਦਾ ਅਫ਼ਸਰ ਆਪਣੀ ਹੀ ਜਾਤ ਦੇ ਚਿੱਠੀ ਰਸੈਣਾਂ ਨੂੰ ਭਰਤੀ ਕਰਦਾ ਹੈ। ਇਸ ਪਟੜੀ ਵਿਚ ਇਕ ਪਾਸੇ ਅਨਪੜ੍ਹ ਡਾਕੀਆ ਮਨੀਆਰਡਰ ਗਲਤ ਥਾਂ ਵੰਡ ਕੇ ਹਾਸਾ ਪੈਦਾ ਕਰਦਾ ਹੈ, ਦੂਜੇ ਪਾਸੇ ਕਸਾਈਆਂ ਦੀ ਚਿੱਠੀ ਬ੍ਰਾਹਮਣਾਂ ਦੇ ਘਰ ਅਤੇ ਬ੍ਰਾਹਮਣਾਂ ਦੀ ਚਿੱਠੀ ਕਸਾਈਆਂ ਦੇ ਘਰ ਵੰਡ ਕੇ ਹਸਾਉਣੀਆਂ ਸਥਿਤੀਆਂ ਸਿਰਜਦਾ ਹੈ। ਪਟੜੀ 'ਮੋਗੇ ਦੀਆਂ ਤੀਆਂ' ਵਿਚ ਨਕਾਲ ਜਲਸਾ ਨਾਟ ਦੇ ਪਾਤਰਾਂ ਵਾਂਗ ਅਸ਼ਲੀਲ ਬੋਲੀਆਂ ਉੱਤੇ ਕਾਮ ਉਤੇਜਕ ਨ੍ਰਿਤ ਕਰਕੇ ਦਰਸ਼ਕਾਂ ਦਾ ਮਨ-ਪ੍ਰਚਾਵਾਂ ਕਰਦੇ ਹਨ। 'ਹਾਫ਼ਿਜ਼' ਪਟੜੀ ਦੇ ਵਸਤੂਗਤ ਪਾਸਾਰ ਮਸੀਤ ਵਿਚ ਪੜ੍ਹਾਉਣ ਵਾਲੇ ਮੌਲਵੀ ਦੇ ਲਾਲਚੀ ਸੁਭਾਅ ਨੂੰ ਸਾਹਮਣੇ ਲਿਆਉਂਦੇ ਹਨ। ਇਹ ਮੌਲਵੀ ਮਸੀਤ ਵਿਚ ਆਪਣੇ ਸ਼ਗਿਰਦਾਂ ਨੂੰ ਪੜ੍ਹਾਉਂਦਾ ਘੱਟ ਹੈ ਪਰੰਤੂ ਉਨ੍ਹਾਂ ਤੋਂ ਚੀਜ਼ਾਂ ਦੀ ਮੰਗ ਵਧੇਰੇ ਕਰਦਾ ਹੈ। 'ਮੁਰੱਬੇ' ਪਟੜੀ ਵਿਚ ਖੇਤੀਬਾੜੀ ਦਾ ਕੰਮ ਕਰਨ ਤੋਂ ਅਣਜਾਨ ਜਾਤਾਂ ਦਾ ਮਖੌਲ ਉਡਾਇਆ ਜਾਂਦਾ ਹੈ। 'ਸੰਤ ਅਤੇ ਕਰਾਮਾਤੀ' ਪਟੜੀਆਂ ਦੇ ਵਸਤੂਗਤ ਪਾਸਾਰਾਂ ਵਿਚ ਅਖੌਤੀ ਸੰਤਾਂ ਅਤੇ ਕਰਾਮਾਤੀ ਸਾਧੂਆਂ ਦੇ ਘਿਣਾਉਣੇ ਕਿਰਦਾਰ ਨੂੰ ਬੇਪਰਦ ਕਰਕੇ ਹਾਸਾ ਉਭਾਰਿਆ ਜਾਂਦਾ ਹੈ।

ਉਕਤ ਵਿਸ਼ਲੇਸ਼ਣ ਤੋਂ ਸਪਸ਼ਟ ਹੁੰਦਾ ਹੈ ਕਿ ਪੰਜਾਬ ਦੇ ਲੋਕ ਨਾਟ-ਰੂਪ ਪੰਜਾਬੀ ਸਭਿਆਚਾਰ ਦੇ ਵਿਭਿੰਨ ਪਾਸਾਰਾਂ ਨੂੰ ਆਪਣੀ ਨਾਟ-ਵਸਤੂ ਬਣਾਉਂਦੇ ਹਨ। ਇਨ੍ਹਾਂ ਦੇ ਸਿਧਾਂਤਕ ਅਤੇ ਵਿਹਾਰਕ ਸਰੂਪ ਵਿਚੋਂ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਅਸਲ ਤਸਵੀਰ ਦ੍ਰਿਸ਼ਟੀਮਾਨ ਹੁੰਦੀ ਹੈ। ਸਮਕਾਲੀ ਸਮੇਂ ਪੰਜਾਬ ਦੇ ਲੋਕ ਨਾਟ-ਰੂਪਾਂ ਨੂੰ ਖੋਜ-ਕਾਰਜਾਂ ਦਾ ਵਿਸ਼ਾ ਬਣਾਉਣਾ ਅਤਿ ਜ਼ਰੂਰੀ ਜਾਪਦਾ ਹੈ।

**ਹਵਾਲਾ ਸੂਚੀ**


1. ਡਾ. ਸੁਰਜੀਤ ਸਿੰਘ ਸੇਠੀ, ਪੰਜਾਬ ਵਿਚ ਲੋਕ ਨਾਟਕ ਦੀ ਪਰੰਪਰਾ, (ਸੰਪਾ.), ਅਮਰਜੀਤ ਸਿੰਘ ਢਿੱਲੋਂ, ਪੰਜਾਬੀ ਲੋਕ ਸਾਹਿਤ : ਇਕ ਅਧਿਐਨ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987, ਪੰਨਾ-271

2. ਡਾ. ਆਤਮ ਹਮਰਾਹੀ, ਲੋਕਯਾਨਿਕ ਵਿਅੰਗਕਾਰੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1989, ਪੰਨਾ-457



**ਸੀਨੀਅਰ ਰਿਸਰਚ ਸਕਾਲਰ**
**ਪੰਜਾਬੀ ਵਿਭਾਗ,**
**ਪੰਜਾਬੀ ਯੂਨੀਵਰਸਿਟੀ, ਪਟਿਆਲਾ**


## ਅੰਬਰਸਰ ਬਨਾਮ ਲਹੌਰ / ਜਸਪਾਲ ਘਈ



ਲਹੌਰ ਸ਼ਹਿਰ ਮੇਰਾ ਮਾਜ਼ੀ ਵਸਦਾ,
ਅੰਬਰਸਰ ਮੇਰਾ ਵਸਦਾ ਹਾਲ।
ਲਹੌਰ ਸ਼ਹਿਰ ਪੁਰਖਿਆਂ ਦੀਆਂ ਮੜ੍ਹੀਆਂ,
ਅੰਬਰਸਰ ਮੇਰੇ ਖੇਡਣ ਬਾਲ।
ਲਹੌਰ ਸ਼ਹਿਰ ਮੇਰੇ ਦਿਲ ਦਾ ਹਾਣੀ
ਅੰਬਰਸਰ ਮੇਰੀ ਰੂਹ ਦੇ ਨਾਲ।
ਲਹੌਰ ਤੱਕਣ ਬਿਨ ਜੰਮਣ ਅਧੂਰਾ,
ਅੰਬਰਸਰ ਮੁਕਤੀ ਦਾ ਤਾਲ।
ਲਹੌਰ ਸ਼ਹਿਰ ਵਿਚ ਵੀ ਰੰਗ ਬਰਸੇ
ਅੰਬਰਸਰ ਵੀ ਹੈ ਖੁਸ਼ਹਾਲ।
ਦੋਵੇਂ ਇਕ ਦੂਜੇ ਦੇ ਬੇਲੀ
ਦੋਵੇਂ ਇਕ ਦੂਜੇ ਦੇ ਨਾਲ।
ਦੋਵਾਂ ਵਿਚ ਇਨਸਾਨ ਵਸੇਂਦੇ
ਦੋਵਾਂ ਵਿਚ ਆਦਮ ਦੇ ਲਾਲ।
ਆਦਮ ਆਦਮ ਦਾ ਕੀ ਝਗੜਾ ?
ਆਦਮ ਸਦਾ ਹਯਾਤੀ ਨਾਲ।
ਦੋਵਾਂ ਵਿਚ ਬਾਰੂਦ ਜੋ ਬੀਜਣ
ਦੋਵੇਂ ਕਰੋ ਉਹਨਾ ਦੀ ਭਾਲ।
ਸਾਂਝ ਦੀ ਅੱਗ ਵਿਚ ਸਾੜੋ ਉਹਨੂੰ
ਫੁੱਟ ਦੀ ਅੱਗ ਜਿਸ ਛੱਡੀ ਬਾਲ।
ਲਹੌਰ ਸ਼ਹਿਰ ਨੂੰ ਸਲਾਮ ਹੈ ਮੇਰਾ
ਅੰਬਰਸਰ ਨੂੰ ਸਸਰੀ - ਕਾਲ।
ਲਹੌਰ ਸ਼ਹਿਰ ਦੀਆਂ ਲੰਮੀਆਂ ਉਮਰਾਂ
ਅੰਬਰਸਰ ਰਹੇ ਸਦਾ ਅਕਾਲ।
ਲਹੌਰ ਸ਼ਹਿਰ ਮੇਰਾ ਮਾਜ਼ੀ ਵਸਦਾ
ਅੰਬਰਸਰ ਮੇਰਾ ਵਸਦਾ ਹਾਲ।
ਲਹੌਰ ਸ਼ਹਿਰ ਪੁਰਖਿਆਂ ਦੀਆਂ ਮੜ੍ਹੀਆਂ
ਅੰਬਰਸਰ ਮੇਰੇ ਖੇਡਣ ਬਾਲ।

## ਲਟ ਲਟ ਬਲਦਾ ਦੀਵਾ / ਲਾਜ ਨੀਲਮ ਸੈਣੀ

ਡਾ. ਪ੍ਰਸ਼ਵਿੰਦਰ ਕੌਰ

ਲਾਜ ਨੀਲਮ ਸੈਣੀ ਸਾਹਿਤਕ ਖੇਤਰ ਵਿੱਚ ਜਾਣਿਆ ਪਹਿਚਾਣਿਆ ਨਾਮ ਹੈ । ਪੰਜਾਬੀ ਸਾਹਿਤ ਵਿੱਚ ਉਸਦਾ ਕਵਿੱਤਰੀ ਦੇ ਤੌਰ ਤੇ ਪ੍ਰਵੇਸ਼‘ ਅਰਜੋਈ ’(1997) ਰਾਹੀਂ ਹੁੰਦਾ ਹੈ ।

ਇਸ ਤੋਂ ਬਾਅਦ ‘ਕਾਨੀ ਦੇ ਘੁੰਗਰੂ (2008)’, ‘ਹਰਫਾ ਦੀ ਡੋਰ (2011)’,‘ਅਕਸ (2019) ਉਸਦੇ ਮੌਲਿਕ ਕਾਵਿ ਸੰਗ੍ਰਹਿ ਹਨ ਇੱਕ ਸਹਿ ਸੰਪਾਦਿਤ ਕਾਵਿ ਸੰਗ੍ਰਹਿ ( ਉਧਾਰ ਲਏ ਪਰਾਂ ਦੀ ਦਾਸਤਾਨ -2009),ਇਕ ਬਾਲ ਕਾਵਿ ਸੰਗ੍ਰਹਿ (ਇਨਸਾਨੀ ਰੇਲ-2019), ਇਕ ਅੰਗਰੇਜ਼ੀ ਭਾਸ਼ਾ ਵਿੱਚ ਕਾਵਿ ਸੰਗ੍ਰਹਿ ਉਸਦੀ ਕਵਿਤਾ ਦੇ ਨਾਲ ਲਗਾਤਾਰ ਨੇੜਤਾ ਦੇ ਸਬੂਤ ਹਨ। ਪੰਜਾਬੀ ਸੱਭਿਆਚਾਰ ਤੇ ਲੋਕ-ਧਾਰਾ ਉਸਦੇ ਰੋਮ ਰੋਮ ਵਿੱਚ ਸਮਾਂ ਚੁੱਕਾ ਹੈ, ਇਸ ਖੇਤਰ ਵਿੱਚ ਉਸਦੀ ਪੁਸਤਕ ‘ਸਾਡੀਆਂ ਰਸਮਾਂ ਸਾਡੇ ਗੀਤ’ ਇਕ ਨਿੱਗਰ ਦੇਣ ਹੈ ਜੋ ਨਵੀਂ ਪੀੜੀ ਨੂੰ ਨਾਲ ਜੋੜਨ ਦਾ ਉਪਰਾਲਾ ਵੀ ਹੈ। ‘ਤੀਆਂ ਤੀਜ ਦੀਆ‘ ਉਸ ਦੁਆਰਾ ਸੱਭਿਆਚਾਰ ਤੇ ਲੋਕ ਧਾਰਾ ਨੂੰ ਦਿੱਤੀ ਇਕ ਹੋਰ ਦੇਣ ਹੈ । ਲਾਜ ਨੀਲਮ ਸੈਣੀ ਅਮਰੀਕੀ ਰਹਿਤਲ ਚ ਵਿਚਰਦਿਆਂ ਵੀ ਦਿਲੋਂ ਪੰਜਾਬੀ ਬੋਲੀ ਨੂੰ ਪਰਨਾਈ ਹੈ । ਕਹਾਣੀ ਦੇ ਖੇਤਰ ਵਿੱਚ ‘ਧਰਤੀ ਪਰਾਈ ਆਪਣੇ ਲੋਕ’ ਉਸਦਾ ਸਹਿ ਸੰਪਾਦਕ ਕਹਾਣੀ ਸੰਗ੍ਰਹਿ ਹੈ । ਇਸ ਤੋਂ ਬਾਅਦ ਉਹ ਆਪਣੇ ਮੌਲਿਕ ਕਹਾਣੀ ਸੰਗ੍ਰਹਿ ‘ਲਟ ਲਟ ਬਲਦਾ ਦੀਵਾ’ (2021)ਨਾਲ ਪੰਜਾਬੀ ਕਹਾਣੀ ਦੇ ਖੇਤਰ ਵਿੱਚ ਪ੍ਰਵੇਸ਼ ਕਰਦੀ ਹੈ।

ਇਸ ਕਹਾਣੀ ਸੰਗ੍ਰਹਿ ਵਿੱਚ 11 ਕਹਾਣੀਆਂ ਸਾਮਲ ਹਨ। ਕਵਿਤਾ ਤੋਂ ਕਹਾਣੀ ਵੱਲ ਪਰਤਣ ਦੀ ਸਿਰਜਣ ਪ੍ਰਕਿਰਿਆ ਬਾਰੇ ਨੀਲਮ ਦੇ ਸਵੈ ਕਥਨ ਗੌਲਣਯੋਗ ਹਨ :
“..... ਸਾਹਿਤਕ ਮਿਲਣੀਆਂ ਵਿੱਚ ਕਰਵਾਏ ਜਾਂਦੇ ਕਹਾਣੀ ਦਰਬਾਰ ਮੈਨੂੰ ਪ੍ਰਭਾਵਿਤ ਕਰਦੇ । ਮੇਰੀ ਸੰਵੇਦਨਾ ਇਸ ਮੌਕੇ ਪੜ੍ਹੀਆਂ ਕਹਾਣੀਆਂ ਦੇ ਪਾਤਰਾਂ ਨਾਲ ਗੁਫਤਗੂ ਕਰਨ ਲੱਗਦੀ। ਅਵਚੇਤਨ ਵਿੱਚ ਪਈਆਂ ਘਟਨਾਵਾਂ , ਮੇਰੀ ਚੇਤਨਾ ਨੂੰ ਵੰਗਾਰਨ ਲੱਗਦੀਆਂ .... ਮਨ ਦੇ ਅੰਬਰ ਤੇ ਕਹਾਣੀਆ ਦੀ ਅਕਾਸ਼ ਗੰਗਾ ਟਿਮਟਿਮਾਉਣ ਲੱਗਦੀ ।’

‘ਲਟ ਲਟ ਬਲ਼ਦਾ ਦੀਵਾ’ ਇਸ ਕਹਾਣੀ ਸੰਗ੍ਰਹਿ ਦੀ ਪਹਿਲੀ ਕਹਾਣੀ ਹੈ। ਨਾਇਕਾ ਰੂਬੀ , ਰੂਹ ਦੇ ਹਾਣੀ ਮਨਰਾਜ ਦੇ ਬੇਵਕਤ ਸਦੀਵੀ ਵਿਛੋੜੇ ਦੀ ਮਾਰ ਝੱਲ ਰਹੀ ਹੈ, ਹਾਣੀ ਦੀਆ ਯਾਦਾਂ ਦਾ ਦੀਵਾ ਉਸਦੇ ਮਨ ਮਸਤਕ ਵਿੱਚ ਰੌਸ਼ਨ ਹੈ। ਬੇਟੇ ਬੱਬੂ ਨੂੰ ਵਧੀਆ ਕਦਰਾਂ ਕੀਮਤਾਂ ਦੇ ਨਾਲ ਪਾਲ ਰਹੀ ਹੈ , ਮਾ ਬੋਲੀ ਤੇ ਸੱਭਿਆਚਾਰ ਦਾ ਦੀਪ ਨਵੀਂ ਪੀੜੀ ਦੇ ਪ੍ਰਤੀਨਿਧ ਪਾਤਰ ਬੱਬੂ ਅੰਦਰ ਉਹ ਰੁਸ਼ਨਾ ਚੁੱਕੀ ਹੈ। ਮਨਰਾਜ ਨੂੰ ਕੀਤੇ ਵਾਅਦੇ ਅਨੁਸਾਰ ਸਾਹਿਤਕ ਸਿਰਜਣਾ ਦੇ ਰਾਹ ਤੁਰਦੀ ਹੈ । ਬੱਬੂ ਦੇ ਯੂਨੀਵਰਸਿਟੀ ਜਾਣ ਤੇ ਭਾਵੇਂ ਇਕੱਲੀ ਰਹਿ ਜਾਂਦੀ ਹੈ , ਹੋਸਟਲ ਵਿੱਚ ਨਵੀਂ ਪੀੜੀ ਦੀਆ ਅਨੈਤਿਕ ਹਰਕਤਾਂ ਦੀਆ ਵਾਪਰਦੀਆਂ ਘਟਨਾਵਾਂ ਉਸਨੂੰ ਚਿੰਤਤ ਕਰਦੀਆਂ ਹਨ ਪਰ ਬੱਬੂ ਦਾ ਸੁਲਝਿਆ ਵਤੀਰਾ ਚਿੰਤਾ ਦੀ ਹਵਾ ਨੂੰ ਬੰਦ ਕਰ ਕੇ ਵਿਸ਼ਵਾਸ ਦਾ ਲਟ ਲਟ ਬਲਦਾ ਦੀਵਾ ਹੈ ਜੋ ਸੁਨਹਿਰੀ ਭਵਿੱਖ ਦਾ ਲਿਸ਼ਕਾਰਾ ਹੈ।

‘ਚੀਸ’ ਕਹਾਣੀ 1984 ਦੇ ਕਾਲੇ ਦਿਨਾਂ ਦਾ ਬਿਰਤਾਂਤ ਹੈ। ਸਾਕਾ ਨੀਲਾ ਤਾਰਾ ਤੋਂ ਬਾਅਦ ਪੁਲਿਸ ਤਸੱਦਦ, ਆਪਣਿਆਂ ਦੀ ਮੁਖ਼ਬਰੀ ਸਦਕਾ ਨਿੱਤ ਹੁੰਦੇ ਪੁਲਿਸ ਮੁਕਾਬਲਿਆਂ ਦਾ ਸੱਚ, ਅਸਲੀ ਤੇ ਨਕਲੀ ਦੀ ਪਛਾਣ ਦਾ ਸੰਕਟ, ਬੇਦੋਸ਼ਿਆਂ ਦਾ ਖ਼ੂਨ ਨਾਇਕ ਗੁਰਜੋਤ ਦੀਆ ਯਾਦਾਂ ਦੀ ਪਿੱਛਲਝਾਤ ਨਾਲ ਕਹਾਣੀ ਤੁਰਦੀ ਹੈ ਤੇ ਪਛਤਾਵੇ ਦੀ ਚੀਸ ਬਣ ਕੇ ਰਹਿ ਜਾਂਦੀ ਹੈ।

‘ਚਿਹਰੇ’ ਕਹਾਣੀ ਸਾਹਿਤਕ ਮੀਟਿੰਗਾਂ ਦੇ ਕੱਚ ਸੱਚ ਦਾ ਭਾਂਡਾ ਫੋੜਦੀ ਹੈ। ਸਮਾਜ ਨੂੰ ਸੇਧ ਦੇਣ ਵਾਲੇ ਸਾਹਿਤਕਾਰ ਤਬਕੇ ਦੇ ਬੌਧਿਕ ਤੇ ਸਿਰਜਣਾਤਮਕ ਬੋਧ ਦੇ ਪੇਤਲੇਪਣ ਤੇ ਜੁਗਾੜਾਂ ਰੁਚੀਆਂ ਦਾ ਭਾਂਡਾ ਫੋੜਦੀ ਹੈ।

‘ਧੂੰਏਂ ਦੇ ਬੱਦਲ’ ਕੀਰਤੀ ਤੇ ਗੁਰਵੀਰ ਦੀ ਕਹਾਣੀ ਹੈ। ਗੁਰਵੀਰ ਪੜ੍ਹਿਆ ਲਿਖਿਆ ਨੌਜਵਾਨ ਹੈ ਜੋ ਗ਼ੈਰ ਕਾਨੂੰਨੀ ਢੰਗ ਨਾਲ ਅਮਰੀਕਾ ਆ ਕੇ ਟੈਕਸੀ ਡਰਾਇਵਰ ਦਾ ਕੰਮ ਕਰ ਰਿਹਾ ਹੈ ਤੇ ਕੀਰਤੀ ਨਾਲ ਵਿਆਹ ਕਰਾ ਕੇ ਪੱਕੇ ਹੋਣ ਦੀ ਆਸ ਹੈ । 9/11 ਦਾ ਹਾਦਸਾ ਗੁਰਵੀਰ ਦੇ ਅੱਖੀਂ ਦੇਖਣ ਵਾਰੇ ਸੁਣ ਕੇ ਕੀਰਤੀ ਦਹਿਲੀ ਹੋਈ ਹੈ ਤੇ ਨਾਲ ਹੀ ਗੁਰਵੀਰ ਦੇ ਡਿਪੋਰਟ ਹੋਣ ਦੀ ਖ਼ਬਰ ਉਸਨੂੰ ਹੋਰ ਪਰੇਸ਼ਾਨ ਕਰਦੀ ਹੈ। 9/11 ਹਾਦਸੇ ਦਾ ਪਰਛਾਵਾਂ ਗੁਰਵੀਰ ਤੇ ਬੁਰੀ ਤਰਾਂ ਨਾਲ ਪੈਂਦਾ ਹੈ ਤੇ ਸਟਰੈਸ ਦਾ ਸ਼ਿਕਾਰ ਕੀਰਤੀ ਮਾਨਸਿਕ ਤੌਰ ਤੇ ਰੋਗੀ ਬੱਚੀ ਦੀ ਮਾਂ ਬਣਦੀ ਹੈ, ਭਾਵੇਂ ਗੁਰਵੀਰ ਫਿਰ ਵਾਪਸ ਅਮਰੀਕਾ ਆ ਜਾਂਦਾ ਹੈ ਪਰ ਬੱਚੀ ਆਸੂ ਤੋਂ ਉਹ ਹੱਥ ਧੋ ਬੈਠਦੇ ਹਨ । ਟਾਵਰਾ ਦੇ ਧੂੰਏਂ ਦੇ ਬੱਦਲ਼ ਕੀਰਤੀ ਦੀ ਜ਼ਿੰਦਗੀ ਤੇ ਛਾ ਜਾਂਦੇ ਹਨ।

‘ਡਾਰੋ ਵਿੱਛੜੀ ਕੂੰਜ’ਦੀ ਨਾਇਕਾ ਨੂੰ ਡਾਰੋ ਵਿੱਛੜਣ ਦਾ ਦਰਦ ਤੇ ਭਾਵ ਉਦੋਂ ਮਹਿਸੂਸ ਹੁੰਦੇ ਹਨ ਜਦੋਂ ਮਾ ਬਾਪ, ਪਿੰਡ ਤੇ ਸਹੇਲੀਆਂ ਤੋਂ ਵਿੱਛੜ ਕੇ ਅਮਰੀਕਾ ਜਾਂਦੀ ਹੈ ਤੇ ਵਾਪਸ ਪਰਤਣ ਤੇ ਵੀ ਅੰਤੋ ਪਿਆਰੀ ਸਹੇਲੀ ਨੂੰ ਮਸਰੂਫ਼ੀਅਤ ਕਾਰਨ ਮਿਲੇ ਬਿਨਾ ਵਾਪਸ ਅਮਰੀਕਾ ਪਰਤਦੀ ਹੈ।

‘ਮੁੜਦਾ ਫੇਰਾ’ ਦੀ ਨਾਇਕਾ ਆਲ਼ੀਆ ਉਰਫ ਸੁਖਜੀਤ ਦਾ ਪੰਜਾਬੀ ਬੋਲੀ ਤੇ ਪੰਜਾਬੀ ਸੱਭਿਆਚਾਰ ਵੱਲ ਵਾਪਸ ਪਰਤਣਾ ਤੇ ਆਪਣੀ ਬੇਟੀ ਨੂੰ ਪੰਜਾਬੀ ਸਿਖਾਉਣ ਲਈ ਕਹਿਣਾ ਤੇ ਮਾ ਨੂੰ ਮੁੜ ਮਿਲਣਾ ਸੱਚਮੁੱਚ ਮੁੜਦਾ ਫੇਰਾ ਹੈ । ਆਲ਼ੀਆਂ ,

ਮਤਰੇਏ ਬਾਪ ਹੱਥੋਂ ਬੇਪਤ ਹੋਣ ਤੇ ਬਚ ਕੇ ਅਫ਼ਗ਼ਾਨੀ ਲੜਕੇ ਮੁਹੰਮਦ ਨਾਲ ਵਿਆਹ ਕਰਾ ਲੈਂਦੀ ਹੈ ਪਰ ਮਾ ਦਾ ਵਿਯੋਗ ਤੰਗ ਕਰਦਾ ਹੈ । ਮਤਰੇਏ ਬਾਪ ਤੇ ਭਰਾ ਨੂੰ ਨਸ਼ੇ ਦਾ ਕਾਰੋਬਾਰ ਕਰਨ ਵਿੱਚ ਕੈਦ ਹੋ ਜਾਂਦੀ ਹੈ ਕਿਉਂਕਿ ਉਹਨਾਂ ਦਾ ਟਰੱਕ ਮਾਲਕ ਜੋ ਕਹਿਣ ਨੂੰ ਤਾਂ ਗੁਰੂ ਘਰ ਦਾ ਵੱਡਾ ਸੇਵਾਦਾਰ ਹੈ ਪਰ ਧੰਦਾ ਕਾਲਾ ਕਰਦਾ ਹੈ ।

'ਪਛਤਾਵੇ ਦੀ ਅੱਗ' ਜਗਦੀਪ ਜੋ ਕਿ ਪ੍ਰੀਤ ਨਾਲ ਵਿਆਹ ਕਰਾ ਕੇ ਅਮਰੀਕੀ ਜ਼ਿੰਦਗੀ ਵਿੱਚ ਏਨਾ ਉਲਝ ਜਾਂਦਾ ਹੈ ਕਿ ਬਾਪ ਦੀ ਮੌਤ ਤੇ ਪੰਜਾਬ ਪਰਤਦਾ ਹੈ ਤਾਂ ਪਛਤਾਵੇ ਦੀ ਅੱਗ ਵਿੱਚ ਸੜਦਾ ਹੈ ਕਿ ਕਮਾਏ ਡਾਲਰਾਂ ਨਾਲ ਬਾਪ ਨੂੰ ਮੁੜ ਲਿਆ ਨਹੀਂ ਸਕਦਾ ।ਬਾਪ ਦੀ ਮੌਤ ਬਾਅਦ ਮਾਂ ਵੀ ਛੇਤੀ ਚੱਲ ਵਸਦੀ ਹੈ।

'ਧਰਤੀ ਦਾ ਪਰਛਾਵਾ'ਰਵੀਨਾ ਤੇ ਰਮਨ ਨਾ ਦੇ ਜੋੜੇ ਜੀ ਕਹਾਣੀ ਹੈ ਜ਼ਹਿਨਾਂ ਵਿੱਚ ਨਿੱਘੀ ਜਜ਼ਬਾਤੀ ਸਾਂਝ ਹੈ। ਪਰਦੇਸਾ ਵਿੱਚ ਬਣੇ ਆਪਸੀ ਸਹਿਯੋਗ ਤੇ ਪ੍ਰੇਮ ਦੇ ਰਿਸ਼ਤਿਆਂ ਨੂੰ ਇਹ ਕਹਾਣੀ ਖ਼ੂਬਸੂਰਤੀ ਨਾਲ ਬਿਆਨਦੀ ਹੈ ਕਿਵੇਂ ਰਵੀਨਾ ਦੇ ਪਤੀ ਨੂੰ ਸੱਟ ਲੱਗਣ ਉਪਰੰਤ ਉਸਨੂੰ ਸਹਿਯੋਗ ਦਿੰਦੇ ਹਨ । ਆਪਣੀਆਂ ਰੁਚੀਆਂ ਦੀ ਕਦਰ ਕਰਨ ਵਾਲੇ ਪਤੀ ਨੂੰ ਕਿਵੇਂ ਦੁਆਵਾ ਤੇ ਰੂਹਾਨੀ ਪ੍ਰੇਮ ਨਾਲ ਮਾਪਿਆ ਦੇ ਜਿੱਤੇ ਸੰਸਕਾਰਾਂ ਨਾਲ ਰਵੀਨਾ ਠੀਕ ਕਰਦੀ ਹੈ।

'ਲੋਕ ਗੀਤਾਂ ਦੀ ਰਾਣੀ ਮਾਂ' ਕਹਾਣੀ ਦੀ ਨਾਇਕਾ ਨਿਧੀ ਪਰਦੇਸਾ ਵਿੱਚ ਸੱਭਿਆਚਾਰ ਸਾਂਭੀ ਬੈਠੀ ਹੈ , ਉਸਦੇ ਜ਼ਹਿਨ ਚ ਆਪਣੇ ਪਿੰਡ ਵਸਦੀ ਮਾਂਜੀ ਜੋ ਗੀਤਾ ਦੀ ਚੌਧਰਾਣੀ ਮੰਨੀ ਜਾਂਦੀ ਸੀ ਦੀ ਰੂਹ ਵੱਸੀ ਹੋਈ ਹੈ।ਮਰਨ ਉਪਰੰਤ ਵੀ ਪਿੰਡ ਵਾਸੀਆ ਨੂੰ ਨਿਧੀ ਦੇ ਬੋਲ ਸੁਣ ਕੇ ਮਾਂਜੀ ਅਮਰ ਲਗਦੀ ਹੈ।

'ਰੂਹਾਨੀ' ਵਿੱਚ ਪ੍ਰਕਾਸ਼ ਜਵਾਨੀ ਪਹਿਰੇ ਹੀ ਫ਼ੌਜੀ ਪਤੀ ਦੇ ਸ਼ਹੀਦ ਹੋਣ ਉਪਰੰਤ ਬੇਟੇ ਡਿਗੀ ਨੂੰ ਪਾਲਦੀ ਹੈ ਹਾਲਾਤਾਂ ਤੋਂ ਡਰਦੀ ਅਮਰੀਕਾ ਭੇਜਦੀ ਹੈ ਤੇ ਉੱਥੇ ਹੀ ਉਸਦਾ ਵਿਆਹ ਹੋ ਜਾਂਦਾ ਹੈ । ਅਮਰੀਕੀ ਰਹਿਤਲ ਵਿੱਚ ਪਲੀ ਮਨੀ ਆਪਣੀ ਸੱਸ ਨੂੰ ਨਹੀਂ ਝੱਲਦੀ। ਮਨੀ ਦੀ ਮਾ ਦੀ ਮੌਤ ਉਪਰੰਤ ਤੇ ਬੇਟੀ ਹੋਣ ਬਾਅਦ ਉਸਦੀ ਸੋਚ ਬਦਲਦੀ ਹੈ ਤੇ ਪੰਜਾਬ ਗਈ ਪ੍ਰਕਾਸ਼ ਨੂੰ ਮੁੜਨ ਦੇ ਵਾਸਤੇ ਪਾਉਂਦੀ ਹੈ।

'ਸਿਟੀਜਨਸਿਪ' ਦੀ ਨਾਇਕਾ ਨੂੰ ਅਮਰੀਕੀ ਨਾਗਰਿਕਤਾ ਮਿਲਣ ਦੀ ਖ਼ੁਸ਼ੀ ਹੈ ਪਰ ਮਾਤ ਭੂਮੀ ਤੇ ਮਾਪਿਆ ਦੀਆ ਯਾਦਾਂ ਦਾ ਖੋਰੂ ਮਨ ਨੂੰ ਉਦਾਸ ਕਰ ਜਾਂਦਾ ਹੈ।

ਨੀਲਮ ਸੈਣੀ ਦਾ ਇਹ ਕਹਾਣੀ ਸੰਗ੍ਰਹਿ ਸਾਨੂੰ ਉਸਦੀ ਪਰਵਾਸੀ ਚੇਤਨਾ ਦੇ ਰੂਬਰੂ ਕਰਦਾ ਹੈ, ਜਿਸ ਵਿੱਚ ਇਕੱਲਤਾ , ਯਾਦਾਂ ਤੇ ਉਦਰੇਵਾ ਤਾਂ ਹੈ ਪਰ ਮਾ ਬੋਲੀ ਤੇ ਸੱਭਿਆਚਾਰ ਦੇ ਬੂਟੇ ਨੂੰ ਪਰਦੇਸੀ ਧਰਤੀ ਤੇ ਲਾ ਕੇ ਉਸ ਦੀਆ ਸੰਘਣੀਆਂ ਛਾਵਾਂ ਨੂੰ ਮਾਨਣ ਦੀਆਂ ਕਨਸੋਆਂ ਵੀ ਹਨ।ਪੰਜਾਬ ਦਾ ਸੰਤਾਪ ਤੇ 9/11 ਦਾ ਹਾਦਸਾ ,ਵੀ ਉਸਦੀ ਚੇਤਨਾ ਦਾ ਵਿਸ਼ਾ ਬਣਦਿਆਂ ਚੀਸ ਤੇ ਧੂੰਏਂ ਦੇ ਬੱਦਲ਼ ਵਿੱਚ ਪੇਸ਼ ਹੁੰਦਾ ਹੈ।

ਰਿਸ਼ਤਿਆਂ ਵਿੱਚ ਦਵੰਧ ਦੇ ਬਾਵਜੂਦ ਸੁਖਾਤਕਤਾ ਹੈ । ਉਸ ਦੇ ਪਾਤਰ ਮੋਹ ਦੇ ਮੁਸੱਜਮੇ ਹਨ ।ਨਵੀਂ ਪੀੜੀ ਨੂੰ ਸਿਹਤਮੰਦ ਕਦਰਾਂ ਕੀਮਤਾਂ ਤੇ ਰਾਹਾਂ ਤੇ ਤੋਰਨ ਦੀ ਉਸ ਨੂੰ ਚਿੰਤਾ ਹੈ। ਉਸਦੀਆਂ ਕਹਾਣੀਆ ਵਿੱਚ ਯਾਦਾਂ ਦੀਆ ਬੱਤੀਆਂ, ਮੋਹ ਤੇ ਵਿਸ਼ਵਾਸ ਦੇ ਤੇਲ ਨਾਲ ਲਟ ਲਟ ਬਲਦੇ ਦੀਵੇ ਦੇ ਰੂਪ ਵਿੱਚ ਪੇਸ਼ ਹੋਈਆਂ ਹਨ । ਦੁਆ ਹੈ ਕਿ ਇਹ ਦੀਵਾ ਰੌਸ਼ਨ ਰਹੇ ।

## ਗ਼ਜ਼ਲ / ਤੇਜਿੰਦਰ ਚੰਡਿਹੋਕ


ਜੀਣ ਦਾ ਇਹ ਸਿਲਸਿਲਾ ਚਲਦਾ ਰਹੇ।
ਦਿਨ ਸੁਖਾਲਾ ਉਗਮਦਾ ਢਲਦਾ ਰਹੇ।

ਰੋਜ਼ ਮੰਜ਼ਲ ਵੱਲ ਟੁਰਨਾ ਜ਼ਿੰਦਗੀ,
ਇਕ ਜਗ੍ਹਾ ਖੜ੍ਹ ਕੇ ਨ ਹੱਥ ਮਲਦਾ ਰਹੇ।

ਤੂੰ ਜਗਾ ਕੇ ਜੋ ਗਿਆ ਯਾਦਾਂ ਦਾ ਦੀਪ,
ਲੋਚਦਾ ਮੈਂ ਅੰਤ ਤੱਕ ਬਲਦਾ ਰਹੇ।

ਰੁੱਖ ਮੇਰੇ ਵਿਹੜੇ ਦਾ ਤਾਂ ਹੀ ਹਰਾ,
ਧੁੱਪ ਲੋਅ ਨੂੰ ਪਿੰਡੇ ਤੇ ਝਲਦਾ ਰਹੇ।

ਆਵੇ ਜਾ ਨਾ ਆਵੇ ਓਹ 'ਚੰਡਿਹੋਕ' ਪਰ,
ਭਰਮ ਉਸਦੇ ਆਉਣ ਦਾ ਪਲਦਾ ਰਹੇ।



# ਗੁਰਪ੍ਰੀਤ ਮਾਨਸਾ ਦੁਆਰਾ ਰਚਿਤ ਕਾਵਿ-ਪੁਸਤਕ 'ਰਾਹਕ' ਵਿਚਲੀ ਹਾਇਕੂ ਸੰਵੇਦਨਾ / ਡਾ. ਸਿਮਰਨਜੀਤ ਸਿੰਘ

ਮਨੁੱਖੀ ਭਾਵਨਾਵਾਂ ਨੂੰ ਕਿਸੇ ਬੱਝਵੇਂ ਢੰਗ ਨਾਲ ਪੇਸ਼ ਕਰਕੇ ਸਮਾਜ ਦੀ ਸੁਯੋਗ ਅਗਵਾਈ ਕਰਨ ਦੀ ਕਲਾ ਦਾ ਨਾਂ ਹੀ ਸਾਹਿਤ ਹੈ। ਦੁਨੀਆਂ ਭਰ ਦੇ ਸਾਹਿਤ ਵਿਚ ਇਹ ਕਾਰਜ ਵੱਖ-ਵੱਖ ਸਾਹਿਤ ਰੂਪਾਂ ਦੇ ਹਿੱਸੇ ਆਇਆ ਹੈ ਜਿੰਨਾਂ ਵਿਚ ਕਵਿਤਾ ਦਾ ਮੁੱਢੋਂ ਹੀ ਮੋਹਰੀ ਸਥਾਨ ਰਿਹਾ ਹੈ ਕਿਉਂਕਿ ਮਨੁੱਖੀ ਮਨ ਵਿਚੋਂ ਨਿੱਕਲੀ ਪਹਿਲੀ ਹੂਕ, ਕਵਿਤਾ ਨੂੰ ਮੰਨਿਆ ਜਾਂਦਾ ਹੈ। ਸਮਾਂ ਚਾਹੇ ਕੋਈ ਵੀ ਰਿਹਾ ਹੋਵੇ, ਰੁੱਤਾਂ ਚਾਹੇ ਕੁਰੱਤੀਆਂ ਕਿਉਂ ਨਾ ਹੋਣ, ਧਰਤੀ ਚਾਹੇ ਪੈਰਾਂ ਥੱਲੋਂ ਖਿੱਚੀ ਕਿਉਂ ਨਾ ਜਾ ਰਹੀ ਹੋਵੇ, ਬੰਦੇ ਅੰਦਰੋਂ ਕਵਿਤਾ ਕਦੇ ਮਨਫੀ ਨਹੀਂ ਹੋ ਸਕਦੀ। ਸਗੋਂ ਇਹ ਤਾਂ ਹੋਰ ਵੀ ਹੈਰਾਨੀਜਨਕ ਤੱਥ ਹੈ ਕਿ ਹਰ ਮੁਸ਼ਕਿਲ ਘੜੀ ਵਿਚ ਇਹ ਹੋਰ ਵੀ ਉੱਮੜ-ਉੱਮੜ ਕੇ 'ਯਾਰੜੇ ਦਾ ਸੱਥਰ ਚੰਗਾ, ਭੱਠ ਖੇੜਿਆਂ ਦਾ ਰਹਿਣਾ' ਬਣ ਕੇ ਮਨ ਦੀ ਮਮਟੀ 'ਤੇ ਘਰਾਲਾਂ ਬਣ-ਬਣ ਵਗੀ ਹੈ। ਅਜਿਹਾ ਕਰਦਿਆਂ ਇਸਨੇ ਸਮੇਂ-ਸਮੇਂ 'ਤੇ ਵਿਸ਼ਵ ਕਾਵਿ ਨਾਲ ਵੀ ਆਪਣਾ ਸੰਵਾਦ ਰਚਾਇਆ ਹੈ ਜਿਸਦੇ ਸਿੱਟੇ ਵਜੋਂ ਕਈ ਨਵੇਂ ਕਾਵਿ-ਰੂਪਾਕਾਰਾਂ ਨੇ ਪੰਜਾਬੀ ਕਾਵਿ ਵਿਚ ਆਪਣੀ ਦਸਤਕ ਦਿੱਤੀ ਹੈ ਜਿਸ ਵਿੱਚ ਖੁੱਲ੍ਹੀ ਕਵਿਤਾ, ਰੁਬਾਈ ਅਤੇ ਗ਼ਜ਼ਲ ਦਾ ਆਪਣਾ ਨਿਵੇਕਲਾ ਸਥਾਨ ਹੈ ਜਿਸ ਵਿਚ ਪਿਛਲੇ ਕੁਝ ਦਹਾਕਿਆਂ ਤੋਂ ਜਾਪਾਨੀ ਕਾਵਿ ਰੂਪ ਹਾਇਕੂ ਦਾ ਵੀ ਪ੍ਰਵੇਸ਼ ਹੋਇਆ ਦੇਖਿਆ ਗਿਆ ਹੈ।

'ਹਾਇਕੂ' ਪੰਜਾਬੀ ਵਿਚ ਉੱਤਰ-ਆਧੁਨਿਕ ਦੌਰ ਦੀ ਕਵਿਤਾ ਹੈ ਜੋ ਮੂਲ ਰੂਪ ਵਿਚ ਜਾਪਾਨੀ ਕਾਵਿ-ਸਿਨਫ਼ ਹੈ। ਮੂਲ ਰੂਪ ਵਿਚ 'ਹਾਇਕੂ' ਇਕ ਨਿਰੋਲ ਜਾਪਾਨੀ ਕਾਵਿ-ਰੂਪਾਕਾਰ ਹੈ ਜਿਸਦੇ ਉਦੈ ਹੋਣ ਦੇ ਹਵਾਲੇ ਜਾਪਾਨ ਵਿਚ ਲੱਗਭਗ 11ਵੀਂ-12ਵੀਂ ਸਦੀ ਦੇ ਅੰਤਰਗਤ ਮਿਲਦੇ ਹਨ। ਭਾਵੇਂ ਪੰਜਾਬੀ ਸਾਹਿਤ ਵਿਚ ਇਸਦੀ ਦਸਤਕ ਪਿਛਲੇ ਥੋੜੇ ਜਿਹੇ ਸਮੇਂ ਜਾਂ ਕਹਿ ਲਵੋ ਕਿ ਪਿਛਲੇ ਦਹਾਕੇ ਤੋਂ ਹੋਈ ਮੰਨੀ ਜਾਂਦੀ ਹੈ ਪਰ ਇਸ ਵਿਧਾ ਬਾਰੇ ਪੰਜਾਬੀਆਂ ਨੂੰ ਮੁੱਢਲੀ ਜਾਣਕਾਰੀ ਪੰਜਾਬੀ ਦੇ ਅਲਬੇਲੇ ਕਵੀ ਪ੍ਰੋ. ਪੂਰਨ ਸਿੰਘ ਨੇ ਆਪਣੀ ਪੁਸਤਕ  ਦੇ ਮਾਧਿਅਮ ਰਾਹੀਂ ਸੰਨ 1926 ਵਿਚ ਹੀ ਦੇ ਦਿੱਤੀ ਸੀ। ਇਸ ਪੁਸਤਕ ਵਿਚਲਾ ਇਕ ਲੇਖ (ਪੰਨਾ-34-41) 1 ਜਾਪਾਨੀ ਹਾਇਕੂ ਵਿਧਾ ਬਾਰੇ ਪੰਜਾਬੀਆਂ ਨੂੰ ਜਿੱਥੇ ਮੁੱਢਲੀ ਜਾਣਕਾਰੀ ਦੇਣ ਵਾਲਾ ਪਹਿਲਾ ਸ੍ਰੋਤ ਮੰਨਿਆ ਜਾ ਸਕਦਾ ਹੈ ਉੱਥੇ ਇਸ ਵਿਚ ਹਾਇਕੂ ਸੰਵੇਦਨਾ ਬਾਬਤ ਮੁੱਢਲੇ ਹਵਾਲੇ ਵੀ ਦੇਖੇ ਜਾ ਸਕਦੇ ਹਨ।  ਦੀ ਪਰਿਭਾਸ਼ਾ ਅਨੁਸਾਰ "ਹਾਇਕੂ ਇਕ ਅਜਿਹੀ ਕਵਿਤਾ ਹੈ ਜੋ ਉਤਸੁਕਤਾ ਨਾਲ ਸਮਝੇ ਪਲ਼ ਦਾ ਸਾਰ-ਅੰਸ਼ ਹੁੰਦੀ ਹੈ, ਜਿਸ ਵਿਚ ਕੁਦਰਤ, ਮਨੁੱਖੀ ਸੁਭਾਅ ਨਾਲ ਜੁੜੀ ਹੁੰਦੀ ਹੈ। ਆਮ ਤੌਰ 'ਤੇ ਅੰਗਰੇਜ਼ੀ ਵਿਚ ਹਾਇਕੂ ਤਿੰਨ ਤੁਕਾਂਤ ਰਹਿਤ ਸਤਰਾਂ ਵਿਚ 17 ਜਾਂ ਇਸ ਤੋਂ ਘੱਟ ਉਚਾਰ ਖੰਡਾਂ ਰਾਹੀਂ ਲਿਖਿਆ ਜਾਂਦਾ ਹੈ।" 2 ਹਾਇਕੂ ਨੂੰ ਜੇਕਰ ਰੂਪਾਕਾਰਕ ਪੱਖ ਤੋਂ ਵਾਚੀਏ ਤਾਂ ਸੰਖੇਪ ਵਿਚ ਇਹ ਪਰਿਭਾਸ਼ਾ ਉਸਦੇ ਤੱਤਾਂ ਨੂੰ ਬਾਕੀ ਕਵਿਤਾ ਨਾਲੋਂ ਚੰਗੀ ਤਰ੍ਹਾਂ ਨਿਖੇੜਦੀ ਦੇਖੀ ਜਾ ਸਕਦੀ ਹੈ।

ਪਿਛਲੇ ਦਹਾਕੇ ਵਿਚ ਪੰਜਾਬੀ ਸਾਹਿਤ ਵਿਚ ਵੱਡੀ ਮਾਤਰਾ ਦੇ ਅੰਤਰਗਤ ਹਾਇਕੂ ਪੁਸਤਕਾਂ ਲਿਖੀਆਂ ਗਈਆਂ ਮਿਲਦੀਆਂ ਹਨ ਜਿੰਨਾਂ ਵਿਚ ਇਕ ਉਹ ਪੁਸਤਕਾਂ ਹਨ ਜੋ ਰਚਨਾਤਮਕ ਪੱਖੋਂ ਹਾਇਕੂ ਕਾਵਿ ਨਾਲ ਸਬੰਧਿਤ ਹਨ, ਦੂਜੀਆਂ ਪੁਸਤਕਾਂ ਉਹ ਹਨ ਜੋ ਆਲੋਚਨਾਤਮਕ ਪੱਧਰ 'ਤੇ ਇਸ ਸਿਨਫ਼ ਬਾਰੇ ਗੱਲ ਕਰਦੀਆਂ ਹਨ ਕਿ ਜਾਪਾਨੀ ਹਾਇਕੂ ਹੈ ਕੀ ਅਤੇ ਪੰਜਾਬੀ ਵਿਚ ਹਾਇਕੂ ਕਿਵੇਂ ਲਿਖਿਆ ਜਾਵੇ ਅਤੇ ਤੀਜੀ ਕਿਸਮ ਦੀਆਂ ਪੁਸਤਕਾਂ ਉਹ ਅਨੁਵਾਦ ਪੁਸਤਕਾਂ ਹਨ ਜੋ ਹਿੰਦੀ ਜਾਂ ਅੰਗਰੇਜ਼ੀ ਭਾਸ਼ਾ ਵਿਚੋਂ ਅਨੁਵਾਦ ਹੋ ਕੇ ਪੰਜਾਬੀ ਸਾਹਿਤ ਜਗਤ ਵਿਚ ਪ੍ਰਵੇਸ਼ ਕਰਦੀਆਂ ਹਨ।। ਪੰਜਾਬੀ ਸਾਹਿਤ ਵਿਚ ਰਚਨਾਤਮਕ ਪੱਖ ਤੋਂ ਹਾਇਕੂ ਸੰਵੇਦਨਾ ਦੀ ਵਰਤੋਂ ਵੀ ਦੋ ਢੰਗਾਂ ਨਾਲ ਕੀਤੀ ਜਾ ਰਹੀ ਹੈ। ਇਕ ਕਿਸਮ ਉਹਨਾਂ ਕਵੀਆਂ ਦੀ ਹੈ ਜੋ ਸਿੱਧੇ ਰੂਪ ਵਿਚ ਪੰਜਾਬੀ ਸਾਹਿਤ ਵਿਚ ਹਾਇਕੂ ਲਿਖ ਰਹੇ ਹਨ ਅਤੇ ਦੂਜੀ ਸ਼੍ਰੇਣੀ ਉਹਨਾਂ ਪੰਜਾਬੀ ਕਵੀਆਂ ਦੀ ਹੈ ਜੋ ਸਿੱਧੇ ਰੂਪ ਵਿਚ ਭਾਵੇਂ ਹਾਇਕੂ ਤਾਂ ਨਹੀਂ ਲਿਖ ਰਹੇ ਪ੍ਰੰਤੂ ਉਹਨਾਂ ਦੀ ਕਵਿਤਾ ਵਿਚ ਹਾਇਕੂ ਸੰਵੇਦਨਾ ਦੇ ਅੰਸ਼ ਭਰਪੂਰ ਰੂਪ ਵਿਚ ਹਾਜ਼ਰ ਹਨ। ਅਜਿਹੇ ਕਵੀਆਂ ਵਿਚੋਂ ਨਵਤੇਜ ਭਾਰਤੀ, ਅਜਮੇਰ ਰੋਡੇ ਅਤੇ ਅਮਰਜੀਤ ਚੰਦਨ ਦਾ ਨਾਂ ਵਿਸ਼ੇਸ਼ ਸਥਾਨ ਰੱਖਦਾ ਹੈ ਜਿਸ ਵਿਚ 'ਗੁਰਪ੍ਰੀਤ ਮਾਨਸਾ' ਇਸ ਸ਼੍ਰੇਣੀ ਦੀ ਕਵਿਤਾ ਵਿਚ ਨਿਵੇਕਲਾ ਹਸਤਾਖ਼ਰ ਹੈ। ਭਾਵੇਂ ਉਸਨੇ ਨਿਰੋਲ ਰੂਪ ਵਿਚ ਹਾਇਕੂ ਤਾਂ ਘੱਟ ਲਿਖੇ ਹਨ ਪਰ ਉਸਦੀ ਕਵਿਤਾ ਵਿਚ ਹਾਇਕੂ ਸੰਵੇਦਨਾ ਦੇ ਲੱਛਣ ਜ਼ਰੂਰ ਦੇਖਣ ਨੂੰ ਮਿਲਦੇ ਹਨ। ਉਹ ਹੁਣ ਤੱਕ ਚਾਰ ਕਾਵਿ-ਸੰਗ੍ਰਹਿ (ਸ਼ਬਦਾਂ ਦੀ ਮਰਜ਼ੀ-1996, ਅਕਾਰਨ -2001, ਸਿਆਹੀ ਘੁਲੀ ਹੈ - 2011, ਓਕ-2016) ਪੰਜਾਬੀ ਸਾਹਿਤ ਦੀ ਝੋਲੀ ਪਾ ਚੁੱਕਾ ਹੈ ਜਦੋਂ ਕਿ ਸੰਨ 2001 ਵਿਚ ਉਹ ਆਪਣੀ ਪੁਸਤਕ 'ਰਾਹਕ' ਨਾਲ ਮੁੜ ਪੰਜਾਬੀ ਕਵਿਤਾ ਦੇ ਘੇਰੇ ਵਿਚ ਆਪਣੀ ਹਾਜ਼ਰੀ ਲਗਵਾਉਂਦਾ ਹੈ। ਹੱਥਲਾ ਖੋਜ-ਪੱਤਰ ਉਸਦੀ ਪੁਸਤਕ 'ਰਾਹਕ' 'ਤੇ ਕੇਂਦਰਿਤ ਹੈ ਜਿਸ ਵਿਚੋਂ ਉਸਦੀ ਕਵਿਤਾ ਦੇ ਹਵਾਲੇ ਨਾਲ ਹਾਇਕੂ ਸੰਵੇਦਨਾ ਨੂੰ ਫੜ੍ਹਨ ਦੀ ਕੋਸ਼ਿਸ਼ ਕੀਤੀ ਗਈ ਹੈ। ਗੁਰਪ੍ਰੀਤ ਕੋਲ ਅਸਲ ਵਿਚ ਉਹ ਕਾਵਿ-ਦ੍ਰਿਸ਼ਟੀ ਹੈ ਜੋ ਕਵਿਤਾ ਨੂੰ ਕਿਸੇ ਖਾਸ ਨਸ਼ੱਤਰੀ ਨਹੀਂ ਟੋਲਦੀ ਸਗੋਂ ਉਹ ਤਾਂ ਥਾਂ-ਥਾਂ ਹਰ ਜਗ੍ਹਾ ਫੈਲੀ ਕਵਿਤਾ ਵਿਚਲੇ ਸੁਹਜ ਨੂੰ ਫੜ੍ਹਨ ਜਾਣਦਾ ਹੈ। ਇਸ ਬਾਰੇ ਉਸਦਾ ਸਵੈ-ਕਥਨ ਹੈ ਕਿ "ਘਰ ਦੀਆਂ ਨਿੱਕੀਆਂ-ਨਿੱਕੀਆਂ ਚੀਜ਼ਾਂ ਨਾਲ ਹੀ ਮੈਂ ਪਰਚ ਜਾਂਦਾ

ਹਾਂ। ਇਹਨਾਂ ਨਾਲ ਹੀ ਜਿਉਂਦਾ ਹਾਂ। ਖੁਸ਼ ਹੁੰਦਾ ਹਾਂ। ਉਦਾਸ ਹੁੰਦਾ ਹਾਂ।"3 ਅਸਲ ਵਿਚ ਇਹੀ ਹਾਇਕੂ ਸੰਵੇਦਨਾ ਹੈ। ਕਵਿਤਾ ਲਿਖਣ ਬਾਰੇ ਵੀ ਉਸਦੀ ਟਿੱਪਣੀ ਹੈ ਕਿ, " ...ਸਤਰਾਂ ਵਿਚਲੀ ਖਾਲੀ ਥਾਂ ਹੀ ਮੇਰੀ ਧਰਤੀ ਹੈ। ਇੱਥੇ ਹੀ ਮੈਂ ਤੇਹ ਦਾ ਖੂਹ ਪੁੱਟਦਾ ਹਾਂ। ਮੇਰੇ ਦਿਲ ਨੂੰ ਖੋਹ ਪੈਂਦੀ ਹੈ। ਮੇਰਾ ਹਲ਼ ਇੱਥੇ ਹੀ ਚੱਲਦਾ ਹੈ। ਮੈਂ ਇਸੇ ਥਾਂ ਦੇ ਓਹਲ 'ਚ ਹੁੰਦਾ ਹਾਂ। ਇਹੋ ਥਾਂ ਮੈਨੂੰ ਪ੍ਰਗਟਾ ਰਹੀ ਹੁੰਦੀ ਹੈ।4 ਸੋ ਗੁਰਪ੍ਰੀਤ ਲਈ ਕਵਿਤਾ ਲਿਖਣਾ ਕੁਝ ਨਵਾਂ ਸਿਰਜਣਾ ਨਹੀਂ ਸਗੋਂ ਆਪਣੇ-ਆਪ ਦੀ ਮੁਰੰਮਤ ਕਰਨਾ ਹੈ। ਕਵਿਤਾ ਉਸ ਲਈ ਮਨ ਦੀ ਧਰਤੀ ਵਿਚਲੇ ਸਿਆੜਾਂ ਉੱਤੇ ਖਿਆਲਾਂ ਦੀਆਂ ਵੱਟਾਂ ਪਾ ਕੇ ਲਿਖਣ ਬਾਬਤ ਹੈ। ਉਸ ਲਈ ਕਵੀ ਹੋਣ ਨਾਲੋਂ ਪਾਠਕ ਹੋਣਾ ਜ਼ਿਆਦਾ ਜ਼ਰੂਰੀ ਹੈ। ਕਵਿਤਾ ਉਸ ਲਈ ਕੰਮ ਕਰਨ ਦੀ ਥਾਂ ਹੈ, ਭੁੱਖ ਹੈ ਪਿਆਸ ਹੈ ਭਾਵ ਕਵਿਤਾ ਉਸ ਲਈ ਜਿਉਂਦਾ-ਜਾਗਦਾ ਜੀਵਨ ਹੈ –

ਕਵਿਤਾ ਪੜ੍ਹਨਾ ਲਿਖਣਾ
ਖੁਦ ਦੀ ਮੁਰੰਮਤ ਕਰਨਾ
ਮੇਰਾ ਇਹੋ ਨਿੱਤਨੇਮ ਹੈ ।। (ਰਾਹਕ, ਪੰਨਾ-9)

ਗੁਰਪ੍ਰੀਤ ਦੀ ਕਵਿਤਾ ਜ਼ਿੰਦਗੀ ਨੂੰ ਹਰ-ਦਮ ਖਿੜੇ-ਮੱਥੇ ਮਿਲਦੀ ਹੈ, ਸਵੀਕਾਰਦੀ ਹੈ, ਉਸ ਨਾਲ ਕਿਸੇ-ਕਿਸਮ ਦਾ ਗਿਲ੍ਹਾ-ਸ਼ਿਕਵਾ ਨਹੀਂ ਕਰਦੀ ਕਿਉਂਕਿ ਹਾਇਕੂ ਸੰਵੇਦਨਾ ਵਿਚ ਵੀ ਜ਼ਿੰਦਗੀ ਜਿਉਣ ਦੀ ਸ਼ੈਅ ਹੈ ਨਾ ਕਿ ਪਦਾਰਥ 'ਕੱਠੇ ਕਰਨ ਦੀ। ਇਹ ਨਿਰੰਤਰ ਤੁਰੇ-ਜਾਣ ਦੀ ਕਵਿਤਾ ਹੈ। ਲੰਘ ਗਏ ਸਮੇਂ ਵਿਚ ਬੀਤ ਚੁੱਕੀਆਂ ਭੂਤਵਰਤੀ ਯਾਦਾਂ, ਰਿਸ਼ਤਿਆਂ, ਅਹੁਦਿਆਂ ਦਾ ਹੇਰਵਾ ਜਾਂ ਉਹਨਾਂ ਬਾਬਤ ਝੂਰਨ ਦੀ ਥਾਂ ਹੁਣ ਦੇ ਸਮੇਂ ਨੂੰ ਜਿਉਣਾ ਹੀ ਜ਼ਿੰਦਗੀ ਪ੍ਰਤੀ ਸਾਰਥਕ ਰਵੱਈਆਂ ਹੈ ਕਿਉਂਕਿ –

ਜ਼ਿੰਦਗੀ
ਅੱਥਰ ਨੇ
ਅਕਾਸ਼ ਦੀਆਂ ਅੱਖਾਂ 'ਚੋਂ ਵਹਿੰਦੇ
ਧਰਤੀ ਨੇ ਆਪਣੇ ਬੁੱਕ 'ਚ ਸਾਂਭੇ ।। (ਰਾਹਕ, ਪੰਨਾ-57)

ਨਵੀਂ ਸ਼ੁਰੂਆਤ
ਕਿਤੋਂ ਵੀ ਕੀਤੀ ਜਾ ਸਕਦੀ ਹੈ
ਤੇ ਕਦੋਂ ਵੀ ... (ਰਾਹਕ, ਪੰਨਾ-22)

ਨਿੱਕੀਆਂ, ਕੋਝੀਆਂ ਤੇ ਬੇਲੋੜੀਆਂ ਚੀਜ਼ਾਂ/ਵਸਤਾਂ ਵਿਚਲੇ ਸੁਹਜ ਨੂੰ ਪੇਸ਼ ਕਰਨਾ ਵੀ ਹਾਇਕੂ ਸੰਵੇਦਨਾ ਵਿਚਲਾ ਅਹਿਮ ਨੁਕਤਾ ਹੈ। ਇਹ ਵਰਤਾਰੇ ਬੰਦੇ ਨੂੰ ਨਿਰਸੁਆਰਥ ਭਾਵਨਾ ਨਾਲ ਚੀਜ਼ਾਂ ਨੂੰ ਦੇਖਣਾ ਸਿਖਾਉਂਦੇ ਹਨ। ਇਹ ਸੰਵੇਦਨਾ ਸਾਨੂੰ ਇਹ ਵੀ ਦੱਸਦੀ ਹੈ ਕਿ ਸੁੰਦਰਤਾ ਤਰਾਸ਼ੀ ਨਹੀਂ ਜਾਂਦੀ ਸਗੋਂ ਤਰਾਸ਼ਣ ਤੋਂ ਪਹਿਲਾਂ ਵੀ ਉਸ ਵਿਚ ਸੁੰਦਰਤਾ ਸਮਾਈ ਹੁੰਦੀ ਹੈ, ਮਸਲਾ ਤਾਂ ਉਸਨੂੰ ਦੇਖਣ ਦਾ ਹੈ ਜਾਂ ਬੰਦੇ ਦੀ ਦੇਖਣ ਦ੍ਰਿਸ਼ਟੀ ਦਾ ਕਿਉਂਕਿ ਮਨੁੱਖੀ ਸੁਆਰਥ ਤੋਂ ਬੇਲਾਗ, ਹਰ ਚੀਜ਼ ਸੋਹਣੀ ਹੈ। ਪਰ ਬੰਦੇ ਨੂੰ ਇਹ ਜਾਪਦਾ ਹੈ ਕਿ ਉਸਦੇ ਤਰਾਸ਼ਣ ਨਾਲ ਉਸ ਵਿਚ ਸੁਹਜ ਪੈਦਾ ਹੋਇਆ ਹੈ। ਅਸਲ ਗੱਲ ਤਾਂ ਇਹ ਹੈ ਕਿ ਕੁਦਰਤ ਦੇ ਹਰ ਵਰਤਾਰੇ ਵਿਚ ਪਹਿਲਾਂ ਹੀ ਸੁਹਜ ਸਮਾਇਆ ਹੈ ਪਰ ਮਨੁੱਖੀ ਅੱਖ ਨੂੰ ਕੇਵਲ ਉਹਨਾਂ ਵਸਤਾਂ-ਵਰਤਾਰਿਆਂ ਵਿਚ ਹੀ ਸੁਹਜ ਨਜ਼ਰ ਆਉਂਦਾ ਹੈ ਜਿਸ ਵਿਚ ਉਸਦਾ ਆਪਣਾ ਸੁਆਰਥ ਲੁਕਿਆ ਹੁੰਦਾ ਹੈ। ਦੂਜੀ ਗੱਲ ਅਸੀਂ ਸਹਿਜ-ਸੁਭਾਅ ਸੁਹਜ ਦੇਖਣ ਦੇ ਆਦੀ ਹੀ ਨਹੀਂ। ਸਾਨੂੰ ਤਾਂ ਉਨਾਂ ਕੁ ਦਿਖਦਾ ਹੈ ਜਿੰਨਾਂ ਸਾਡੀ ਅੱਖ ਦੇਖਦੀ ਹੈ ਤੇ ਸਾਡੀ ਅੱਖ ਉਨਾਂ ਕੁ ਦੇਖਦੀ ਹੈ ਜਿੰਨਾਂ ਕੁ ਸਾਡਾ ਉਸ ਵਰਤਾਰੇ ਨਾਲ ਸਵਾਰਥ ਜੁੜਿਆ ਹੁੰਦਾ ਹੈ। ਨਵਤੇਜ ਭਾਰਤੀ ਹੋਰਾਂ ਦੇ ਕਥਨ ਅਨੁਸਾਰ ਸਾਨੂੰ ਤਾਂ ਸਾਡੀ ਬਾਰੀ ਦੇ ਬਾਹਰ ਖੜ੍ਹਾ ਦਰਖ਼ਤ ਵੀ ਉਨੀ ਦੇਰ ਨਹੀਂ ਦਿਸਦਾ ਜਿੰਨੀ ਦੇਰ ਉਸ 'ਤੇ ਬਿਜਲੀ ਨਾ ਡਿੱਗ ਜਾਵੇ ਕਿਉਂਕਿ ਅਸੀਂ ਹਾਦਸੇ ਦੇਖਣ ਦੇ ਆਦੀ ਹੋ ਗਏ ਹਾਂ। ਇਸ ਨੁਕਤੇ ਸਬੰਧੀ ਗੁਰਪ੍ਰੀਤ ਦੀ ਹੇਠਲੀ ਕਵਿਤਾ ਦੇਖਣਯੋਗ ਹੈ –

ਪਾਰਕ ਦੇ ਚੜ੍ਹਦੇ ਪਾਸੇ
ਇਸ ਕੋਨੇ 'ਚ
ਕਿਸ ਨੇ ਲਿਆ ਕੇ ਰੱਖਿਆ ਹੋਏਗਾ
ਇਹ ਪੱਥਰ ?
ਉਹ ਲੁਕਣ-ਮੀਟੀ ਖੇਡਦੇ
ਇਹਦੇ ਪਿੱਛੇ ਲੁਕ ਜਾਂਦੇ
ਹਵਾ ਨਾਲ ਉੱਡਦੇ ਪੱਤੇ ਖੜ੍ਹ-ਖੜ੍ਹ ਕਰਦੇ
ਇਹਦੇ ਦਰ ਆ ਅਰਾਮ ਨਾਲ ਟਿਕ ਜਾਂਦੇ
ਕਿੰਨੇ ਹੀ ਕੀਟ-ਪਤੰਗੇ
ਇਹਦੇ ਇਰਦ-ਗਿਰਦ ਸਾਹ ਲੈਂਦੇ ...
ਸ਼ੁਕਰ ਹੈ !
ਇਸ ਪੱਥਰ ਨੂੰ ਅਜੇ ਤਾਈਂ
ਕਿਸੇ ਨੇ ਘੜ੍ਹਿਆ ਨਹੀਂ । (ਰਾਹਕ, ਪੰਨਾ-18)

ਹਾਇਕੂ ਕਵੀ ਜੌਨ ਬਰੈਂਡੀ ਅਨੁਸਾਰ ਹਾਇਕੂ ਦੀ ਸਿਰਜਣਾ ਲੇਖਕ ਤੋਂ ਇਹ ਆਸ ਕਰਦੀ ਹੈ ਕਿ ਉਹ ਧੀਰਜ ਨਾਲ ਵਿਚਰੇ, ਨਿਮਾਣਾ ਬਣੇ, ਨਿਮਰ ਹੋ ਜਾਵੇ, ਇੰਨਾ ਨਿਮਰ ਕਿ ਤੁੱਛ ਤੋਂ ਤੁੱਛ ਜੀਵ ਨਾਲ ਵੀ ਸੰਵਾਦ ਕਰੇ। ਉਸ ਲਈ ਕੰਧ ਦੀ ਦਰਾੜ 'ਚੋਂ ਆਉਂਦੀ ਬੀਂਡੇ ਦੀ ਘਰੜ-ਘਰੜ ਜਾਂ ਭਾਰੀ ਵਰਖਾ ਪਿੱਛੋਂ ਦਰੜੇ ਹੋਏ ਸਦਾਬਹਾਰ ਬੂਟੇ ਦੀ ਮਹਿਕ ਦਾ ਆਨੰਦ ਅਤੇ ਸੁਹਜ, ਫੁੱਲਾਂ, ਚਿੜੀਆਂ ਅਤੇ ਤਿਤਲੀਆਂ ਦੀ ਸੁੰਦਰਤਾ ਜਿੰਨੀ ਹੀ ਅਹਿਮੀਅਤ ਰੱਖਦਾ ਹੈ। ਉਸ ਲਈ ਸਹਿਜਤਾ, ਸੁਹਜ ਅਤੇ ਸੰਵੇਦਨਾ ਇਕੋ ਹੀ ਸੂਖ਼ਮ ਵਰਤਾਰੇ ਦੇ ਨਾਮ ਹਨ। ਉਹ ਜਿੱਧਰ ਵੀ ਵੇਖਦਾ ਹੈ, ਸਮੁੱਚਾ ਵਰਤ-ਵਰਤਾਰਾ ਹੀ ਜੀਵੰਤ ਹੋ ਉੱਠਦਾ ਹੈ। 'ਉਹ ਕੁਦਰਤ ਵਿਚੋਂ ਬੋਲਦਾ ਹੈ ਤੇ ਕੁਦਰਤ ਉਸ ਵਿਚੋਂ ਬੋਲਣ ਲੱਗਦੀ ਹੈ। ... ਇੰਜ ਲੱਗਣ ਲੱਗਦਾ ਹੈ ਜਿਵੇਂ ਕੁਦਰਤ ਦਾ ਹਰ ਕਣ ਉਸ

ਵਿਚੋਂ ਰੂਪਾਂਤਰਣ ਹੋ ਕੇ ਮਨੁੱਖੀ ਬੋਲੀ ਦੇ ਸੈਆਂ ਰੰਗਾਂ 'ਚ ਬਦਲ ਕੇ ਨਵੇਂ ਰੂਪ ਤੇ ਆਕਾਰ ਧਾਰਣ ਕਰ ਰਿਹਾ ਹੋਵੇ।'5 ਗੱਲ ਤਾਂ ਸਾਰੀ ਚੀਜ਼ਾਂ ਜਾਂ ਵਰਤਾਰਿਆਂ ਨੂੰ ਦੇਖਣ-ਦ੍ਰਿਸ਼ਟੀ ਦੀ ਹੋ ਰਹੀ ਹੈ -

ਇਹ ਸੂਖ਼ਮ ਵਰਤਾਰੇ ਨੂੰ ਦੇਖਣ ਦੀ ਦ੍ਰਿਸ਼ਟੀ ਹੈ ਜੋ ਇਸਦੇ ਅਰਥਾਂ ਨੂੰ ਬਿਲਕੁਲ ਨਵੀਨਤਾ ਪ੍ਰਦਾਨ ਕਰਦੀ ਹੈ ਜਿਸਦੇ ਅੰਤਰਗਤ ਕਣਕ ਦੇ ਦਾਣੇ ਉੱਪਰ ਪਈ ਲੀਕ, ਸਿਆੜਾਂ ਵਿਚ ਕੱਢੀਆਂ ਵੱਟਾਂ ਦਾ ਬਿੰਬ ਪੇਸ਼ ਕਰਦੀ ਸੁਹਜ-ਸੰਚਾਰ ਕਰਦੀ ਹੈ। ਇਹ ਵੱਡੇ ਵਰਤਾਰੇ ਦੀ ਥਾਂ ਨਿੱਕੇ ਵਰਤਾਰਿਆਂ ਵੱਲ ਪਰਤਣ ਵੱਲ ਇਸ਼ਾਰਾ ਹੈ। ਹਾਇਕੂ ਸੰਵੇਦਨਾ ਦਾ ਇਕ ਪੱਖ ਇਹ ਵੀ ਹੈ ਕਿ ਇਹ ਤਰਤੀਬਬੱਧ ਕੀਤੇ ਵਸਤ-ਵਰਤਾਰੇ ਦੀ ਥਾਂ ਉੱਘੜ-ਦੁੱਘੜ ਵਿਚੋਂ ਸੁਹਜ ਤਲਾਸ਼ਦੀ ਹੈ। ਕਿਉਂਕਿ ਤਰਤੀਬਬੱਧਤਾ ਪਿੱਛੇ ਮਨੁੱਖੀ ਬੌਧਿਕ ਵਰਤਾਰਾ ਕਾਰਜਸ਼ੀਲ ਹੈ ਜਦੋਂ ਕਿ ਖਿੰਡਾਰ ਵਿਚ ਸਹਿਜ ਅਨੁਭੂਤੀ ਦਾ ਵਾਸ ਹੈ। ਰਾਹਕ ਪੁਸਤਕ ਵਿਚ ਅਜਿਹੇ ਹਵਾਲੇ ਸਾਨੂੰ ਕਈ ਥਾਂ ਦੇਖਣ ਨੂੰ ਮਿਲੇ ਹਨ, ਜਿੱਥੇ ਟੁੱਟ-ਭੱਜ ਵਿਚੋਂ ਸੁਹਜ ਨੂੰ ਤਲਾਸ਼ਣ ਦੀ ਦ੍ਰਿਸ਼ਟੀ ਦਿੱਤੀ ਗਈ ਹੈ, ਮਸਲਨ -

ਘਰ ਹਰ ਵੇਲੇ
ਸਜ਼ਿਆ ਸੰਵਰਿਆ ਹੀ ਨਹੀਂ ਹੁੰਦਾ
ਖਿੰਡਿਆ-ਪੁੰਡਿਆ ਵੀ ਹੁੰਦਾ।
(ਰਾਹਕ, ਪੰਨਾ-17)

ਗਲਾਸ ਜੇ ਟੁੱਟੇ ਗੁਲਦਸਤਾ ਹੋ ਜਾਂਦਾ ਹੈ
ਬੁਹਕਰ ਜੇ ਖਿਲਰੇ
ਤਾਂ ਨਚਦੀ ਕੁੜੀ .. (ਰਾਹਕ, ਪੰਨਾ-79)

ਹਾਇਕੂ ਸੰਵੇਦਨਾ ਅਸਲ ਵਿਚ ਕੱਖ-ਕਾਣ ਦੀ ਕਵਿਤਾ ਹੈ ਜੋ ਵੱਡੇ ਵਰਤਾਰਿਆਂ ਤੋਂ ਨਿੱਕੇ ਵਰਤਾਰਿਆ ਵੱਲ ਪਰਤਣ ਦਾ ਸੁਨੇਹਾ ਦਿੰਦੀ ਹੋਈ ਨਿੱਕੇ ਵਰਤਾਰਿਆਂ ਦਾ ਜਸ਼ਨ ਮਨਾਉਂਦੀ ਹੈ। ਇਸ ਵਿਚ ਦਿਮਾਗੀ ਘੁਣਤਰਬਾਜ਼ੀਆਂ ਅਤੇ ਸਵਾਰਥ ਦੀ ਕੋਈ ਥਾਂ ਨਹੀਂ ਹੁੰਦੀ ਸਗੋਂ ਇਸ ਵਿਚ ਬੱਚੇ ਦੇ ਸੁਭਾਅ ਵਰਗੀ ਸਾਦਗੀ ਅਤੇ ਇਸਦੀ ਤਹਿ ਥੱਲੇ ਲੁਕੇ ਅਰਥਾਂ ਵਿਚ ਚੁੱਪ ਜਾਂ ਧਿਆਨ ਦੀ ਬੜੀ ਵੱਡੀ ਪਰੰਪਰਾ ਸਮਾਈ ਹੁੰਦੀ ਹੈ, ਮਸਲਨ -

ਪ੍ਰਾਰਥਨਾ'ਚ ਖੜ੍ਹਾ ਜੋ ਹੱਥ ਜੋੜੀ
ਉਹ ਕੋਈ ਹੋਰ ਹੈ
ਮੈਂ ਤਾਂ ਪਤੰਗ ਉਡਾਉਂਦੇ ਬੱਚੇ ਦੀ
ਡੋਰ ਵਾਲੀ ਚਰਖੜੀ ਫੜੀ ਖੜ੍ਹਾ ਹਾਂ ।। (ਰਾਹਕ, ਪੰਨਾ-77)

ਸਾਰੰਗੀ ਵਜਾਉਂਦਾ
ਲੰਘ ਗਿਆ ਬਜ਼ਾਰ 'ਚੋਂ
ਇੱਕ ਬੱਚੇ ਨੇ ਮੁੜ-ਮੁੜ ਤੱਕਿਆ ।।
(ਰਾਹਕ, ਪੰਨਾ-88)

ਉਪਰੋਕਤ ਕਵਿਤਾ ਵਿਚ ਬੱਚੇ ਦਾ ਸਾਰੰਗੀ ਵਾਲੇ ਨੂੰ ਤੱਕਣਾ ਨਿਰਸੁਆਰਥ ਭਾਵਨਾ ਦਾ ਪ੍ਰਗਟਾਅ ਹੈ ਜਦੋਂ ਕਿ ਪੂਰੇ ਬਾਜ਼ਾਰ ਦਾ ਆਪਣੇ ਸੁਆਰਥੀ ਕੰਮਾਂ-ਕਾਰਾਂ ਅਤੇ ਖਰੀਦੋ-ਫਰੋਕਤ ਲਈ ਉਸਨੂੰ ਨਜ਼ਰ-ਅੰਦਾਜ਼ ਕਰਨਾ ਪਦਾਰਥਿਕ ਵਰਤਾਰੇ ਦੇ ਅੰਤਰਗਤ ਹਾਇਕੂ ਦ੍ਰਸ਼ਟੀ ਦਾ ਗੁੰਮ ਜਾਣਾ ਹੈ। ਸੋ ਅਜਿਹੀਆਂ ਕਵਿਤਾਵਾਂ ਵਿਚਲੇ ਇਹ ਵਰਤਾਰੇ ਦੇਖਣ ਨੂੰ ਮਹਿਜ਼ ਆਮ ਜਿਹੇ ਜਾਪਦੇ ਹਨ ਪਰ ਜੇਕਰ ਇਹਨਾਂ ਨੂੰ ਹਾਇਕੂ ਨੀਝ ਨਾਲ ਦੇਖਿਆ ਜਾਵੇ ਤਾਂ ਇਹਨਾਂ ਵਰਤਾਰਿਆਂ ਵਿਚਲਾ ਅਸਲ ਸੁਹਜ ਫੜ੍ਹਿਆ ਜਾ ਸਕਦਾ ਹੈ। ਅਜਿਹਾ ਕਰਨ ਨਾਲ ਬੰਦੇ ਲਈ ਦੁਨੀਆਂ ਹੋਰ ਸੋਹਣੀ ਤੇ ਹੋਰ ਸੁਹਜਮਈ ਹੋ ਜਾਵੇਗੀ। ਉਪਰੋਕਤ ਵਿਚਾਰ-ਚਰਚਾ ਦੇ ਆਧਾਰ 'ਤੇ ਇਹ ਸਹਿਜੇ ਹੀ ਕਿਹਾ ਜਾ ਸਕਦਾ ਹੈ ਕਿ ਜੇਕਰ ਬੰਦੇ ਦੇ ਮਸਤਕ ਵਿਚ ਹਾਇਕੂ ਸੁਰਤ ਪੈਦਾ ਹੋ ਜਾਵੇ ਤਾਂ ਸੱਚਮੁੱਚ ਹੀ ਇਸ ਜਹਾਨ ਵਿਚ ਕਿਸੇ ਦਾ ਜ਼ਿੰਦਗੀ ਪ੍ਰਤਿ ਕੋਈ ਸ਼ਿਕਵਾ-ਸ਼ਿਕਾਇਤ ਨਹੀਂ ਰਹੇਗਾ। ਨਿਰਸੰਦੇਹ ਦੁਨੀਆਂ ਬਹੁਤ ਖ਼ੂਬਸੂਰਤ ਹੋ ਜਾਵੇਗੀ ਜੇਕਰ ਮਨੁੱਖ ਅੰਦਰ ਹੇਠਲੀ ਸੁਰਤ ਪੈਦਾ ਹੋ ਜਾਵੇ ਕਿ -

ਜੇ ਕੋਈ ਪੁੱਛੇ ਮੈਨੂੰ
ਸਭ ਤੋਂ ਸੁਹਣੀ ਆਵਾਜ਼
ਕਿਹੜੀ ਲਗਦੀ ਹੈ ਤੈਨੂੰ ?
ਤਾਂ ਆਖਾਂ ਕਿਤਾਬ ਦੇ ਪੰਨੇ
ਪਰਤਣ ਦੀ ਆਵਾਜ਼ ।।(ਰਾਹਕ, ਪੰਨਾ-61)

**ਹਵਾਲੇ ਅਤੇ ਟਿੱਪਣੀਆਂ**


1. Puran Singh, The Spirit of Oriental Poetry, Publication Bureau, Punjabi University Patiala, 1969, Page. 34-41

2. Lee Gurga, Haiku : A poet's Guide, Modern Haiku Press, U.S.A, 2003, page no. 2

- Haiku society of America, "Haiku : A poem recording the essence of a moment keenly perceived, in which nature is linked to human nature.Usually a haiku in English is written in three unrhymed linnes of seventeen or fewer syllables.


3. ਗੁਰਪ੍ਰੀਤ, ਰਾਹਕ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2021, ਪੰਨਾ-9


4. ਉਹੀ

5. ਪਰਮਿੰਦਰ ਸੋਢੀ, ਜਾਪਾਨੀ ਹਾਇਕੂ ਸ਼ਾਇਰੀ, ਰਵੀ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ, 2001, ਪੰਨਾ-1



**ਅਸਿਸਟੈਂਟ ਪ੍ਰੋਫ਼ੈਸਰ ਅਤੇ ਮੁਖੀ,**
**ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ,**
**ਇਟਰਨਲ ਯੂਨੀਵਰਸਿਟੀ, ਬੜੂ ਸਾਹਿਬ**
**ਹਿਮਾਚਲ ਪ੍ਰਦੇਸ਼।**



ਚਰਨ ਸਿੰਘ

ਪੰਜਾਬੀ ਵਿੱਚ 68 ਕਾਵਿ-ਪੁਸਤਕਾਂ ਅਤੇ 10 ਅਲੋਚਨਾ-ਪੁਸਤਕਾਂ ਦੇ ਸਿਰਜਕ ਕੈਨੇਡਾ
ਵਿੱਚ ਵੱਸਦੇ ਸ਼ਾਇਰ ਚਰਨ ਸਿੰਘ ਦੀਆਂ ਕਵਿਤਾਵਾਂ ਦਾ ਹਿੰਦੀ ਅਨੁਵਾਦ



ਅਮਰਜੀਤ ਕੌਂਕੇ

# ਵਿਪਰੀਤ


## ਲੇਖਕ : ਚਰਨ ਸਿੰਘ


## ਹਿੰਦੀ ਅਨੁਵਾਦ : ਅਮਰਜੀਤ ਕੌਂਕੇ


ਪ੍ਰਕਾਸ਼ਕ
ਐਵਿਸ ਪਬਲੀਕੇਸ਼ਜ਼ਨ, ਦਿੱਲੀ
01762-652999, 98732-37223

RNI NO. PUNPUN / 2006 / 16230 Jan.-March 2022 ISSN: 2277-9930


# ਪ੍ਰਤੀਕ ਪਬਲੀਕੇਸ਼ਨਜ਼ ਦੀਆਂ ਨਵ-ਪ੍ਰਕਾਸ਼ਿਤ ਪੁਸਤਕਾਂ





































ਪ੍ਰਕਾਸ਼ਨ ਦੀ ਦੁਨੀਆਂ ਵਿੱਚ ਭਰੋਸੇਯੋਗ ਨਾਮ

ਪ੍ਰਤੀਕ ਪਬਲੀਕੇਸ਼ਨਜ਼, ਪਟਿਆਲਾ

ਸੰਪਰਕ: 98773-58869, 97810-33133

PARTEEK PUBLICATIONS